# ਵਰਿਆਮ

੩੨ਵਾਂ ਸਾਲ

ਅਗਸਤ, ੨੦੦੭



ਪਿਛਲੇ ਦਿਨੀਂ ਪ੍ਰਸਿੱਧ ਸੰਗੀਤਕਾਰ ਉਸਤਾਦ ਲਛਮਣ ਸਿੰਘ ਸੀਨ ਦੀ ਅਗਵਾਈ ਵਿਚ ਭਾਰਤੀ ਅਤੇ ਪਾਕਿਸਤਾਨੀ ਸੰਗੀਤਕਾਰਾਂ ਦਾ ਇਕ ਗਰੁੱਪ ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਨੂੰ ਆਇਆ। ਇਸ ਅਵਸਰ ਦੀਆਂ ਤਸਵੀਰਾਂ



ਸ੍ਰੀ ਸਤਿਗੁਰੂ ਜੀ ਤੋਂ ਸਨਮਾਨ ਪ੍ਰਾਪਤ ਕਰਦੇ ਹੋਏ ਉਸਤਾਦ ਲਛਮਣ ਸਿੰਘ ਸੀਨ। ਨਾਲ ਹਨ ਸੰਤ ਰਛਪਾਲ ਸਿੰਘ ਹਜ਼ੂਰੀ ਸੇਵਕ।



ਲਾਹੌਰ ਤੋਂ ਕੱਥਕ ਕਲਾਕਾਰ, ਪੰਡਿਤ ਬਿਰਜੂ ਮਹਾਰਾਜ ਦੀ ਸ਼ਾਗਿਰਦ ਬੇਗਮ ਨਾਹਿਦ ਸਦੀਕੀ ਸਨਮਾਨ ਪ੍ਰਾਪਤ ਕਰਦੇ ਹੋਏ।



ਸ੍ਰੀ ਭੈਣੀ ਸਾਹਿਬ ਦੇ ਪ੍ਰਮੁੱਖ ਸੰਗੀਤਕਾਰਾਂ ਸੰਗ ਉਸਤਾਦ ਲਛਮਣ ਸਿੰਘ ਸੀਨ, ਬੇਗਮ ਨਾਹਿਦ ਸਦੀਕੀ, ਤਬਲਾ ਕਲਾਕਾਰ ਹਸਨ ਮਹੀਉਦੀਨ, ਸ੍ਰੀਮਤੀ ਗਿਰਜਾ ਦੇਵੀ ਦੀ ਪ੍ਰਮੁੱਖ ਸ਼ਿਸ ਸੁਨੰਦਾ ਸ਼ਰਮਾ ਅਤੇ ਉਹਨਾਂ ਦੀ ਸ਼ਾਗਿਰਦ ਪ੍ਰਿਆ ਪ੍ਰਕਾਸ਼, ਤਬਲਾ ਕਲਕਾਰ ਕ੍ਰਿਸ਼ਨ ਕੁਮਾਰ ਅਤੇ ਦੂਰਦਰਸ਼ਨ ਜਲੰਧਰ ਦੇ ਪ੍ਰੋਡੀਊਸਰ ਓ.ਪੀ. ਸਾਰੰਗਲ।

Namdhari Elibrary NamdhariElibrary@gmail.com

# ਵਰਿਆਮ

ਅਗਸਤ-੨੦੦੭
ਜਿਲਦ-੩੨
ਅੰਕ- ੧੦

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

| ਦਫਤਰ ਦਾ ਪਤਾ: | Office Address : |
| --- | --- |
| ਮਾਸਿਕ ਵਰਿਆਮ | Monthly WABIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |

**ਵਰਿਆਮ ਦੇ ਦਰ**

| | |
| --- | --- |
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿੱਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਸੰਪਾਦਕੀ ---------- ੨
ਭੁੱਲਾ ਕੀ ਜਾਨਾ ਮੈਂ ਕੌਣ ?
—ਗੁਰਬਚਨ ਸਿੰਘ ਨਾਮਧਾਰੀ ---------- ੫
ਗੀਤਾਂ ਦੀ ਗੰਢ —ਦਲਬੀਰ ਸਿੰਘ 'ਤਰਸ' ---------- ੭
ਪੰਜਾਬ ਦੀ ਅਜ਼ਾਦੀ ਦੀ ਪਹਿਲੀ ਜੰਗ
—ਡਾ. ਕਿਰਪਾਲ ਸਿੰਘ ---------- ੯
ਸਾਗਰ ਨੂੰ ਚੀਰਨ ਵਾਲਾ—ਭਾਈ ਮੀਹਾਂ
ਸਿੰਘ ਸਿਰਹਾਲੀ ਝ—ਸੁਵਰਨ ਸਿੰਘ ਵਿਰਕ ---------- ੧੧
"ਮੇਰੀ ਪਹਿਲੀ ਪਾਕਿਸਤਾਨ ਯਾਤਰਾ"
—(ਮਾਸਟਰ) ਅਮਰੀਕ ਸਿੰਘ ---------- ੨੧
ਚੋਣਵੇਂ ਪੰਜਾਬੀ ਸ਼ਿਅਰ — ਚਰਨ ਸੀਚੇਵਾਲਵੀ ---------- ੨੫
ਸਾਰੀ ਧਰਤੀ ਮੇਰੀ —ਗੁਰਭਜਨ ਗਿੱਲ ---------- ੨੬
ਖਤਰੇ ਦੇ ਵਿਚ ਗਊ ਤੇ ਗਰੀਬ ਸੀ —ਸੰਤ ਸੰਧੂ ---------- ੨੭
ਮਨ ਦਾ ਬੂਹਾ —ਸੁਰਿੰਦਰ ਰਾਮਪੁਰੀ ---------- ੨੭
ਮਨ ਦੀ ਗੰਗਾ —ਸੁਰਿੰਦਰ ਰਾਮਪੁਰੀ ---------- ੨੭
ਗ਼ਜ਼ਲ —ਸਿਰੀ ਰਾਮ 'ਅਰਸ਼' ---------- ੨੮
ਆਪਣੀ ਸੋਚ ਆਪਣਾ ਨਜ਼ਰੀਆ
—ਨੀਲਮ ਸੰਜੀਵ ---------- ੨੮
ਗ਼ਜ਼ਲ —ਅਜੈਬ ਸਿੰਘ ---------- ੨੮
ਗੀਤ —ਪ੍ਰੋ. ਕੁਲਵੰਤ ਜਗਰਾਉਂ ---------- ੨੮
ਪੁਸਤਕ-ਪਾਠਕ ਯੋਗ ਵਿਧਾ
—ਕਰਤਾਰ ਸਿੰਘ ਨੀਲਧਾਰੀ ---------- ੨੯
ਗੁਰਮਤਿ ਸੰਗੀਤ ਤੇ ਸ਼ਾਸਤਰੀ ਸੰਗੀਤ ਵਿਚ
ਸਿੱਖ-ਸਾਰੰਗੀ ਵਾਦਨ — ਡਾ. ਗੁਰਦਿੱਤ ਸਿੰਘ ---------- ੩੧
ਸੰਗੀਤ ਵਿਚ ਨਿਬੱਧ ਅਤੇ ਅਨਿਬੱਧ ਦੀ
ਕਲਪਨਾ ਅਤੇ ਸਿਰਜਣਾਤਮਕਤਾ —ਨੀਰਜ ---------- ੩੩
ਉੱਡਨ-ਖਟੋਲੇ ਦਾ ਸਫ਼ਰ —ਬਲਦੇਵ ਮਾਧੋਪੁਰੀ ---------- ੩੭
ਕੁੱਖ 'ਚ ਪਈ ਧੀ ਦਾ ਤਰਲਾ —ਪਵਨ ਧੌਲਾ ---------- ੪੦
ਨਾਮਧਾਰੀ ਅਮਰੀਕ ਸਿੰਘ ---------- ੪੧
ਸੰਤ ਹਰੀ ਸਿੰਘ ਭੰਗਲ ---------- ੪੩
ਖ਼ਬਰਨਾਮਾ ---------- ੪੪
ਪ੍ਰਤੀਕਿਰਿਆ ---------- ੪੫



Namdhari Elibrary NamdhariElibrary@gmail.com

# ਪ੍ਰਤਿਭਾ ਪਾਟਿਲ

ਭਾਰਤ ਦੇ ਤੇਰਵੇਂ ਰਾਸ਼ਟਰਪਤੀ ਵਜੋਂ ਸ੍ਰੀਮਤੀ ਪ੍ਰਤਿਭਾ ਤਾਈ ਪਾਟਿਲ ਨੇ ਸਹੁੰ ਚੁੱਕ ਲਈ ਹੈ। ਪ੍ਰਤਿਭਾ ਪਾਟਿਲ ਦੇ ਰੂਪ ਵਿਚ ਭਾਰਤ ਵਿਚ ਪਹਿਲੀ ਵਾਰ ਕੋਈ ਔਰਤ ਦੇਸ਼ ਦੇ ਸਭ ਤੋਂ ਉਚੇ ਸੰਵਿਧਾਨਕ ਅਹੁਦੇ (ਸਿੰਘਾਸਣ) ਤੇ ਬਿਰਾਜਮਾਨ ਹੋਈ ਹੈ।

ਕਾਂਗਰਸ ਪਾਰਟੀ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਦੀ ਅਗਵਾਈ ਵਿਚ ਕਮਿਊਨਿਸਟ ਪਾਰਟੀਆਂ ਦੇ ਸਹਿਯੋਗ ਨਾਲ ਸ੍ਰੀਮਤੀ ਪਾਟਿਲ ਨੇ ਬਹੁਤ ਭਾਰੀ ਬਹੁਮਤ ਪ੍ਰਾਪਤ ਕੀਤਾ ਹੈ। ਇਸ ਦਾ ਕਾਰਨ ਹੈ ਯੂ.ਪੀ. ਏ ਕਮਿਊਨਸਟ ਗਰੁਪ ਦਾ ਮਜਬੂਤੀ ਨਾਲ ਇਕ ਮੁੱਠ ਹੋਣਾ। ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲਾ ਗੱਠ ਜੋੜ ਐਨ. ਡੀ.ਏ. ਇਸ ਚੋਣ ਵਿਚ ਕਦੇ ਵੀ ਮਜ਼ਬੂਤ ਪੈਰਾਂ ਤੇ ਖੜਾ ਨਹੀਂ ਦਿਸਿਆ। ਕਦੇ ਤਾਂ ਉਹਨਾਂ ਦਾ ਉਮੀਦਵਾਰ ਉਪ ਰਾਸ਼ਟਰਪਤੀ ਸ੍ਰੀ ਭੈਰੋਂ ਸਿੰਘ ਸ਼ੇਖਾਵਤ ਆਜ਼ਾਦ ਉਮੀਦਵਾਰ ਵਜੋਂ ਖੜਾ ਹੋਇਆ ਅਤੇ ਕਦੇ ਪਿਛਲੇ ਰਾਸ਼ਟਪਰਤੀ ਅਬਦੁਲ ਕਲਾਮ ਨੂੰ ਹੀ ਦੁਬਾਰਾ ਚੁਨਣ ਦੀਆਂ ਬਾਤਾਂ ਵੀ ਗਰਮ ਹੋਈਆਂ। ਇਸੇ ਤਰ੍ਹਾਂ ਸੂਬਿਆਂ ਵਿਚ ਅਸੰਬਲੀਆਂ ਚ ਹਾਰ ਚੁੱਕੇ ਪੁਰਾਣੇ ਲੀਡਰਾਂ ਨੇ ਤੀਜਾ ਮੋਰਚਾ ਬਣਾ ਕੇ ਡਾ. ਕਲਾਮ ਨੂੰ ਅਪਣਾ ਉਮੀਦਵਾਰ ਐਲਾਨ ਦਿੱਤਾ। ਪਹਿਲਾਂ ਤਾਂ ਡਾਕਟਰ ਕਲਾਮ ਸਾਹਿਬ ਵੀ ਚੱਕਰ ਵਿਚ ਆ ਗਏ ਪਰ ਫੇਰ ਉਹਨਾਂ ਦੀ ਪੈਣੀ ਅੱਖ ਨੇ ਸਭ ਕੁਝ ਸਾਫ ਵੇਖ ਲਿਆ ਅਤੇ ਉਹ ਮੁਕਾਬਲੇ ਵਿਚੋਂ ਆਪੇ ਹੀ ਬਾਹਰ ਹੋ ਗਏ। ਇਸ ਤਰ੍ਹਾਂ ਐਨ.ਡੀ.ਏ. ਦੀ ਜਕੋ ਤੱਕੀ ਖ਼ਤਮ ਹੋਈ ਪਰ ਇਸ ਸਾਰੇ ਵਰਤਾਰੇ ਵਿਚ ਉਹਨਾਂ ਨੇ ਕਈ ਆਪਣੇ ਭਰਾਵਾਂ ਵਰਗੇ ਸਹਿਯੋਗੀ ਗਵਾ ਲਏ ਅਤੇ ਤੀਜਾ ਮੋਰਚਾ ਵਾਲੇ ਤਾਂ ਘੜੀ ਦੇ ਪੈਂਡੂਲਮ ਵਾਂਗ ਵਿਚ ਵਿਚਾਲੇ ਹੀ ਲਟਕ ਗਏ। ਸ੍ਰੀਮਤੀ ਸੋਨੀਆ ਗਾਂਧੀ ਦੀ ਯੁੱਧ ਨੀਤੀ ਡਾਹਢੀ ਸਫਲ ਹੋਈ।

ਸ੍ਰੀਮਤੀ ਪਾਟਿਲ ਦੀ ਚੋਣ ਮੁਹਿਮ ਸਮੇਂ ਬਹੁਤ ਕੁਝ ਨੀਵੇਂ ਪੱਧਰ ਦਾ ਪਰਚਾਰ ਲਗਾਤਾਰ ਹੁੰਦਾ ਰਿਹਾ ਹੈ। ਇਵੇਂ ਭਾਰਤ ਵਿਚ ਪਹਿਲੀ ਵਾਰ ਹੋਇਆ ਹੈ। ਮੁਕਾਬਲੇ ਅੱਗੇ ਵੀ ਹੋਏ ਅਤੇ ਇਕ ਅਧੀ ਵਾਰ ਤਾਂ ਬਹੁਤ ਫਸਵੇਂ ਵੀ ਹੋਏ ਪਰ ਇਸ ਕਿਸਮ ਦਾ ਪ੍ਰਾਪੇਗੰਡਾ ਪਹਿਲਾਂ ਕਦੀ ਨਹੀਂ ਹੋਇਆ। ਅਸੀਂ ਸਮਝਦੇ ਹਾਂ ਕਿ ਅਪਣੇ ਸਿਆਸੀ ਵਿਰੋਧੀ ਨੂੰ ਭੰਡਣ ਦਾ ਹੱਕ ਤਾਂ ਇਕ ਆਮ ਜਿਹੀ ਗੱਲ ਹੈ ਪਰ ਇਸ ਮਾਮਲੇ ਵਿਚ ਕੁਝ ਫ਼ਰਕ ਹੈ। ਮਹਾਂ ਮਹਿਮ ਸ੍ਰੀਮਤੀ ਪ੍ਰਤਿਭਾ ਪਾਟਿਲ ਕੋਈ ਗੁਮਨਾਮ ਵਿਅਕਤੀ ਤਾਂ ਹੈ ਨਹੀਂ ਸੀ ਕਿ ਜਿਸ ਬਾਰੇ ਕਿਸੇ ਨੂੰ ਪਤਾ ਨਾ ਹੋਵੇ। ਉਹ ਕਈ ਵਾਰੀ ਇਲੈਕਸ਼ਨ ਲੜੇ ਅਤੇ ਸਦਾ ਹੀ ਜਿੱਤੇ। ਉਹ ਅਸੰਬਲੀ ਮੈਂਬਰ, ਸੂਬਾਈ ਵਜ਼ੀਰ, ਕੇਂਦਰੀ ਵਜ਼ੀਰ, ਰਾਜ ਸਭਾ ਮੈਂਬਰ, ਰਾਜਸਭਾ ਦੇ ਡਿਪਟੀ ਚੇਅਰਪਰਸਨ ਵੀ ਰਹੇ ਅਤੇ ਕੁਲ ਤਕ ਉਹ ਬੀ.ਜੇ.ਪੀ ਦੀ ਸਰਕਾਰ ਵਾਲੇ ਰਾਜਸਥਾਨ ਸੂਬੇ ਦੀ ਗਵਰਨਰ (ਰਾਜਪਾਲ) ਵੀ ਰਹੇ। ਏਸ ਸਾਰੇ ਸਮੇਂ ਵਿਚ ਪ੍ਰਤਿਭਾ ਵਿਰੋਧੀ ਸਜਣ ਮੋਣ ਰਹੇ। ਪਰ ਜਿਉਂ ਹੀ ਉਹਨਾਂ ਦਾ ਨਾਮ ਰਾਸ਼ਟਪਰਤੀ ਵਜੋਂ ਅਗੇ ਆ ਗਿਆ ਤਾਂ ਰੌਲਾ ਪੈ ਗਿਆ। ਕਦੇ ਕੋਈ ਕੇਸ ਕਦੇ ਕੋਈ ਇਲਜ਼ਾਮ। ਕਦੇ ਚੋਣ ਕਮਿਸ਼ਨਰ ਕੋਲ ਸ਼ਕਾਇਤ ਅਤੇ ਕਦੀ ਕੋਰਟ ਕੋਲ ਪਹੁੰਚ।

ਜਿਸ ਕਿਸੇ ਨੇ ਵੀ ਆਪਣੇ ਪੋਤੜੇ ਫੋਲਵਾਉਣੇ ਹੋਣ ਉਹ ਕਿਸੇ ਛੋਟੀ ਤੋਂ ਛੋਟੀ ਇਲੈਕਸ਼ਨ ਵਿਚ ਖਲੋ ਜਾਵੇ। ਸ੍ਰੀਮਤੀ ਪਾਟਿਲ ਤਾਂ ਗਵਰਨਰ ਦੇ ਅਹੁੰਦੇ ਤੱਕ ਪਹੁੰਚੀ ਹੋਈ ਸੀ। ਉਸ ਬਾਰੇ ਤਾਂ ਸਾਰੀ ਮੁਹਿਮ ਰਾਸ਼ਟਰਪਤੀ ਦੇ ਅਹੁੰਦੇ ਵਾਸਤੇ ਉਮੀਦਵਾਰ ਨਾਮਜ਼ਦ ਹੋਣ ਬਾਦ ਸ਼ੁਰੂ ਹੋਈ। ਇਸ ਸਾੜ੍ਹੀ ਵਿਚ ਲਿਪਟੀ ਪਤਲੀ ਜਿਹੀ ਬੀਬੀ ਨੇ ਉੱਝ ਦਰਸਾ ਦਿੱਤਾ ਕਿ ਉਹ ਅੰਦਰੋ ਕਿੰਨੀ ਮਜ਼ਬੂਤ ਹੈ।

ਭਾਰਤ ਦੇ ਰਾਜ ਸਿੰਘਾਸਨ ਤੇ ਕੋਈ ਔਰਤ ਬਿਰਾਜਮਾਨ ਹੋਈ ਹੈ। ਇਹ ਬਹੁਤ ਵੱਡੀ ਗੱਲ ਹੈ। ਇਹ ਪਹਿਲੀ ਵਾਰ ਹੋਇਆ ਹੈ। ਅਜੇ ਤੱਕ ਅਮਰੀਕਾ ਵਰਗੇ ਦੇਸ਼ ਵਿਚ ਵੀ ਅਜਿਹਾ ਨਹੀਂ ਹੋਇਆ। ਕਲ ਨੂੰ ਭਾਵੇਂ ਹੋ ਜਾਏ ਕਿਉਂਕਿ ਉਥੇ ਵੀ ਪ੍ਰੈਜ਼ੀਡੈਂਟ ਦੇ ਸਰਵ ਉਚ ਅਹੁਦੇ ਲਈ ਇਕ ਔਰਤ ਇਸ ਵਾਰ ਚੋਣ ਲੜ ਰਹੀ ਹੈ। ਅਹੁਦਿਆਂ ਵਿਚ ਰਿਜ਼ਰਵੇਸ਼ਨ ਦੇ ਜ਼ਮਾਨੇ ਵਿਚ ਅਜੇ ਤਕ ਪਾਰਲੀਮੈਂਟ ਵਿਚ ਔਰਤਾਂ ਦੇ ਆਰਕਸ਼ਨ ਦਾ ਬਿਲ ਪਾਸ ਨਹੀਂ ਹੋ ਸਕਿਆ ਪਰ ਫੇਰ ਵੀ ਰਾਸ਼ਟਰਪਤੀ ਇਕ ਔਰਤ ਬਣ ਚੁੱਕੀ ਹੈ।



Namdhari Elibrary NamdhariElibrary@gmail.com

ਔਰਤਾਂ ਭਾਵੇਂ ਕਮਾਲ ਕਰ ਰਹੀਆਂ ਹਨ। ਦੇਸ਼ ਦੀ ਪ੍ਰਧਾਨ ਮੰਤਰੀ ਵੀ ਇਕ ਔਰਤ ਰਹਿ ਚੁੱਕੀ ਹੈ। ਕਈ ਸੂਬਿਆਂ ਦੀਆਂ ਮੁੱਖ ਮੰਤਰੀ ਵੀ ਬੀਬੀਆਂ ਰਹਿ ਚੁੱਕੀਆਂ ਹਨ, ਇਕ ਭਾਰਤੀ ਮੂਲ ਦੀ ਔਰਤ ਛੇ ਮਹੀਨੇ ਤੱਕ ਪੁਲਾੜ ਵਿਚ ਸਫਲਤਾ ਸਹਿਤ ਰਹਿਣ ਬਾਦ ਵਾਪਸ ਧਰਤੀ ਦੇ ਪੁੱਜ ਚੁੱਕੀ ਹੈ। ਦੇਸ਼ ਵਿੱਚ ਹੋਣ ਵਾਲੇ ਇਮਤਿਹਾਨਾਂ ਵਿਚ ਕੁੜੀਆਂ ਮੁੰਡਿਆਂ ਤੋਂ ਅਗੇ ਹਨ ਪਰ ਸਮੁੱਚੇ ਤੌਰ ਤੇ ਔਰਤ ਦੀ ਹਾਲਤ ਵਧੀਆ ਹੋਣ ਨੂੰ ਸਮਾਂ ਲਗੇਗਾ। ਅਜੇ ਵੀ "ਨੂੰਹ ਸੌਹਰੇ ਦੇ ਬੱਚੇ ਦੀ ਮਾਂ ਬਣੀ" "ਬਜ਼ੁਰਗ ਔਰਤ ਵੱਲੋਂ ਖੁਦਕਸ਼ੀ" "ਔਰਤ ਵੱਲੋਂ ਬੱਚੇ ਸਮੇਤ ਆਤਮ ਹੱਤਿਆ" ਜਿਹੀਆਂ ਅਨੇਕਾਂ ਖਬਰਾਂ ਅਖਬਾਰਾਂ ਵਿਚ ਛਾਈਆਂ ਹੋਈਆਂ ਹਨ। ਅੱਜ ਜਦੋਂ ੨੫ ਜੁਲਾਈ ਨੂੰ ਵਿਧੀਵਤ ਤੌਰ ਦੇ ਦੇਸ਼ ਦੀ ਵਾਗ ਡੋਰ ਇਕ ਔਰਤ ਸਾਂਭ ਰਹੀ ਹੈ ਤਾਂ ਨਾਬਾਲਗ ਬਚੀਆਂ ਨਾਲ ਬਲਾਤਕਾਰ ਵਰਗੀਆਂ ਘਿਨਾਉਣੀਆਂ ਖਬਰਾਂ ਵੀ ਛਪੀਆਂ ਹਨ। ਬੱਸਾਂ ਰੇਲਾਂ ਵਿਚ ਔਰਤਾਂ ਸੁਰੱਖਿਅਤ ਨਹੀਂ ਹਨ। ਇਥੋਂ ਤੱਕ ਕਿ ਫੌਜ ਵਿਚ ਕੈਪਟਨ ਦੇ ਅਹੁਦੇ ਤਕ ਦੀ ਔਰਤ ਨੇ ਖੁਦਕਸ਼ੀ ਜਿਹਾ ਸਿਰੇ ਦਾ ਕਦਮ ਵੀ ਚੁੱਕਿਆ ਹੈ। ਸੋ ਸਭ ਕੁਝ ਦੇ ਬਾਵਜੂਦ ਔਰਤ ਦੀ ਬੰਦ ਖਲਾਸ ਦਾ ਸਮਾਂ ਅਜੇ ਦੂਰ ਹੈ ਪਰ ਫੇਰ ਵੀ ਇਕ ਔਰਤ ਦੇ ਰਾਸ਼ਟਰਪਤੀ ਬਨਣ ਦੀ ਗੱਲ ਦਾ ਸੁਆਗਤ ਕਰਨਾ ਬਣਦਾ ਹੈ।

## ਰਾਸ਼ਟਰਪਤੀ ਕਿ ਪ੍ਰਧਾਨ

ਜਿਸ ਉਚਤਮ ਅਹੁਦੇ ਨੂੰ ਭਾਰਤ ਵਿਚ ਰਾਸ਼ਟਰਪਤੀ ਕਿਹਾ ਜਾਂਦਾ ਹੈ ਅਮਰੀਕਾ ਵਿਚ ਪ੍ਰੈਜ਼ੀਡੈਂਟ ਅਤੇ ਪਾਕਿਸਤਾਨ ਵਿਚ ਸਦਰ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਹੋਰ ਮੁਲਕਾਂ ਵਿਚ ਵੱਖ-ਵੱਖ ਨਾਂਅ ਹਨ। 'ਰਾਸ਼ਟਰਪਤੀ' ਅਸਲ ਵਿਚ ਪ੍ਰੈਜ਼ੀਡੈਂਟ ਦਾ ਹੀ ਅਨੁਵਾਦ ਕੀਤਾ ਹੋਇਆ ਹੈ। ਰਾਸ਼ਟਰਪਤੀ ਦਾ ਮਤਲਬ ਹੈ ਕੌਮ ਦਾ ਪਤੀ ਜਾਂ ਮਾਲਕ। ਇਸ ਸ਼ਬਦ ਦਾ ਹਿੰਦੀਕਰਨ ਇਸ ਹੱਦ ਤਕ ਕਰ ਦਿਤਾ ਹੈ ਕਿ ਅਸੀਂ ਪ੍ਰਵੇਜ਼ ਮੁਸ਼ਰਫ ਅਤੇ ਬਿਲ ਕਲਿੰਟਨ ਨੂੰ ਵੀ ਰਾਸ਼ਟਰਪਤੀ ਕਹਿੰਦੇ ਹਾਂ, ਹਾਲਾ ਕਿ ਉਹਨਾਂ ਦੇ ਮੁਲਕਾਂ ਵਿਚ ਇਸ ਅਹੁਦੇ ਦੇ ਵਿਸ਼ੇਸ਼ ਨਾਂਅ ਹਨ। ਸ਼ਾਬਦਕ ਤੌਰ ਤੇ ਰਾਸ਼ਟਰ ਪਤੀ ਦਾ ਸ਼ਬਦ ਦੇਸ਼ ਦੀ ਅੱਧੀ ਗਿਣਤੀ ਵਾਸਤੇ ਹੀ ਢੁਕਵਾਂ ਹੈ। ਕੇਵਲ ਮਰਦਾਂ ਵਾਸਤੇ। ਸ਼ਿਵ ਸੈਨਾ ਮੁਖੀ ਸ੍ਰੀ ਬਾਲ ਠਾਕਰੇ ਨੇ ਇਹ ਗੱਲ ਉਠਾਈ ਵੀ ਹੈ ਕਿ ਅਸੀਂ ਔਰਤ ਨੂੰ ਰਾਸ਼ਟਰ ਪਤਨੀ ਤਾਂ ਕਹਿ ਨਹੀਂ ਸਕਾਂਗੇ। ਇਹ ਸਮੱਸਿਆ ਅੰਨੇਵਾਹ ਹਿੰਦੀ ਕਰਨ ਜਾਂ ਸੰਸਕ੍ਰਤਾਉਣ ਤੋਂ ਆਈ ਹੈ। ਸਾਡੇ ਕੋਲ ਪ੍ਰਧਾਨ ਜਿਹਾ ਸ਼ਬਦ ਵੀ ਮੌਜੂਦ ਹੈ ਅਤੇ ਇਹ ਸਾਡੇ ਸਾਹਿਤ ਵਿਚ ਵੀ ਹੈ। ਉਂਝ ਸਾਨੂੰ ਪਤਾ ਹੈ ਕਿ ਅਧਿਅਕਸ਼ ਜੀ ਤਾਂ ਭਾਵੇਂ ਕਹਿ ਲਿਆ ਜਾਵੇ ਪਰ ਪ੍ਰਧਾਨ ਕਹਿਣ ਵਿਚ ਹਿਚਕਿਚਾਹਟ ਹੋਵੇਗੀ। ਧੱਕੇ ਨਾਲ, ਪ੍ਰਵਾਨਤ ਅਤੇ ਆਮ ਸਮਝ ਆਉਣ ਵਾਲੇ ਸ਼ਬਦਾਂ ਦੀ ਥਾਂ 'ਤੇ ਨਵੇਂ ਸ਼ਬਦ ਘੜਣੇ ਤਾਂ ਜੋ ਸ਼ੁਧ ਹਿੰਦੀ ਬਣਾਈ ਜਾ ਸਕੇ ਇਕ ਤੋਂ ਵੱਧ ਮਸਲੇ ਖੜੇ ਕਰ ਦਿੰਦੀ ਹੈ।

## ਸਮੱਸਿਆ ਟ੍ਰੈਫਿਕ ਦੀ

ਮੁਲਕ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਹਨ ਅਤੇ ਇਹ ਹੀ ਹਾਲ ਸੰਸਾਰ ਦਾ ਹੈ। ਨਾਨਕ ਦੁਖੀਆ ਸਭ ਸੰਸਾਰ ਤਾਂ ਮਹਾਂਵਾਕ ਵੀ ਹੈ। ਸਮੱਸਿਆ ਤਾਂ ਇਹ ਵੀ ਹੈ ਕਿ ਪੰਜ ਦਿਨ ਤੋਂ ਵਰਿਆਮ ਦਾ ਦਫਤਰ ਤੇ ਹੋਰ ਇਮਾਰਤਾਂ ਗੰਦੇ ਬੂ-ਮਾਰਦੇ ਪਾਣੀ ਨਾਲ ਘਿਰੀਆਂ ਹੋਈਆਂ ਹਨ। ਬੇਧਿਆਨੀ ਕਰਕੇ, ਸੁਆਰਥ ਕਰਕੇ ਅਤੇ ਕਰਮਚਾਰੀਆਂ ਦੀ ਰਿਸ਼ਵਤ ਨੂੰ ਆਪਣਾ ਧਰਮ ਸਮਝਣ ਕਰਕੇ ਅਤੇ ਸ੍ਰੇਸ਼ਟ ਰਾਜ ਪ੍ਰਬੰਧਣ ਦੀ ਥਾਂ ਆਪੋ ਧਾਪੀ ਕਰ ਕੇ (ਅਜਿਹੇ ਕਾਰਨਾਂ ਦੀ ਲਿਸਟ ਬਣਾਈਏ ਤਾਂ ਗ੍ਰੰਥ ਭਰ ਜਾਣਗੇ) ਇਹ ਹੈ। ਭਾਵ ਇਹ ਸੰਸਾਰ ਸਮੱਸਿਆਵਾਂ ਮਸਲਿਆਂ ਨਾਲ ਭਰਿਆ ਪਿਆ ਹੈ। ਭਾਈ ਗੁਰਦਾਸ ਤਾਂ ਲਿਖਦੇ ਹਨ ਸੰਸਾ ਇਹ ਸੰਸਾਰ ਹੈ। ਅਸੀਂ ਤਾਂ ਇਵੇਂ ਹੀ ਸਮਝਦੇ ਰਹੇ ਹਾਂ ਕਿ ਸੰਸਾਰ ਨਾਮ ਹੀ ਇਸ ਕਰਕੇ ਹੈ ਕਿ ਇਹ ਸੰਸਿਆਂ ਦਾ ਭਰਿਆ ਹੋਇਆ ਹੈ ਪਰ ਅੱਜ ਇਕ ਗੱਲ ਕਰਨ ਨੂੰ ਜੀਅ ਕਰਦਾ ਹੈ ਭਾਵੇਂ ਇਹ ਪਤਾ ਹੈ ਕਿ ਇਹ ਨਗਾਰ ਖਾਨੇ ਵਿਚ ਤੂਤੀ ਵਰਗੀ ਹੀ ਹੋਵੇ। ਸੁੱਖ ਨਾਲ ਦੇਸ਼ ਤਰੱਕੀ ਕਰ ਰਿਹਾ ਹੈ ਭਾਵੇਂ ਆਦਮੀ ਨਹੀਂ ਕਰ ਰਿਹਾ। ਦੇਸ਼ ਵਿਚ ਬਹਾਰਾਂ ਹੀ ਬਹਾਰਾਂ ਹਨ। ਜਿੱਧਰ ਵੇਖੋ ਕਾਰਾਂ ਹੀ ਕਾਰਾਂ ਹਨ। ਬੰਦਿਆਂ ਦੇ ਤੁਰਨ ਫਿਰਨ ਵਾਸਤੇ ਬਣੀਆਂ ਗਲੀਆਂ ਵਿਚ ਹੀ ਹੁਣ ਕਾਰਾਂ ਖੜੀਆਂ ਹਨ। ਰਹਿਣ ਵਾਸਤੇ ਬਣੇ ਘਰਾਂ ਵਿਚ ਦੁਕਾਨਾਂ ਹੀ ਦੁਕਾਨਾਂ ਬਣ ਰਹੀਆਂ ਹਨ। ਹਰ ਮੁੰਡੇ ਕੁੜੀ ਕੋਲ ਮੋਟਰ ਸਾਈਕਲ ਸਕੂਟਰ ਦੀ ਸਵਾਰੀ ਹੈ। ਮੋਟਰ ਸਈਕਲਾਂ ਦੀ ਤਾਦਾਦ ਕਾਰਾਂ ਤੋਂ ਕਈ ਗੁਣਾਂ ਜ਼ਿਆਦਾ ਹੈ। ਇਨ੍ਹਾਂ ਘਰਾਂ ਵਿਚ ਬਣੀਆਂ



Namdhari Elibrary NamdhariElibrary@gmail.com

ਦੁਕਾਨਾਂ ਅੱਗੇ ਕਾਰਾਂ ਵੀ ਔਣੀਆਂ ਹਨ, ਟਰੱਕ ਵੀ ਅਤੇ ਮੋਟਰ ਸਾਈਕਲ ਵੀ। ਦਿੱਲੀ ਵਿਚ ਆਈ ਸਮੱਸਿਆ ਦਾ ਚਰਚਾ ਇਸ ਕਰਕੇ ਹੈ ਕਿ ਉਹ ਰਾਜਧਾਨੀ ਹੈ। ਉਥੇ ਸੁਪਰੀਮ ਕੋਰਟ ਵੀ ਹੈ ਅਤੇ ਸੁਪਰੀਮ ਸਰਕਾਰ ਵੀ। ਪਰ ਹਰ ਸ਼ਹਿਰ ਵਿਚ ਇਹ ਮਸਲਾ ਸ਼ਿੱਦਤ ਨਾਲ ਬਣਿਆ ਹੈ ਕਿ ਬੰਦੇ ਦੇ ਚੱਲਣ ਲਈ ਥਾਂ ਨਹੀਂ। ਸਭ ਕੁਝ ਮਸ਼ੀਨ ਨੇ ਮੱਲ ਲਿਆ ਹੈ। ਹੁਣ ਆਮ ਬੰਦੇ ਨੂੰ, ਪੈਦਲ ਨੂੰ, ਵਿਸ਼ੇਸ਼ ਕਰਕੇ ਵਡੇਰੀ ਉਮਰ ਵਾਲੇ ਵਾਸਤੇ ਸੜਕ ਤੇ ਚੱਲਣਾ ਮੌਤ ਨੂੰ ਸੱਦਾ ਦੇਣ ਬਰਾਬਰ ਹੈ। ਨੌਜਵਾਨ ਕਾਰ ਅਤੇ ਮੋਟਰ ਸਾਈਕਲ ਚਾਲਕਾਂ ਦਾ ਇਕੋ ਨਿਯਮ ਹੈ ਕਿ ਕੋਈ ਨਿਯਮ ਨਹੀਂ ਮੰਨਣਾ। ਨਾ ਖੱਬਾ ਸੱਜਾ ਵੇਖਣਾ ਹੈ ਨਾ ਹਰੀ ਜਾਂ ਲਾਲ ਬੱਤੀ ਵੇਖਣੀ ਹੈ। ਵੇਖਣੀ ਭਾਵੇਂ ਹੋਵੇ ਪਰ ਮੰਨਣੀ ਨਹੀਂ। ਟ੍ਰੈਫਿਕ ਨੇਮਾਂ ਦੀਆਂ ਧੱਜੀਆਂ ਉੜਾਣੀਆਂ ਪਹਿਲਾ ਫਰਜ਼ ਹੈ। ਲਗਦਾ ਹੈ ਇਨ੍ਹਾਂ ਮਸ਼ੀਨਾਂ ਨੂੰ ਬਰੇਕਾਂ ਲੱਗੀਆਂ ਹੀ ਨਹੀਂ ਐਕਸੀਲੇਟਰ ਹੀ ਲੱਗੇ ਹਨ। ਅਸੀਂ ਬਹੁਤ ਸਮੇਂ ਤੋਂ ਸ਼ਹਿਰ ਦੇ ਅੰਦਰਲੇ ਹਿੱਸਿਆਂ 'ਚ ਜਾਣਾ ਹੀ ਛੱਡ ਦਿੱਤਾ ਹੈ। ਮੁਦੱਤਾਂ ਬੀਤ ਗਈਆਂ ਹਨ ਇਨ੍ਹਾਂ ਥਾਵਾਂ ਤੋਂ ਲੰਘਿਆਂ ਜਿਵੇਂ ਕਿਸੇ ਪਿਛਲੇ ਜਨਮ ਦੀ ਬਾਤ ਹੋਵੇ। ਆਪਣੇ ਲਾਗੇ ਦੀਆਂ ਸੜਕਾਂ ਵੀ ਹੁਣ ਛੁੱਟ ਗਈਆਂ ਹਨ। ਗਲੀਆਂ 'ਚੋਂ ਘੁੰਮ ਘੁਮਾ ਕੇ ਘਰ ਵਾਪਸ ਆਈਦਾ ਹੈ ਇਥੇ ਵੀ ਮੋਟਰ ਸਾਈਕਲਾਂ ਵਾਲੇ ਛੋਕਰੇ ਪਿੱਛਾ ਨਹੀਂ ਛੱਡਦੇ। ਜਿਸ ਗਲੀ ਵਿਚ ਸਾਡਾ ਛੋਟਾ ਜਿਹਾ ਘਰ ਹੈ ਉਹ ਗਲੀ ਜੀ. ਟੀ. ਰੋਡ ਵਾਂਗ ਚਲਦੀ ਹੈ ਅਤੇ ਨਾਲ ਕ੍ਰਿਕਟ ਦਾ ਮੈਦਾਨ ਵੀ ਇਹ ਹੀ ਹੈ। ਖੇਡ ਘੱਟ ਤੇ ਹੋ ਹੱਲਾ ਜ਼ਿਆਦਾ।

ਬਾਹਰ ਦੇ ਵਿਕਸਤ ਦੇਸ਼ਾਂ ਤੋਂ ਅਸੀਂ ਬਹੁਤ ਕੁਝ ਲਿਆ ਹੈ। ਕੁਝ ਚੱਜ ਆਚਾਰ ਵੀ ਸਿੱਖ ਲਈਏ। ਗੱਡੀਆਂ (ਵਾਹਣ) ਬਾਹਰ ਸਾਡੇ ਦੇਸ਼ ਤੋਂ ਜ਼ਿਆਦਾਂ ਹਨ (ਅਜੇ ਤੱਕ) ਪਰ ਉਥੇ ਨਾਲ ਹੀ ਗੱਡੀਆਂ ਦੇ ਚਾਲਕ, ਡਰਾਈਵਰ ਪੂਰੀ ਟ੍ਰੇਨਿੰਗ ਬਾਦ ਹੀ ਗੱਡੀ ਚਲਾ ਸਕਦੇ ਹਨ। ਪਤਾ ਹੁੰਦਾ ਹੈ ਕਿ ਪਹਿਲੋਂ ਕਿਸ ਦਾ ਅਧਿਕਾਰ ਹੈ, ਕਿਵੇਂ ਚੱਲਣਾ ਹੈ ਕਿਹੜੀ ਸਪੀਡ 'ਤੇ ਜਾਣਾ ਹੈ, ਕਿਹੜੇ ਪਾਸਿਓਂ ਲੰਘਣਾ ਹੈ, ਕਦੋਂ ਲੰਘਣਾ ਹੈ ਅਤੇ ਆਪਣੀ ਗੱਡੀ ਨੂੰ ਆਪਣੇ ਕੰਟਰੋਲ ਅਤੇ ਜ਼ਬਤ ਵਿਚ ਰੱਖਣਾ ਹੈ।

ਇਨ੍ਹਾਂ ਗੱਡੀਆਂ, ਮੋਟਰਾਂ, ਮੋਟਰਸਾਈਕਲਾਂ ਦੀ ਵਿਕਰੀ ਤੋਂ ਵੱਡੀਆਂ-ਵੱਡੀਆਂ ਕੰਪਣੀਆਂ ਨੂੰ ਮੋਟੀਆਂ ਕਮਾਈਆਂ ਹਨ ਅਤੇ ਸਰਕਾਰਾਂ ਨੂੰ ਵੀ। ਕਿਉਂ ਨਹੀਂ ਇਨ੍ਹਾਂ ਗੱਡੀਆਂ ਦੇ ਚਾਲਕਾਂ ਦੀ ਸਿਖਲਾਈ, ਸੁਧਾਈ ਦਾ ਇਹ ਪ੍ਰਬੰਧ ਕਰਦੇ। ਟ੍ਰੈਫਿਕ ਨਿਯਮਾਂ ਦਾ ਪ੍ਰਚਾਰ ਕਰਦੇ। ਇਹ ਪਰਚਾਰ, ਸਿੱਖਿਆ ਤਾਂ ਸਕੂਲ ਤੋਂ ਹੀ, ਸ਼ੁਰੂ ਹੋਣੀ ਚਾਹੀਦੀ ਹੈ। ਪਰ ਸਰਕਾਰ ਨੂੰ ਤਾਂ ਇਲੈਕਸ਼ਨਾਂ ਤੋਂ ਹੀ ਵਿਹਲ ਨਹੀਂ ਮਿਲਦਾ... ਹੁਣ ਚਿੜੀ ਵਿਚਾਰੀ ਕੀ ਕਰੇ ?....

## ਆਜ਼ਾਦੀ ਦੀ ਸਠਵੀਂ ਵਰ੍ਹੇਗੰਢ

ਅਗਸਤ ਮਹੀਨੇ ਦੇ ਅੱਧ ਵਿਚ ੧੫ ਅਗਸਤ ਨੂੰ ਭਾਰਤ ਦੀ ਆਜ਼ਾਦੀ ਦਾ ਦਿਨ ਆਉਂਦਾ ਹੈ। ਸੱਠ ਵਰ੍ਹੇ ਪਹਿਲਾਂ ਅੰਤਮ ਵਿਦੇਸ਼ੀ ਤਾਕਤ ਮਹਾਨ ਅੰਗਰੇਜ਼ੀ ਸਾਮਰਾਜ ਦਾ ਜੂਲਾ ਲੱਥ ਗਿਆ ਸੀ। ਅੰਗਰੇਜ਼ ਤਾਂ ਚਲੇ ਗਏ ਪਰ ਅੰਗਰੇਜ਼ੀਅਤ ਨੂੰ ਪੱਕੀ ਤਰ੍ਹਾਂ, ਭਾਰਤੀਆਂ ਨੇ ਫੜ ਲਿਆ। ਸਾਡੀ ਸੋਚ, ਮਾਨਸਿਕਤਾ ਅਜੇ ਵੀ ਗੁਲਾਮੀ ਵਾਲੀ ਹੈ। ਬੇਸ਼ਕ ਮੇਰਾ ਦੇਸ਼ ਮਹਾਨ ਹੈ, ਗੁਣਾ ਦੀ ਖਾਣ ਹੈ ਅਤੇ ਸੰਸਾਰ ਦੀ ਸ਼ਾਨ ਹੈ ਅਤੇ ਇਹ ਤਰੱਕੀਆਂ ਕਰੇ ਹੋਰ ਉਡਾਰੀਆਂ ਲਾਵੇ ਇਹ ਸਾਡਾ ਸਾਰਿਆਂ ਦਾ ਮਾਣ ਹੈ। ਮੇਰੇ ਦੇਸ਼ ਦੀ ਧਰਤੀ ਸੋਨਾ ਉਗਲੇ ਮੋਤੀ ਉਗਲਦੀ ਹੈ ਇਸ ਵਿਚ ਕੋਈ ਸ਼ੱਕ ਨਹੀਂ ਪਰ ਇਹ ਸੋਨਾ ਚਾਂਦੀ ਅਤੇ ਮੋਤੀ ਕੁਝ ਥੋਹੜੇ ਬੰਦੇ ਸਾਂਭੀ ਜਾਂਦੇ ਹਨ। ਇਹ ਠੀਕ ਹੈ ਕਿ ਬਹੁਤ ਕਾਰਾਂ ਅਤੇ ਮੋਟਰ ਸਾਈਕਲ ਸੜਕਾਂ 'ਤੇ ਬੇਤਹਾਸ਼ਾ ਦੌੜ ਰਹੇ ਹਨ ਪਰ ਇਹ ਵੀ ਹਕੀਕਤ ਹੈ ਕਿ ਅਜੇ ਤੱਕ ਵੀ ਕਈਆਂ ਕੋਲ ਸਾਈਕਲ ਨਹੀਂ। ਦੇਸ਼ ਵਿਚ ਮੈਕਡੋਨਲ ਵਰਗੇ ਮਹਿੰਗੇ ਖਾਣ ਪੀਣ ਵਾਲੇ ਥਾਂ ਵੀ ਅਨੰਤ ਹਨ ਪਰ ਇਹ ਵੀ ਸੱਚ ਹੈ ਕਿ ਸੁੱਕਾ ਦਾਲ ਚੋਲ ਵੀ ਕਈ ਲੋਕਾਂ ਕੋਲ ਹੈ ਨਹੀਂ। ਗਗਨ ਜਿੱਡੀਆਂ ਉਚੀਆਂ ਇਮਾਰਤਾਂ ਅਤੇ ਮਾਲ ਵੀ ਉਸਰ ਰਹੇ ਹਨ ਪਰ ਇਹ ਗੱਲ ਵੀ ਸੱਚੀ ਹੈ ਕਿ ਕਈਆਂ ਕੋਲ ਦੋ ਗਜ਼ ਜ਼ਮੀਨ ਵੀ ਨਹੀਂ। ਹਜ਼ਾਰਾਂ ਦੀ ਤਾਦਾਦ ਵਿਚ ਲੋਕ ਝੁੱਗੀਆਂ ਝੋਂਪੜੀਆਂ ਅਤੇ ਫੁੱਟ ਪਾਥਾਂ 'ਤੇ ਜੰਮਦੇ ਅਤੇ ਸੰਸਾਰ ਤੋਂ ਤੁਰ ਜਾਂਦੇ ਹਨ। ਏ. ਸੀ. ਕਾਰਾਂ ਵਿਚ ਨੌਜਵਾਨ ਔਖ ਮਹਿਸੂਸ ਕਰਦੇ ਅਤੇ ਸਿਖਰ ਦੁਪਹਿਰੇ ਚੌਮਾਸੇ ਵਿਚ ਬਜ਼ੁਰਗ ਰਿਕਸ਼ਾ ਚਲਾਉਂਦੇ ਪਸੀਨੇ ਨਾਲ ਨਹਾਉਂਦੇ ਵੀ ਇਥੇ ਨਾਲੋ ਨਾਲ ਵੇਖੇ ਜਾ ਸਕਦੇ ਹਨ।

ਫੇਰ ਵੀ ਆਪਣੇ ਦੇਸ਼ ਵਰਗਾ ਕੋਈ ਨਹੀਂ। ਇਹ ਆਜ਼ਾਦ ਦੇਸ਼ਾਂ ਦੀ ਫਰਹਿਸਤ ਵਿਚ ਤਾਂ ਹੈ। ਸੰਸਾਰ ਵਿਚ ਸਭ ਤੋਂ ਵੱਡੀ ਜਮਹੂਰੀਅਤ ਤਾਂ ਹੈ। ਲੋਕਾਂ ਦਾ ਰਾਜ ਹੈ ਲੋਕ ਰਾਜ ਵਿਚ ਸਾਡੇ ਸ਼ਾਇਰ ਅਨੁਸਾਰ ਬੰਦਾ ਮਹਾਨ ਕੋਈ ਅਤੇ ਕਾਮਯਾਬ ਕੋਈ। ਚਲੋ ਕੋਈ ਤਾਂ ਹੈ। ਅਜੇ ਬੰਦੇ ਨੇ ਨੀਂਦ ਤੋਂ ਜਾਗਣਾ ਹੈ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਬੁੱਲਾ ਕੀ ਜਾਨਾ ਮੈਂ ਕੌਣ ?

*—ਗੁਰੂਬਚਨ ਸਿੰਘ ਨਾਮਧਾਰੀ*

ਬੁੱਲਾ ਸਾਧਨਾ ਦੀ ਗਹਿਨਤਮ ਅਵਸਥਾ ਵਿਚ ਹੈ... ਸਾਰੇ ਕਰਮ ਕਾਂਡ ਡਿੱਗ ਪਏ। ਤਸਬੀ, ਮੁਸੱਲਾ ਅਤੇ ਸੋਟਾ ਛੁੱਟ ਗਏ... ਰੋਜ਼ੇ, ਹੱਜ ਨਿਮਾਜ਼ ਬੇਮਾਨੀ ਹੋ ਗਏ। ਬਾਹਰੀ ਸੰਸਾਰ, ਰਿਸ਼ਤੇ-ਨਾਤੇ, ਧਨ-ਦੌਲਤ ਫਿੱਕੇ ਪੈ ਗਏ.... ਆਪਣੀ ਦੇਹ ਵੀ ਬੇਗਾਨੀ ਹੋ ਗਈ। ਆਪਣੇ ਮੂਲ ਦੀ.... ਆਪਣੇ ਨਿਜ ਦੀ ਭਾਲ ਵਿਚ, ਅੰਤਸ ਦੀ ਗਹਿਰਾਈ 'ਚੋਂ, ਬੁੱਲੇ ਦੀ ਬਿਹਬਲਤਾ ਗੂੰਜਦੀ ਹੈ "ਬੁੱਲਾ ਕੀ ਜਾਨਾ ਮੈਂ ਕੌਣ ?"

ਕਸੂਰ ਦੇ ਨੇੜੇ ਪਾਂਡੋਕੇ (ਜ਼ਿਲਾ ਲਾਹੌਰ) ਵਿਚ, ਵਲੀ ਮੁਹੰਮਦ ਦਰਵੇਸ਼ੀ ਦੇ ਘਰ ਜੰਮੇ ਬੁੱਲੇ ਨੂੰ ਫਕੀਰੀ-ਸੁਆਦ ਵਿਰਸੇ ਵਿਚ ਮਿਲਿਆ। ਬਚਪਨ ਤੋਂ ਹੀ ਸ੍ਰਿਸ਼ਟੀ ਦੇ ਰਚਨਹਾਰ ਨੂੰ, ਉਸ ਦੇ ਸੱਤ ਸਰੂਪ ਨੂੰ ਜਾਨਣ ਦਾ ਜਨੂਨ ਸੀ... ਪ੍ਰਭੂ ਮਿਲਾਪ ਦੀ ਤੜਪ ਸੀ। ਉਸ ਅਦ੍ਰਿਸ਼ ਨੂੰ ਕਸੂਰ-ਲਾਹੌਰ ਤੋਂ ਹਜ਼ਾਰੇ ਤਕ ਭਾਲਿਆ... ਮੰਦਿਰ-ਮਸੀਤ ਤੋਂ ਠਾਕੁਰ ਦਵਾਰੇ ਤੱਕ ਭਾਲਿਆ। ਸਾਰੀ ਖੁਦਾਈ ਵਿਚ ਵਿਆਪਤ ਉਸ ਨੂਰ ਨੂੰ ਲੱਭਦਾ ਹੋਇਆ ਬੁੱਲਾ, ਸ਼ਾਲਾਮਾਰ ਬਾਗ (ਲਾਹੌਰ) ਵਿਚ ਆਇਆ, ਤਾਂ ਉਸ ਦਾ ਚਿਤ ਅੰਬ ਖਾਣ ਨੂੰ ਕੀਤਾ। ਅੰਬ ਦੇ ਉੱਚੇ ਦਰਖਤਾਂ ਵੱਲ ਵੇਖ ਕੇ ਹਸਰਤ ਨਾਲ ਮੂਹੋਂ ਨਿਕਲਿਆ, "ਅੱਲਾਹ ਗਨੀ"। ਇਹ ਸ਼ਬਦ ਉਚਾਰਨ ਨਾਲ ਹੀ ਇਕ ਅੰਬ ਬੁੱਲੇ ਦੇ ਹੱਥ ਉੱਤੇ ਆ ਪਿਆ। ਉਸ ਨੇ ਜਗਿਆਸਾ ਅਤੇ ਉਤਸ਼ਾਹ ਵਿਚ ਕਈ ਵਾਰ ਇਸ ਸ਼ਬਦ ਦਾ ਉਚਾਰਨ ਕੀਤਾ, ਕਈ ਅੰਬ ਉਸ ਦੇ ਸਾਹਮਣੇ ਡਿੱਗ ਪਏ। ਬਾਗ ਦਾ ਮਾਲੀ, ਅਨਾਇਤ ਸ਼ਾਹ ਆਇਆ ਅਤੇ ਕਿਹਾ, 'ਜੁਆਨਾਂ' ਸ਼ਬਦ ਦਾ ਸਹੀ ਉਚਾਰਨ ਨਹੀਂ ਕਰਦਾ। ਉਸ ਨੇ ਇਕ ਵਾਰ ਪੂਰੀ ਚੇਤਨਾ ਨਾਲ ਪੂਰੀ ਸੰਪੂਰਨਤਾ, ਪੂਰੀ ਸਮਗ੍ਰਤਾ ਨਾਲ ਉਚਾਰਨ ਕੀਤਾ, "ਅੱਲਾਹ ਗਨੀ"। ਬਾਗ ਦੇ ਸਾਰੇ ਫਲ ਥੱਲੇ ਡਿੱਗ ਪਏ। ਦੂਸਰੀ ਵਾਰ ਫੇਰ ਇਹੀ ਸ਼ਬਦ ਉਚਾਰਨ ਕੀਤਾ, ਸਾਰੇ ਫੱਲ, ਮੁੜ ਰੁੱਖਾਂ ਨਾਲ ਜਾ ਲੱਗੇ। ਪਾਕਿਸਤਾਨ ਦੇ ਕਬਾਈਲੀ ਟੋਲਿਆਂ ਵਿਚ ਬੈਠ, ਲੋਕ ਗੀਤਾਂ ਰਾਹੀਂ ਇਹ ਸਾਖੀ ਸੁਨਾਉਂਦੇ ਹਨ, ਬੁੱਲੇ ਨੂੰ ਅੱਜ ਮੁਰਸ਼ਦ ਮਿਲ ਗਿਆ।

ਕਹਿੰਦੇ ਹਨ, ਪ੍ਰਮਾਤਮਾ ਦੇ ਅੰਦਰ, ਸ੍ਰਿਸ਼ਟੀ ਰਚਨ ਦਾ ਫੁਰਨਾ ਉੱਠਿਆ। ਨਦੀ-ਨਾਲੇ, ਝਰਨੇ ਬਣਾਏ। ਉੱਚੇ-ਪਹਾੜ, ਗਹਿਰੇ ਸਮੁੰਦਰ ਬਣਾਏ। ਪਸ਼ੂ-ਪੰਖੀ ਭਾਂਤ ਭਾਂਤ ਦੇ ਜੀਵ ਬਣਾਏ। ਸ੍ਰਿਸ਼ਟੀ ਦੀ ਰਚਨਾ ਹੁੰਦੀ ਰਹੀ, ਰੱਬ ਵਿਗਸਦਾ ਰਿਹਾ। ਪਰ, ਜਦੋਂ ਮਨੁੱਖ ਬਣਾਇਆ, ਰੱਬ ਪ੍ਰੇਸ਼ਾਨ ਹੋ ਗਿਆ। ਏਨ੍ਹਾ ਚੰਚਲ, ਏਨ੍ਹਾ ਜਗਿਆਸੂ, ਮਹਤਵਾਕਾਂਖੀ, ਕਦੀ ਨਾ ਰੱਜਨ ਵਾਲਾ ਜੀਅ। ਇਸ ਨੇ ਤਾਂ ਕਿਸੇ ਵੇਲੇ ਸੁੱਖ ਦਾ ਸਾਹ ਵੀ ਨਹੀਂ ਲੈਣ ਦੇਣਾ। ਹੁਣ ਕੀ ਕਰਾਂ ? ਇਸ ਅਨੋਖੇ ਜੀਅ , ਮਨੁੱਖ ਤੋਂ ਦੂਰ ਕਿੱਥੇ ਛੁਪ ਜਾਵਾਂ। ਚਿੰਤਾ ਗਹਿਰੀ ਸੀ। ਸਮਾਧਾਨ ਲਈ, ਸਾਰੇ ਦੇਵਤਿਆਂ ਦੀ ਇਕੱਤਰਤਾ ਕੀਤੀ। ਪ੍ਰਮਾਤਮਾ ਨੇ ਆਪਣੀ ਸਮੱਸਿਆ ਦੱਸੀ ਅਤੇ ਸਮਾਧਾਨ ਲਈ ਸੁਝਾਅ ਮੰਗੇ। ਕਿਸੇ ਕਿਹਾ, ਗਹਿਰੇ ਸਾਗਰ ਵਿਚ ਛੁਪ ਜਾਓ, ਪਰ ਤਰਕ ਆਇਆ ਕਿ ਗੋਤਾਖੋਰ ਮਨੁੱਖ ਬਹੁਤ ਜਲਦ ਉਥੇ ਪੁੱਜ ਜਾਣਗੇ। ਕਿਸੇ ਸਲਾਹ ਦਿੱਤੀ, ਮਾਊਂਟ ਐਵਰੈਸਟ ਜਿਹੇ ਉੱਚੇ ਪਹਾੜ ਦੀ ਚੋਟੀ ਤੇ ਬੈਠ ਜਾਓ। ਤਰਕ ਆਇਆ, ਛੇਤੀ ਹੀ ਪਰਵਤ ਆਰੋਹੀ, ਲਾਈਨਾਂ ਲਾ ਕੇ ਉਥੇ ਪੁੱਜਣਾ ਸ਼ੁਰੂ ਕਰ ਦੇਣਗੇ। ਕਿੱਥੇ ਛੁਪੀਏ... ਕੋਈ ਥਾਂ, ਸ੍ਰਿਸ਼ਟੀ ਤੇ, ਬੰਦੇ ਤੋਂ ਦੂਰ ਨਹੀਂ ਰਹਿਣੀ। ਕਹਿੰਦੇ ਹਨ, ਇਕ ਬਜ਼ੁਰਗ ਜਿਹੇ ਦੇਵਤੇ ਨੇ ਰੱਬ ਦੇ ਕੰਨ ਵਿਚ ਫੁਸਫੁਸਾ ਕੇ ਕਿਹਾ, ਪ੍ਰਮੇਸ਼ਰ ਜੀ, ਤੁਸੀਂ ਇਸ ਮਨੁੱਖ ਦੇ ਅੰਦਰ ਹੀ ਛੁੱਪ ਜਾਓ। ਇਹ ਸਭ ਥਾਂ ਦੌੜੇਗਾ, ਪਹਾੜਾਂ ਤੇ ਚੜ੍ਹੇਗਾ-ਸਾਗਰ ਵਿਚ ਜਾਇਗਾ, ਦੇਸ਼-ਵਿਦੇਸ਼, ਗ੍ਰਿਹਾਂ-ਨਛੱਤਰਾਂ ਤੱਕ ਜਾਏਗਾ, ਪਰ ਆਪਣੇ ਅੰਦਰ ਕਦੀ ਨਹੀਂ ਜਾਏਗਾ। ਬਾਹਿਰਮੁਖੀ ਮਨੁੱਖ ਸਾਰੇ ਸੰਸਾਰ ਵਿਚ, ਕਾਇਨਾਤ ਵਿਚ ਤੈਨੂੰ ਭਾਲੇਗਾ, ਪਰ ਆਪਣੇ ਅੰਤਸ ਵਿਚ ਝਾਤ ਨਹੀਂ ਮਾਰੇਗਾ। ਜੇ ਕੋਈ ਨਾਨਕ, ਕੋਈ ਕਬੀਰ, ਰੈਦਾਸ ਜਾਂ ਕੋਈ ਬੁੱਲਾ ਆਪਣੇ ਆਪ ਨੂੰ ਲੱਭਦਾ ਤੇਰੇ ਤੱਕ ਪੁੱਜਿਆ, ਤਾਂ ਉਹ ਤੇਰਾ ਹੀ ਆਪਣਾ... ਤੇਰਾ ਭਗਤ.. ਤੇਰਾ ਪਿਆਰਾ ਹੋਵੇਗਾ, ਜਿਸ ਨੂੰ ਵੇਖ ਕੇ, ਹੇ ਪ੍ਰਭੂ ! ਤੇਰੇ ਸ਼ਾਂਤ ਚਿਤ ਵਿਚ ਵੀ, ਖੁਸ਼ੀਆਂ ਖੇੜੇ ਦੀਆਂ ਤਰੰਗਾਂ ਤੈਨੂੰ ਆਹਲਾਦਤ ਕਰ ਦੇਣਗੀਆਂ। ਕਹਿੰਦੇ ਹਨ, ਪ੍ਰਮੇਸ਼ਰ ਇਸ ਪਰਾਮਰਸ਼ ਤੇ ਖੁਸ਼ ਹੋ ਗਿਆ। ਉਦੋਂ ਦਾ ਰੱਬ ਬੰਦੇ ਦੇ ਅੰਦਰ ਬੈਠਾ ਹੈ, ਬੰਦਾ ਬਾਹਰ ਢੂੰਡ ਰਿਹੈ। ਅੰਤਸ ਵਿਰਾਜਮਾਨ ਇਸੇ ਪਰਮਾਤਮ ਤੱਤ ਨੂੰ, ਸ਼ਾਸਤ੍ਰਾਂ ਨੇ ਪ੍ਰਾਣ ਕਿਹਾ। ਸੱਤ, ਊਰਜਾ, ਸ਼ਬਦ, ਆਕਾਸ਼, ਬ੍ਰਹਮ, ਆਤਮਾ, ਪੁਰਸ਼ ਆਦਿ ਕਈ ਨਾਵਾਂ ਨਾਲ ਸੰਬੋਧਤ ਕੀਤਾ ਗਿਆ। ਬਾਹਰੀ ਸਥੂਲ ਦੀ ਖੋਜ ਬਹੁਤ ਸਉਖੀ ਹੈ। ਕਰਮ ਇੰਦ੍ਰੀਆਂ ਨਾਲ ਜਾਂ ਗਿਆਨ ਇੰਦ੍ਰੀਆਂ ਨਾਲ ਕਿਸੇ ਭੌਤਕ ਪਦਾਰਥ ਦਾ ਨਿਰੀਖਨ ਪ੍ਰੀਖਨ ਹੋ ਸਕਦਾ ਹੈ ਜਾਂ ਮਨੁੱਖ ਦੇ ਹੀ ਆਵਿਸ਼ਕਾਰਤ ਯੰਤ੍ਰਾਂ ਨਾਲ ਦੂਰ ਦੂਰ ਤੱਕ, ਨਖੱਤ੍ਰ ਮੰਡਲ ਦੇ ਗ੍ਰਿਹ ਉਪਗ੍ਰਿਹ ਅਤੇ ਤਾਰਕਾ ਮੰਡਲ ਦੀ ਵਿਸਤ੍ਰਿਤ ਜਾਣਕਾਰੀ ਅੱਜਕੱਲ ਹਰ ਵਿਕਸਤ ਅਤੇ ਵਿਕਾਸਸ਼ੀਲ ਮੁਲਕ



Namdhari Elibrary NamdhariElibrary@gmail.com

ਕਰ ਰਹੇ ਹਨ। ਪਰ, ਅੰਤਰਮੁਖੀ ਹੋਣ ਦਾ ਕੋਈ ਵਸੀਲਾ ਨਹੀਂ। ਪੁਸਤਕਾਂ, ਧਰਮਗ੍ਰੰਥਾਂ ਵਿਚ ਪੜ੍ਹਿਆ ਹੈ, ਸੰਤਾਂ, ਕਥਾਕਾਰਾਂ-ਪ੍ਰਵਚਨਕਰਤਾਵਾਂ ਤੋਂ ਸੁਣਿਆ ਹੈ, "ਘਟਿ-ਘਟਿ-ਮਹਿ ਹਰਿਜੂ ਬਸੈ" ਪਰ ਪ੍ਰੀਚੈ ਨਹੀਂ.... ਪ੍ਰਤੀਤ ਨਹੀਂ। ਸਾਡੇ ਜਿਹਿਆਂ ਲਈ ਪ੍ਰਵੇਸ਼ ਦੀ ਕੋਈ ਰਾਹ ਨਹੀਂ, ਦਹਿਲੀਜ਼ ਨਹੀਂ। ਕਿੱਥੋਂ ਪ੍ਰਵੇਸ਼ ਕਰੀਏ ? ਇਸ ਵੇਲੇ ਕਿ ਜਦੋਂ ਉਸ ਅਦ੍ਰਿਸ਼ ਤਕ ਪੁੱਜਣ ਦੀ ਪਿਆਸ ਹੋਵੇ.... ਤਾਂਘ ਹੋਵੇ... ਆਪਣੇ ਹੀ ਮੂਲ ਨਾਲ ਸਾਖਿਆਤਕਾਰ ਲਈ ਸਮਰਪਨ ਹੋਵੇ। ਤੜਪ ਦੀ ਇਸੇ ਅਵਸਥਾ ਵਿਚ.... ਤਪ ਦੇ ਸਿਖਰ ਤੇ,... ਕੋਈ ਪੂਰਨ ਸਤਿਗੁਰੂ... ਮੁਰਸ਼ਿਦੇ ਕਾਮਿਲ ਦੀ ਤਲਾਸ਼, ਜੀਅ ਦੀ ਜ਼ਰੂਰਤ ਬਣ ਜਾਂਦੀ ਹੈ। ਸਤਿਗੁਰੂ ਦੀ ਕਿਰਪਾ ਨਾਲ ਆਪਣੇ ਅੰਤਸ ਦੇ ਗੁਪਤ ਕੋਸਠ ਤੱਕ... ਗਰਭਗ੍ਰਿਹ ਤੱਕ... ਨਿਜ ਥਾਂਵ ਤੱਕ ਪੁੱਜੇ ਭਗਤ ਕਬੀਰ ਕਹਿੰਦੇ ਹਨ,—

ਮੇਰੇ ਸਤਿਗੁਰ ਦੀਨੀ ਏਕ ਜੜੀ
ਏਹ ਜੜੀ ਮਹਾਂ ਨੀਕੀ ਲਾਗੇ, ਅਮ੍ਰਿਤ ਰਸਨ ਭਰੀ॥
ਕਾਇਆ ਨਗਰ ਅਜੀਬ ਇਕ ਬੰਗਲਾ,
ਤਾ ਮਹਿ ਗੁਪਤ ਧਰੀ।
ਪਾਂਚੋ ਨਾਗ, ਪਚੀਸੋ ਨਾਗਿਨ, ਸੂੰਘਤ ਤੁਰਤ ਮਰੀ॥
ਇਸ ਕਾਰੇ ਨੇ ਸਭਿ ਜਗ ਖਾਇਆ,
ਮੇਰੇ ਸਤਿਗੁਰ ਦੇਖ ਡਰੀ।
ਕਹੈਂ ਕਬੀਰ ਸੁਨੋ ਭਾਈ ਸਾਧੋ, ਲੈ ਪਰਿਵਾਰ ਤਰੀ॥

ਸਤਿਗੁਰ ਪ੍ਰੀਚਤ ਹੈ, ਉਸ ਧਰਮ ਤੱਤ ਨਾਲ.... ਜਾਣੂੰ ਹੈ ਆਤਮ-ਮਾਰਗ ਦਾ।

ਕਬੀਰ ਕਹਿੰਦੇ ਹਨ, ਗੁਰੂ ਕ੍ਰਿਪਾ ਨਾਲ ਅੰਤਰਮੁਖੀ ਹੋ ਗਿਆ... ਤੁਰ ਪਿਆ ਰਹੱਸਭਰੀਆਂ ਰਾਹਾਂ ਤੇ... ਪੁੱਜ ਗਿਆ, ਧਰਮ ਧਾਮ ਤੱਕ।

ਬੁੱਲਾ, ਅੱਜ ਦੁਬਿਧਾ ਦੀ, ਦਹਿਲੀਜ਼ ਤੇ ਹੈ। ਦੋ ਦਰਵਾਜ਼ੇ ਸਾਹਮਣੇ ਹਨ। ਇਕ ਦੇਹ ਦੁਆਰ, ਜਿਸ ਨੂੰ ਅੱਜ ਤੱਕ "ਮੈਂ" ਸਮਝਦਾ ਰਿਹਾ। ਦੂਸਰਾ... ਜਯੋਤੀ ਦੁਆਰ... ਆਤਮ ਦੁਆਰ... ਸੂਖਮ... ਅਦ੍ਰਿਸ਼... ਨਿਰਾਕਾਰ ਨਿਰਵੈਰ.. ਅਵਿਨਾਸ਼ੀ ਅਸਤਿਤਵ। ਇਨ੍ਹਾਂ ਵਿਚੋਂ, ਮੈਂ ਕੌਣ ? ਬੁੱਲਾ ਕੀ ਜਾਣਾ ਮੈਂ ਕੌਣ ? ਇਹ, ਭਗਤੀ ਦੀ ਵਿਕਸਤ ਅਵਸਥਾ ਹੈ, ਸਰੀਰ ਕਰਕੇ ਸੰਸਾਰ ਨਾਲ ਜੁੜੀਆਂ ਮਾਨਤਾਵਾਂ ਟੁੱਟਦੀਆਂ ਹਨ... ਪ੍ਰੰਪਰਾਵਾਂ ਛੁੱਟਦੀਆਂ ਹਨ... ਰੀਤੀ ਰਿਵਾਜਾਂ, ਕਰਮਕਾਂਡ ਦੀਆਂ ਦਿਵਾਰਾਂ ਡਿੱਗਦੀਆਂ ਹਨ। ਇਨ੍ਹਾਂ ਤੁਕਾਂ ਨੂੰ ਗਾਉਣ ਤੱਕ, ਬੁੱਲਾ, ਨਿਰੋਲ, ਨੂਰ ਰਹਿ ਗਿਆ। ਹੁਣ ਬੁੱਲੇ ਨੂੰ ਮਸਜਿਦਾਂ, ਮੰਦਰਾਂ ਵਿਚ ਵੀ ਪ੍ਰੰਪਰਾਵਾਂ ਨਾਲ ਬੱਧੇ ਹੋਇ ਖੁਸ਼ਕ ਕਮਰਕਾਂਡ ਨਜ਼ਰ ਆਉਂਦੇ ਹਨ। ਜਿਨ੍ਹਾਂ ਤੋਂ ਆਤਮਾ ਹੁਲਾਸਿਤ ਨਹੀਂ ਹੁੰਦੀ.... ਅੰਤਸ਼ ਆਹਲਾਦਿਤ ਨਹੀਂ ਹੁੰਦਾ। ਰਮਜ਼ਾਨ ਦਾ ਮਹੀਨਾ ਸੀ। ਲਾਹੌਰ ਸ਼ਹਿਰ ਨਿਵਾਸੀਆਂ ਵਿਚ ਰੋਜ਼ਿਆਂ ਦਾ ਉਤਸ਼ਾਹ ਹੈ... ਨਿਯਮਿਤ ਪੰਜ ਨਮਾਜ਼ਾਂ ਦੀ ਅਜ਼ਾਨ ਹੋ ਰਹੀ ਹੈ। ਬੁੱਲਾ, ਆਪਣੀ ਧੁੰਨ ਵਿਚ ਮਸਤ, ਦੋਹੜੇ, ਸੀਹਰਫੀਆਂ ਅਤੇ ਕਾਫੀਆਂ ਰਾਹੀਂ, ਪੀਆ-ਪੀਆ ਕਰਦਾ ਆਪ "ਪੀਆ" ਹੋਣ ਨੂੰ ਤਿਆਰ ਹੈ। ਜਾਮਾ ਮਸਜਿਦ ਦਾ ਮੌਲਵੀ ਕਹਿੰਦੈ, "ਬੁੱਲਿਆ! ਰਮਜ਼ਾਨ ਦਾ ਮੁਕੱਦਸ ਮਹੀਨਾ ਹੈ, ਰੋਜ਼ੇ ਰੱਖ, ਪੰਜ ਵਕਤੀ ਨਮਾਜ਼ਾਂ ਅਦਾ ਕਰ। ਖੁਦਾ ਦੀ ਕੁਝ ਖਿਦਮਤ ਕਰ ਲੈ... ਜਨਮ ਸੁਆਰ ਲੈ।" ਬੁੱਲੇ ਨੇ ਕਿਹਾ,

"ਭੱਠ ਨਮਾਜ਼ਾਂ ਚਿੱਕੜ ਰੋਜ਼ੇ, ਕਲਮੇਂ ਤੇ ਫਿਰ ਗਈ ਸਿਆਹੀ।
ਬੁੱਲਾ ਸ਼ਾਹ ਸਹੁ ਅੰਦਰੋਂ ਮਿਲਿਆ, ਭੁਲੀ ਫਿਰੇ ਲੁਕਾਈ॥"

(ਕੱਟੜ ਮੁਸਲਮਾਨ, ਬੁੱਲ੍ਹੇ ਦੀਆਂ ਇਨ੍ਹਾਂ ਕਾਵਿ-ਤੁਕਾਂ ਤੋਂ ਉਸ ਨੂੰ ਕਾਫਰ ਆਖਦੇ ਹਨ।)

ਮਜ਼ਹਬ ਦੀਆਂ ਦੀਵਾਰਾਂ ਅੰਦਰ ਸੀਮਤ ਲੋਗ, ਮਜ਼੍ਹਬੀ ਪ੍ਰੰਪਰਾਗਤ ਧਾਰਮਿਕ ਪੂਜਾ ਪੱਧਤੀ ਦੀ ਗੱਲ ਕਰਨਗੇ। ਬੁੱਲਾ ਮਜ਼ਹਬ ਦੀਆਂ ਤੰਗ ਦੀਵਾਰਾਂ ਨੂੰ ਢਾਅ ਚੁੱਕਿਆ ਹੈ, "ਨਾ ਮੈਂ ਮੋਮਨ ਵਿਚ ਮਸੀਤਾਂ ਨਾ ਮੈਂ ਵਿਚ ਕੁਫਰ ਦੀਆਂ ਰੀਤਾਂ ਨਾ ਮੈਂ ਪਾਕਾਂ ਵਿਚ ਪਲੀਤਾਂ, ਨਾ ਮੈਂ ਮੂਸਾ ਨਾ ਫਰਔਨ॥"

ਬੁੱਲੇ ਦੀ ਏਸ ਅਵਸਥਾ ਵਿਚ, "ਮਿਲਨ" ਤੋਂ ਪਹਿਲਾਂ ਦੀ ਬਿਹਬਲਤਾ ਹੈ.. ਹਿਰਦੈ ਦੀ ਸਰਲ ਸਪੰਦਨ (ਧੜਕਨ) ਹੈ। ਸਾਰੇ ਭਗਤਾਂ ਨੇ ਸੰਤਾਂ-ਪੀਰਾਂ ਨੇ ਇਸ ਦਹਿਲੀਜ਼ ਨੂੰ ਟੱਪਿਆ ਹੈ। ਪ੍ਰੀਤ ਦਾ ਉਹ ਮੁਕਾਮ ਜਦੋਂ ਸੰਸਾਰ ਦਾ ਸਬੰਧ ਟੁੱਟਦਾ ਹੈ... ਮੋਹ ਦਾ ਗੁਰਤਵਾਕਰਖਨ ਨਿਸ਼ਕ੍ਰਿਯ ਹੋਣ ਲਗਦੇ ਰਿਸ਼ਤੇ ਨਾਤਿਆਂ ਦੇ ਸਾਰੇ ਅਵਰੋਧ ਉੱਠਨ ਲਗਦੇ ਹਨ।

ਅੱਧੀ ਰਾਤ ਬੀਤ ਗਈ ਹੈ। ਸਾਰਾ ਸ਼ਹਿਰ ਸੌਂ ਰਿਹੈ। ਗੁਰੂ ਨਾਨਕ, ਪ੍ਰਭੂ ਸਿਮਰਨ ਵਿਚ, ਅੰਤਸ਼ ਵਿਚ ਉਤਰ ਰਹੇ ਹਨ। ਮਾਂ ਦੀ ਮਮਤਾ ਪੁਕਾਰਦੀ ਹੈ, ਵੇ ਨਾਨਕ! ਅੱਧੀ ਰਾਤ ਲੰਘ ਗਈ।

ਦੂਰੋਂ ਕਿਤੋਂ ਪਪੀਹੇ ਦੀ ਬ੍ਰਿਹਾ ਗੂੰਜ ਉੱਠੀ, "ਪੀਹੂ ਪੀਹੂ"।

ਮਾਂ! ਜਨਮਾਂ-ਜਨਮਾਂ ਤੋਂ ਦੂਰ ਹਾਂ; ਅੱਜ ਮਿਲ ਲੈਣ ਦੇ। ਅਜੇ ਤਾਂ ਲੌਕਿਕ ਪ੍ਰੇਮ ਵਾਲਾ ਇਹ ਪੰਖੀ ਵੀ ਨਹੀਂ ਸੁੱਤਾ... ਮੇਰੀ ਪ੍ਰੀਤ ਤਾਂ, ਅਲੌਕਿਕ ਨਾਲ, ਅਵਿਨਾਸ਼ੀ ਨਾਲ ਹੈ।

ਕੇਰਲ, ਪੂਰਨਾ ਨਦੀ ਦੇ ਕੰਢੇ ਕਾਲਿੰਦੀ ਪਿੰਡ ਦੀ ਝੌਂਪੜੀ ਵਿਚ, ਪੁਰਾਨੀ ਸੱਫ ਤੇ, ਫੱਟੇ ਹੋਏ ਕੰਬਲ ਵਿਚ ਲਿਪਟਿਆ ਸੱਤ ਵਰ੍ਹੇ ਦਾ ਬਾਲਕ ਅੱਧੀ ਰਾਤ ਅਚਾਨਕ ਉੱਠਦਾ, ਕਹਿੰਦਾ, ਕੋ



Namdhari Elibrary NamdhariElibrary@gmail.com

ਅਹਮ ? ਮੈਂ ਕੌਣ ਹਾਂ। ਕੋਲ ਸੁੱਤੀ ਮਾਤਾ ਕਹਿੰਦੀ, "ਸ਼ੰਕਰ, ਸੌ ਜਾ.. ਅਭੀ ਆਧੀ ਰਾਤ ਹੂਈ ਹੈ।"' ਨੌਂ ਸਾਲ ਦੀ ਉਮਰ ਵਿਚ ਇਸ ਪ੍ਰਸ਼ਨ ਦਾ ਜਵਾਬ ਭਾਲਦਾ, ਸ਼ੰਕਰ ਘਰੋਂ ਨਿਕਲ ਪਿਆ। ਕਈ ਵਰ੍ਹਿਆਂ ਤਕ ਚੌਹਾਂ ਦਿਸ਼ਾਵਾਂ ਵਿਚ ਫਿਰਦਾ ਰਿਹਾ.... ਆਪਣੇ ਗਵਾਚੇ ਅਦ੍ਰਿਸ਼ ਵਜੂਦ ਨੂੰ ਭਾਲਦਾ ਰਿਹਾ। ਜਦੋਂ ਪੁੱਜ ਗਿਆ... ਪਛਾਣ ਹੋ ਗਈ, ਤਾਂ ਕਿਹਾ "ਅਹਮ ਬ੍ਰਹਮ ਅਸਮੀ।" ਮੈਂ ਬ੍ਰਹਮ ਹਾਂ। ਇਹ ਆਦਿ ਸ਼ੰਕਰਾਚਾਰੀਆ ਬਣ ਮਸ਼ਹੂਰ ਹੋਇ।

ਪੰਜ ਤੱਤ ਦਾ ਇਹ ਸਰੀਰ! ਚਾਰ ਤੱਤ ਸੰਸਾਰਕ— ਮਿੱਟੀ, ਪਾਣੀ, ਹਵਾ ਅਤੇ ਅੱਗ। ਪੰਜਵਾਂ ਤੱਤ ਅਲੌਕਕ ਹੈ, ਬ੍ਰਹਮ ਤੱਤ। ਇਨ੍ਹਾਂ ਸਾਰੇ ਤੱਤਾਂ ਦਾ ਅੰਤਿਮ ਮੁਕਾਮ ਆਪਣੇ ਆਪਣੇ ਮੂਲ ਰੂਪ ਵਿਚ ਆਤਮਸਾਤ ਹੋਣਾ ਹੈ। ਸਰੀਰ ਚੜ੍ਹਾਈ ਕਰ ਗਿਆ... ਸਸਕਾਰ ਹੋਇਆ। ਚਾਰ ਤੱਤ ਸੰਸਾਰਕ ਆਪਣੇ ਮੂਲ ਰੂਪ ਵਿਚ ਲੀਨ ਹੋ ਗਏ। ਮਿੱਟੀ, ਮਿੱਟੀ ਵਿਚ, ਹਵਾ ਹਵਾ ਵਿਚ, ਪਾਣੀ ਪਾਣੀ ਵਿਚ ਅਤੇ ਅੱਗ ਅੱਗ ਵਿਚ ਲੈਅ ਹੋ ਗਈ। ਪਰ ਪੰਜਵਾਂ ਤੱਤ ? ਆਤਮਾ ਦਾ ਮੂਲ ਸ੍ਰੋਤ ਤਾਂ ਪਰਮਾਤਮਾ ਹੈ। ਸਾਰਾ ਜੀਵਨ ਤਾਂ ਦੇਹ ਨਾਲ, ਸਰੀਰ ਨਾਲ ਜੁੜੇ ਰਹੇ। ਇਸ ਦੀਆਂ ਲੋੜਾਂ-ਚਾਹਤਾਂ ਵਿਚ ਹੀ ਰੁੱਝੇ ਰਹੇ...। ਪੰਜਵੇਂ ਤੱਤ ਦੀ ਸੁੱਧ ਨਾ ਲਈ। ਉਸ ਅਦ੍ਰਿਸ਼ ਸਰੂਪ ਲਈ, ਜਿਸ ਨੇ ਪਰਮ ਤੱਤ ਨੂੰ ਨਿਰਵਾਨ ਨੂੰ... ਕੇਵਲਯ ਨੂੰ ਪ੍ਰਾਪਤ ਹੋਣਾ ਹੈ: ਕਦੀ ਅਹਿਸਾਸ ਨਾ ਕੀਤਾ। ਉਸ ਸੂਖਮ "ਮੈਂ" ਨਾਲ ਪ੍ਰੀਚੈ ਨਾ ਹੋਇਆ। ਅੱਜ ਬੁੱਲਾ ਆਪਣੇ ਆਪ ਨੂੰ ਪ੍ਰਾਪਤ ਹੋ ਰਿਹੈ। ਧਿਆਨ ਦੇਣਾ, ਭਗਤੀ, ਕੁਝ ਜਾਨਣਾ ਨਹੀਂ... ਕੁਝ ਪਾਉਣਾ ਨਹੀਂ। ਭਗਤੀ ਤਾਂ "ਮੈਂ" ਹੋਣ ਦੀ ਘਟਨਾ ਹੈ। ੧੮੯੩, ਸ਼ਿਕਾਗੋ ਦੀ ਧਰਮ ਸੰਸਦ ਵਿਚ, ਸੁਆਮੀ ਵਿਵੇਕਾਨੰਦ ਨੇ ਕਿਹਾ, "ਮੈਂ ਤੁਹਾਨੂੰ ਕੋਈ ਬਾਹਰ ਦੀ ਗੱਲ, ਕੋਈ ਬਾਹਰ ਦਾ ਗਿਆਨ ਦੇਣ ਨਹੀਂ ਆਇਆ। ਮੈਂ ਤੁਹਾਨੂੰ, ਤੁਹਾਡੇ ਹੀ ਅੰਦਰਲੇ ਪ੍ਰਕਾਸ਼ ਨਾਲ .... ਤੁਹਾਡੇ ਅੰਦਰਲੇ ਸੱਤ ਨਾਲ ਮਿਲਾਉਣ ਆਇਆ।"

ਇਸਲਾਮ ਦਾ ਰਹੱਸ ਪੱਖ ਸੂਫੀਵਾਦ ਹੈ। ਸੂਫੀ ਸ਼ਿੰਖਲਾ ਵਿਚ ਵਾਸਤਵ ਵਿਚ ਜੁਨੈਦ ਤੋਂ ਤਕਰੀਬਨ ਤੇਰਾਂ ਸੌ ਸਾਲ ਬਾਅਦ, ਸ਼ਾਹ ਅਨਾਇਤ ਦੀ ਦੱਸੀ, "ਤਰੀਕਤ" ਤੇ ਚੱਲਕੇ ਬੁੱਲੇ ਨੇ ਨਾ ਸਿਰਫ ਬੰਦੇ ਅਰ ਖੁਦਾ ਵਿਚਲੇ ਰਿਸ਼ਤਿਆਂ ਦੀ ਸ਼ਨਾਖਤ ਕੀਤੀ, ਸਗੋਂ ਇਸਲਾਮ ਦੀ ਬਾਹਰਮੁਖੀ ਵਿਚਾਰਧਾਰਾ ਵਿਚ ਜਵਾਰਭਾਟਾ ਲੈ ਆਂਦਾ। ਸ਼ਰੀਅਤ ਦੀਆਂ ਖੁਸ਼ਕ ਲਕੀਰਾਂ ਤੋਂ ਆਕੀ ਹੋਇਆ ਬੁੱਲਾ, ਮਨੁੱਖਤਾ ਦਾ ਮਾਰਗਦਰਸ਼ਨ ਹੋ ਨਿਤਰਿਆ।

—ਐਸ. ਸੀ. ਓ. ੮੪੭/੮੪੮
ਸੈਕਟਰ ੨੨ ਏ-ਚੰਡੀਗੜ੍ਹ

# ਗੀਤਾਂ ਦੀ ਗੰਢ

—ਦਲਬੀਰ ਸਿੰਘ 'ਤਰਸ'

(੧)

ਗੀਤਾਂ ਦੀ ਗੰਢ, ਪ੍ਰਭ ਜੀ ਮੇਰੇ, ਵਿਰਸੇ 'ਚੋਂ ਅਸਾਂ ਪਾਇਆ ਗਾਉਣਾ,
ਰੰਗ ਤੇਰਿਆਂ ਰੰਗਿਆ ਆਪਾ, ਭਰ ਭਰ ਲੱਪ ਲੁਟਾਉਣਾ।

ਹੱਥ ਅਸਾਡੇ ਸੰਗਦੇ ਸੰਗਦੇ, ਨੈਣਾਂ ਵਿੱਚ ਖੁਸ਼ਬੋਈਆਂ,
ਸੌ ਕੁਹ ਦੂਰ ਕੀਤੀਆਂ ਗੱਲਾਂ, ਸਨਮੁੱਖ ਆਣ ਖਲੋਈਆਂ।

ਰਾਹੀ ਜਾਂਦੇ ਸੁਪਨੇ ਸੰਗੀ, ਫੜ ਕੇ ਪਾਸ ਬਠਾਏ,
ਅਜਲੋਂ ਸੁੱਤੇ ਮੀਤ ਅਮੋਲੇ, ਹਰਿ ਹਰਿ ਨਾਮੁ ਜਗਾਏ।

ਦਿਹ ਸਾਡੀ ਮਸਤਾਨੀ ਹੋਈ, ਬੋਲ ਬਣੇ ਮਤਵਾਲੇ,
ਜਾਂ ਕੋ ਜਾਣੇ ਰੰਗਿਆ ਹੋਇਆ, ਜਾਂ ਆਪੇ ਰੰਗਣ ਵਾਲੇ।

ਗਿਰਦ ਅਸਾਡੇ ਪੱਸਰੀ ਜਾਵੇ, ਹੋਂਦ ਤੇਰੀ ਦਾ ਨੂਰ,
ਮਾਣਦਿਆਂ ਬਖਸ਼ੀਸ਼ ਤੇਰੀ ਨੂੰ, ਅਸੀਂ ਹੋਏ ਭਰਪੂਰ।

ਚੜ੍ਹਿਆ ਰੰਗ ਸਰੂਰ, ਪ੍ਰਭੂ ਜੀ ਹੋਂਦ ਤੇਰੀ ਦਾ ਨੂਰ।

(੨)

ਗੀਤਾਂ ਦੀ ਗੰਢ ਪ੍ਰਭ ਜੀ ਮੇਰੇ, ਬਖਸ਼ੀਸ਼ ਤੇਰੀ ਦੀ ਪਾਤਰ ਮੈਂ,
ਕਾਲ ਦੇ ਬਣ 'ਚੋਂ ਮਾਇਆ ਨੱਚਾਂ, ਹਰਿ ਹਰਿ ਰੰਗੀ ਦਾਤਰ ਮੈਂ।

ਘਰ ਦੇ ਵਿਹੜੇ ਬੀਜ ਉਗਾਇਆ, ਹਰਿ ਹਰਿ ਕਰ ਕੇ ਬੰਦਿਆ ਤੈਨੂੰ,
ਕਿਉਂ ਕਰ ਸਿੱਧੀਆਂ ਪਰਗਟ ਹੋਈਆਂ, ਅੱਜ ਸਮਾਂ ਪੁੱਛ ਰਿਹਾ ਮੈਨੂੰ।

ਮੈਂ ਮੇਰੀ ਆ ਕਰੇ ਚਾਕਰੀ, ਇੱਕ ਹੋਂਦ ਵੱਸ ਰਹੀ ਤੇਰੀ,
ਆਤਮ-ਨੇਤਰ ਹੋਏ ਵਿਭੋਰ, ਜੀਣ ਮਰਨ ਦੀ ਮੁੱਕੀ ਗੇੜੀ।

ਰਾਹ ਤੇਰੇ ਤੱਕ ਪੁੱਜਣ ਦਾ, ਸੱਚ ਨਾਮ ਤੇ ਤੁਰਦੇ ਜਾਈਏ,
ਕੂੜ ਕਹਾਣੀ ਮੁੱਕਦੀ ਜਾਏ, ਅੰਮ੍ਰਿਤ ਸਾਗਰਿ ਖੁਰਦੇ ਜਾਈਏ।

ਸੰਗ ਤੇਰੇ ਨਾ ਵੱਸ ਵਿੱਚ ਇੰਦਰੇ, ਪੰਜੇ ਵੈਰੀ ਮੀਤ ਹਮਾਰੇ,
ਹਲਕਾ ਫੁੱਲੀਂ ਖਿੜਨ ਭਰੋਸਾ, ਦੇਖੇ ਡੁੱਬਦੇ ਪੱਥਰ ਤਾਰੇ।

ਸੁਹ ਰਹੇ ਮਾਰਗ ਸਾਰੇ ਪ੍ਰਭੂ ਜੀ, ਪੰਜੇ ਵੈਰੀ ਮੀਤ ਹਮਾਰੇ।



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-BORE GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

**Sister Concern :**

**M/s Kartar Singh**

**ARMS & AMMUNITION DEALERS**



Namdhari Elibrary NamdhariElibrary@gmail.com

# ਪੰਜਾਬ ਦੀ ਅਜ਼ਾਦੀ ਦੀ ਪਹਿਲੀ ਜੰਗ

*—ਡਾ. ਕਿਰਪਾਲ ਸਿੰਘ*

੧੦ ਮਈ ੨੦੦੭ ਪਾਰਲੀਮੈਂਟ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਹੋਰ ਅਹੁਦੇਦਾਰਾਂ ਨੇ ਮਿਲ ਕੇ ੧੮੫੭ ਦੇ ਗਦਰ ਦੀ ਡੇਢ ਸੌ ਸਾਲਾ ਬਰਸੀ ਮਨਾਈ। ਇਸ ਸਮੇਂ ਪਾਰਲੀਮੈਂਟ ਦੇ ਡਿਪਟੀ ਸਪੀਕਰ ਸ. ਚਰਨਜੀਤ ਸਿੰਘ ਅਟਵਾਲ ਤੇ ਹੋਰ ਕੁਝ ਮੈਂਬਰਾਂ ਨੇ ਪਾਰਲੀਮੈਂਟ ਵਿਚ ਦੱਸਿਆ ਕਿ ਭਾਰਤ ਦੀ ਅਜ਼ਾਦੀ ਦੀ ਪਹਿਲੀ ਜੰਗ, ਪਹਿਲੀ ਪੰਜਾਬ ਦੀ ਜੰਗ ਸੀ ਪਰ ਉਹ ਇਸ ਦਾ ਵਿਸਥਾਰ ਨਹੀਂ ਕਰ ਸਕੇ ਕਿ ਇਹ ਕਿਵੇਂ ਅਜ਼ਾਦੀ ਦੀ ਪਹਿਲੀ ਜੰਗ ਹੈ।

ਪੰਜਾਬ ਦੀ ਜੰਗ ਨੂੰ ਅੰਗਰੇਜ਼ਾਂ ਨੇ ਗਲਤ ਨਾਮ ਦੇ ਕੇ ਪਹਿਲੀ ਅੰਗਰੇਜ਼ਾਂ-ਸਿੱਖਾਂ ਦੀ ਲੜਾਈ ਕਿਹਾ ਹੈ। ਇਸ ਜੰਗ ਨੂੰ ਇਸ ਲਈ ਭਾਰਤ ਦੀ ਅਜ਼ਾਦੀ ਦੀ ਪਹਿਲੀ ਜੰਗ ਕਹਿ ਸਕਦੇ ਹਾਂ ਕਿਉਂਕਿ ਇਸ ਜੰਗ ਵਿਚ ਪਹਿਲੀ ਵਾਰੀ ਹਿੰਦੁਸਤਾਨੀਆ ਨੇ ਅੰਗਰੇਜ਼ਾਂ ਦਾ ਡੱਟ ਕੇ ਮੁਕਾਬਲਾ ਕੀਤਾ ਸੀ ਤੇ ਏਸ਼ੀਆ ਵਿਚ ਇਹ ਪਹਿਲੀ ਜੰਗ ਸੀ ਜਿਸ ਵਿਚ ਅੰਗਰੇਜ਼ਾਂ ਨੂੰ ਹਾਰ ਹੁੰਦੀ। ਗੁਲਾਬ ਸਿੰਘ, ਤੇਜ ਸਿੰਘ, ਲਾਲ ਸਿੰਘ ਦੀ ਗੱਦਾਰੀ ਕਰਕੇ ਅੰਗਰੇਜ਼ ਬਚ ਗਏ ਸਨ। ਇਸ ਲੜਾਈ ਨੇ ਸਾਬਤ ਕਰ ਦਿੱਤਾ ਕਿ ਅੰਗਰੇਜ਼ੀ ਫੌਜ ਅਜਿੱਤ ਨਹੀਂ, ਹਿੰਦੁਸਤਾਨੀ ਫੌਜਾਂ ਵੀ ਇਨ੍ਹਾਂ ਨੂੰ ਹਰਾ ਸਕਦੀਆਂ ਹਨ। ਇਹ ਗੱਲ ਹਿੰਦੁਸਤਾਨੀ ਫੌਜਾਂ ਵਾਸਤੇ ਬੜੀ ਉਤਸ਼ਾਹਜਨਕ ਸੀ। ਇਸ ਜੰਗ ਤੋਂ ਉਤਸ਼ਾਹਤ ਹੋ ਕੇ ਹਿੰਦੁਸਤਾਨੀ ਸਿਪਾਹੀ ੧੮੫੭ ਦੇ ਗਦਰ ਵਿਚ ਅੰਗਰੇਜ਼ਾਂ ਦੇ ਵਿਰੁੱਧ ਉਠੇ। ਇਸ ਜੰਗ ਤੋਂ ਪਹਿਲਾਂ ਹਿੰਦੁਸਤਾਨੀਆਂ ਵਿਚ ਆਪਣੀ ਹੀਣਤਾ ਦੇ ਅਨੁਭਵ ਕਰਕੇ ਅੰਗਰੇਜ਼ਾਂ ਦੇ ਵਿਰੁੱਧ ਲੜਨ ਦੀ ਸਮਰਥਾ ਨਹੀਂ ਸੀ। ਇਹ ਅਸਲ ਵਿਚ ਭਾਰਤ ਦੇ ਇਕੋ ਅਜ਼ਾਦ ਇਲਾਕੇ ਸਾਰੇ ਪੰਜਾਬ ਦੀ ਅੰਗਰੇਜ਼ਾਂ ਦੇ ਵਿਰੁੱਧ ਲੜਾਈ ਸੀ। ਇਹ ਅਜ਼ਾਦੀ ਲਈ ਕੌਮੀ ਲੜਾਈ ਸੀ। ਕੇਵਲ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਨਹੀਂ। ਇਸ ਵਿਚ ਪੰਜਾਬ ਦੇ ਸਿੱਖ, ਮੁਸਲਮਾਨ ਤੇ ਹਿੰਦੂ ਸਾਰੇ ਪੰਜਾਬੀ ਸ਼ਾਮਿਲ ਸਨ ਕਿਉਂਕਿ ਰਣਜੀਤ ਸਿੰਘ ਦੀ ਸੰਗਠਿਤ ਕੀਤੀ ਫੌਜ ਵਿਚ ਸਾਰੇ ਪੰਜਾਬੀ ਸਨ ਤੇ ਖਾਸ ਕਰਕੇ ਪੰਜਾਬੀ ਮੁਸਲਮਾਨਾਂ ਦੇ ਅਧੀਨ ਲਾਹੌਰ ਦਰਬਾਰ ਦਾ ਤੋਪਖਾਨਾ ਸੀ। ਪੰਜਾਬੀ ਮੁਸਲਮਾਨਾਂ ਦਾ ਇਸ ਵਿਚ ਵਧੇਰੇ ਸ਼ਾਮਲ ਹੋਣਾ ਸਮਕਾਲੀ ਲੇਖਕ ਸ਼ਾਹ ਮੁਹੰਮਦ ਨੇ ਸਪਸ਼ਟ ਲਿਖਿਆ ਹੈ ਉਸ ਦਾ ੬੦ਵਾਂ ਬੰਦ ਇਸ ਤਰਾਂ ਹੈ :-

**ਮਜ਼ਹਰ ਅਲੀ ਤੇ ਮਾਘੇ ਖਾਂ ਕੂਚ ਕੀਤਾ,**
**ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆ ਨੀ।**
**ਬੇੜਾ ਚੜ੍ਹਿਆ ਸੁਲਤਾਨ ਮਹਿਮੂਦ ਵਾਲਾ,**
**ਤੋਪਾਂ ਨਾਲ ਇਮਾਮ ਸ਼ਾਹ ਵਾਲੀਆ ਨੀ।**
**ਇਲਾਹੀ ਬਖ਼ਸ਼ ਪਟੋਲੀ ਨੇ ਮਾਂਜ ਕੇ ਜੀ,**
**ਧੂਪ ਦੇਇ ਕੇ ਤਖ਼ਤ ਬਹਾਲੀਆਂ ਨੀ।**
**ਸ਼ਾਹ ਮੁਹੰਮਦਾ ਐਸੀਆਂ ਲਿਸ਼ਕ ਆਈਆਂ,**
**ਬਿਜਲੀ ਵਾਂਗ ਜੋ ਦੇਣ ਵਖਾਲੀਆ ਨੀ।**

**ਇਕ ਥਾਂ ਹੋਰ ਸ਼ਾਹ ਮੁਹੰਮਦ ਲਿਖਦਾ ਹੈ :**

**ਚਲੀ ਸਭ ਪੰਜਾਬ ਦੀ ਪਾਤਸ਼ਾਹੀ**
**ਨਹੀ ਦਲਾਂ ਦਾ ਅੰਤ ਸ਼ੁਮਾਰ ਮੀਆਂ। (ਬੰਦ ੬੩)**

ਕੇਵਲ ਗੁਲਾਬ ਸਿੰਘ ਇਸ ਪੰਜਾਬ ਦੀ ਜੰਗ ਵਿਚ ਸ਼ਾਮਲ ਨਹੀਂ ਹੋਇਆ ਉਸ ਦੇ ਵੱਖਰੇ ਵਿਸ਼ੇਸ਼ ਕਾਰਨ ਸਨ। ਹਰ ਵਰਗ ਦੇ ਲੋਕ ਇਸ ਜੰਗ ਵਿਚ ਸ਼ਾਮਲ ਹੋਏ। ਜਦੋਂ ਵਿਸਕਾਉਂਟ ਹਾਰਡਿੰਗ ਗਵਰਨਰ ਜਨਰਲ ਬਣ ਕੇ ੧੮੪੪ ਵਿਚ ਕਲਕੱਤੇ ਆਇਆ ਤਾਂ ਗੁਲਾਬ ਸਿੰਘ ਕਲਕੱਤੇ ਜਾ ਕੇ ਉਸ ਨੂੰ ਮਿਲਿਆ ਤੇ ਪੰਜਾਬ ਤੇ ਹਮਲਾ ਕਰਨ ਲਈ ਪ੍ਰੇਰਿਆ ਕਿਉਂਕਿ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ।

**ਅੰਗਰੇਜ਼ਾਂ ਦੀ ਅਕਰਮਣਸ਼ੀਲ ਨੀਤੀ**

ਕਾਰਮਈਕਲ ਸਮਿਥ ਲਿਖਦਾ ਹੈ, "ਸਾਨੂੰ ਦੱਸਿਆ ਜਾਂਦਾ ਹੈ ਕਿ ਸਿੱਖਾਂ ਦੀ ਫੌਜ ਨੇ ਦਰਿਆ ਪਾਰ ਕਰਕੇ ਸੰਧੀ-ਪੱਤ੍ਰ ਨੂੰ ਭੰਗ ਕੀਤਾ ਹੈ। ਪਰੰਤੂ ਸਵਾਲ ਇਹ ਹੈ ...ਅਸੀਂ ਆਪ ਮਿੱਤਰਤਾ ਦੇ ਨਿਯਮਾਂ ਨੂੰ ਪਹਿਲਾਂ ਤੋੜਿਆ ਸੀ। ਜੰਗ ਲੱਗਣ ਤੋਂ ਪਹਿਲਾਂ ਅਸਾਂ ਫਿਰੋਜ਼ਪੁਰ ਤੇ ਪੰਜਾਬ ਦੇ ਵਿਚਕਾਰ ਉਸ ਇਲਾਕੇ ਤੇ ਕਬਜ਼ਾ ਕਰ ਲਿਆ ਸੀ ਜੋ ਸਿੱਖਾਂ ਦੇ ਤਹਿਤ ਸੀ। ਇਹ ਦਾਅਵਾ ਕਰਨਾ ਬੇਥਵਾ ਹੈ ਕਿ ਬੰਬਈ ਤੋਂ ਬੇੜੀਆਂ ਦਾ ਪੁਲ ਚੜ੍ਹਾਈ ਕਰਨ ਲਈ ਨਹੀਂ ਸਗੋਂ ਬਚਾਉ ਖਾਤਰ ਲਿਆਂਦਾ ਗਿਆ ਸੀ। ਇਹ ਗਲ ਵੀ ਵਰਣਨਯੋਗ ਹੈ ਕਿ ਉਨ੍ਹਾਂ (ਲਾਹੌਰ ਦਰਬਾਰ ਦੀਆਂ ਫੌਜਾਂ) ਨੇ ਸਾਡੇ ਇਲਾਕੇ ਵਿਚ ਨਹੀਂ ਸਗੋਂ ਆਪਣੇ ਇਲਾਕੇ ਵਿਚ ਡੇਰਾ ਕੀਤਾ।"

ਇਸ ਜੰਗ ਦੀਆਂ ਚਾਰ ਵਿਸ਼ੇਸ਼ ਲੜਾਈਆਂ ਮੰਨੀਆਂ



Namdhari Elibrary NamdhariElibrary@gmail.com

ਜਾਂਦੀਆਂ ਹਨ-ਮੁੱਦਕੀ, ਫੇਰੂਸ਼ਾਹ, ਅਲੀਵਾਲ ਤੇ ਸਭਰਾਉਂ। ਆਖਰੀ ਲੜਾਈ ਸਭਰਾਉਂ ਦਾ ਹਾਲ ਅੰਗਰੇਜ਼ ਲਿਖਾਰੀਆਂ ਨੇ ਤੇ ਹੋਰ ਲਿਖਾਰੀਆਂ ਨੇ ਬਹੁਤ ਵਿਸਥਾਰ ਨਾਲ ਲਿਖਿਆ ਹੈ। ਆਰ. ਬੋਸਵਰਥ ਸਮਿੱਥ ਲਿਖਦਾ ਹੈ :

"ਨਿਮਕ-ਹਰਾਮ ਸਰਦਾਰਾਂ ਦੀ ਧਾੜ ਵਿਚੋਂ ਇਕ ਵਫਾਦਾਰ ਬੁੱਢੇ ਸਰਦਾਰ ਸ਼ਾਮ ਸਿੰਘ ਦਾ ਨਾਂ ਵਰਨਣਯੋਗ ਹੈ। ਚਿੱਟਾ ਬਾਣਾ ਪਹਿਨ ਕੇ ਤੇ ਪ੍ਰਾਚੀਨ ਕਾਲ ਦੇ ਡੇਸੀਅਸ (Decius) ਵਾਂਗ ਸਿਰ ਤਲੀ ਤੇ ਧਰ ਕੇ ਉਸ ਨੇ ਆਪਣੇ ਸਾਥੀਆਂ ਨੂੰ ਵੰਗਾਰਿਆ ਕਿ ਉਹ ਵਾਹਿਗੁਰੂ ਤੇ ਗੁਰੂ ਦੀ ਖ਼ਾਤਰ ਹੱਲਾ ਬੋਲ ਦੇਣ। ਕਈਆਂ ਨੂੰ ਮੌਤ ਦੇ ਘਾਟ ਉਤਾਰ ਕੇ ਉਹ ਬਹਾਦਰੀ ਨਾਲ ਆਪਣੀ ਜਾਨ ਤੇ ਖੇਡ ਗਿਆ"।

ਮੁਹੰਮਦ ਲਤੀਫ ਲਿਖਦਾ ਹੈ, "ਬੁੱਢੇ ਸਰਦਾਰ ਸ਼ਾਮ ਸਿੰਘ ਨੇ ਆਪਣੀ ਲੰਮੀ ਦੁੱਧ-ਚਿੱਟੀ (ਬਰਫਾਨੀ) ਦਾੜ੍ਹੀ ਵਰਗੀ ਸਫੈਦ ਪੁਸ਼ਾਕ ਪਾਈ, ਆਪਣੀ ਚੀਨੀ ਘੋੜੀ ਨੂੰ ਸਰਪਟ ਦੁੜਾਂਦਿਆਂ ਤੇ ਆਪਣੇ ਜੁਸ਼ੀਲੇ ਸਾਥੀਆਂ ਨੂੰ ਹੱਲਾ ਸ਼ੇਰੀ ਦੇਂਦਿਆਂ ਉਹ ਅੱਗੇ ਵਧਿਆ ਤੇ ਅੰਤ ਤਕ ਮੌਤ ਨੂੰ ਟਿੱਚ ਜਾਣਦਾ ਹੋਇਆ (ਦੇਸ਼ ਦੀ ਸੁਤੰਤਰਤਾ ਦੀ ਖਾਤਰ) ਸ਼ਹੀਦੀ ਪ੍ਰਾਪਤ ਕਰ ਗਿਆ।" ਉਸ ਦੀ ਸ਼ਾਨਦਾਰ ਮਿਸਾਲ ੧੮੪੬ ਤੋਂ ਲੈ ਕੇ ੧੯੪੭ ਤਕ ਅੰਗਰੇਜ਼ਾਂ ਦੇ ਵਿਰੁੱਧ ਲੜਨ ਵਾਲੇ ਹਜ਼ਾਰਾਂ ਸੁਤੰਤਰਤਾ-ਸੰਗਰਾਮੀਆਂ ਲਈ ਚਾਨਣ-ਮੁਨਾਰਾ ਤੇ ਪ੍ਰੇਰਨਾ ਦਾ ਸੋਮਾ ਬਣ ਗਈ।

ਸ਼ਾਮ ਸਿੰਘ ਦੇ ਐਲਾਨ ਦਾ ਲੋੜੀਂਦਾ ਅਸਰ ਪਿਆ। ਅਲੀਵਾਲ ਦੀ ਹਾਰ ਦੇ ਕਾਰਨ ਸਿੱਖ ਦਿਲ ਛੱਡ ਬੈਠੇ ਸਨ। ਸਰਦਾਰ ਸ਼ਾਮ ਸਿੰਘ ਦੀ ਸ਼ਾਨਦਾਰ ਮਿਸਾਲ ਨੇ ਉਨ੍ਹਾਂ ਨੂੰ ਨਵਾਂ ਜੋਸ਼, ਉਤਸ਼ਾਹ ਤੇ ਪ੍ਰੇਰਨਾ ਦਿੱਤੀ। ਕਨਿੰਘਮ ਨੇ ਇਸ ਹਾਲਤ ਨੂੰ ਹੂ-ਬਹੂ ਬਿਆਨ ਕਰਦਿਆਂ ਹੋਇਆਂ ਇਉਂ ਲਿਖਿਆ ਹੈ :

"ਜਿਨ੍ਹਾਂ ਖਤਰਿਆਂ ਵਿਚ ਸਿੱਖ ਕੌਮ ਘਿਰੀ ਹੋਈ ਸੀ, ਉਹ ਉਨ੍ਹਾਂ ਦੇ ਦਿਲ-ਦਿਮਾਗ ਤੇ ਛਾਏ ਹੋਏ ਸਨ ਤੇ ਉਨ੍ਹਾਂ ਨੂੰ ਬਦੇਸ਼ੀ ਗੁਲਾਮੀ ਵਿਚੋਂ ਛੁਟਕਾਰਾ ਪਾਉਣ ਦਾ ਕੋਈ ਰਾਹ ਨਹੀਂ ਸੁੱਝ ਰਿਹਾ ਸੀ। ਬਿਰਧ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਆਪਣੀ ਕੌਮ ਦੇ ਦੁਸ਼ਮਣਾਂ ਨਾਲ ਟੱਕਰ ਵਿਚ ਸ਼ਹੀਦ ਹੋਣ ਤੇ ਇਸ ਤਰਾਂ (ਗੁਰੂ) ਗੋਬਿੰਦ (ਸਿੰਘ) ਦੀ ਸਪਿਰਟ ਤੇ ਉਸ ਦੇ ਰਹੱਸਵਾਦੀ ਪੰਚਾਇਤੀ ਰਾਜ ਨੂੰ ਰਿਝਾਉਣ ਲਈ ਆਪਣੀ ਕੁਰਬਾਨੀ ਦੇਣ ਦਾ ਫੈਸਲਾ ਕਰ ਲਿਆ।"

ਅੰਗਰੇਜ਼ਾਂ ਦੇ ਪਹਿਲੇ ਹਮਲੇ ਸਮੇਂ ਸਰਦਾਰ ਸ਼ਾਮ ਸਿੰਘ ਲਗਭਗ ਹਰੇਕ ਥਾਂ ਮੌਜੂਦ ਦਿਸਦਾ ਸੀ। ਉਹ ਇਕ ਦਸਤੇ ਤੋਂ ਦੂਜੇ ਵਲ ਜਾਂਦਾ ਹੋਇਆ ਜਵਾਨਾਂ ਨੂੰ ਡੱਟ ਕੇ ਲੜਨ ਲਈ ਹੱਲਾ-ਸ਼ੇਰੀ ਦੇਣ ਤੇ ਉਨ੍ਹਾਂ ਦਾ ਹੌਸਲਾ ਕਾਇਮ ਰੱਖਣ ਵਿਚ ਪੂਰੀ ਤਰਾਂ ਸਫਲ ਹੋ ਰਿਹਾ ਸੀ। ਉਸ ਦੇ ਇਸ ਕਰਤੱਵ ਨੇ ਸਿੱਖ ਫੌਜ ਨੂੰ ਵਧੇਰੇ ਜੋਸ਼ ਨਾਲ ਲੜਨ ਲਈ ਉਭਾਰਿਆ ਤੇ ਅੰਤ ਵਿਚ ਅੰਗਰੇਜ਼ਾਂ ਨੂੰ ਪਛਾੜ ਦਿੱਤਾ ਗਿਆ। ਵਿਲੀਅਮ ਐਡਵਰਡ ਨੇ, ਜੋ ਇਸ ਹਮਲੇ ਸਮੇਂ ਉਥੇ ਮੌਜੂਦ ਸੀ, ਇਸ ਸਮੇਂ ਦਾ ਹੂ-ਬਹੂ ਦ੍ਰਿਸ਼ ਲਿਖਿਆ ਹੈ।

ਗਿਲਬਰਟ ਦੇ ਡਵੀਜਨ ਨੇ ਸਿੱਖਾਂ ਦੇ ਕੇਂਦਰੀ ਮੋਰਚੇ ਉਤੇ ਤੀਜਾ ਹਮਲਾ ਕੀਤਾ। ਇਕ ਦੂਜੇ ਦੇ ਮੋਢਿਆਂ ਉਤੇ ਚੜ੍ਹਦੇ ਹੋਏ ਉਹ ਸਿੱਖਾਂ ਦੇ ਮੋਰਚਿਆਂ ਉਤੇ ਪਹੁੰਚ ਗਏ ਤੇ ਜਿਸ ਵੇਲੇ ਉਨ੍ਹਾਂ ਦੀ ਗਿਣਤੀ ਬਹੁਤ ਵਧ ਗਈ, ਉਨ੍ਹਾਂ ਨੇ ਝੱਪਟ ਕੇ ਸਿੱਖਾਂ ਦੀਆਂ ਤੋਪਾਂ ਤੇ ਕਬਜ਼ਾ ਕਰ ਲਿਆ। ਛੇਤੀ ਹੀ ਇਹ ਖਬਰ ਸਾਰੀ ਸਿੱਖ ਫੌਜ ਵਿਚ ਖਿੱਲਰ ਗਈ ਕਿ ਦੁਸ਼ਮਣ ਦੀਆਂ ਫੌਜਾਂ ਸਿੱਖਾਂ ਦੇ ਮੋਰਚਿਆਂ ਵਿਚ ਧਸ ਆਈਆਂ ਹਨ। ਜਦ ਸਰਦਾਰ ਸ਼ਾਮ ਸਿੰਘ ਨੇ ਆਪਣੀ ਫੌਜ ਦੀ ਹਾਰ ਹੁੰਦੀ ਦੇਖੀ, ਤਾਂ ਉਸ ਨੇ ਅੰਤਮ ਮਾਰੂ ਕਦਮ ਚੁੱਕਣ ਦਾ ਫੈਸਲਾ ਕਰ ਕੇ ਆਪਣੀ ਘੋੜੀ ਨੂੰ ਅੱਡੀ ਲਈ ਤੇ ਉਹ ਤਲਵਾਰ ਘੁਮਾਂਦਾ ਤੇ ਮਾਰੋ-ਮਾਰ ਕਰਦਾ ਹੋਇਆ ਪੰਜਾਹਵੀਂ ਪਿਆਦਾ ਫੌਜ ਵਿਚ ਜਾ ਘੁੱਸਿਆ। ਨਾਲ ਦੀ ਨਾਲ ਉਸ ਨੇ ਜਵਾਨਾਂ ਨੂੰ ਵੰਗਾਰਿਆ ਕਿ ਕੋਈ ਮੈਦਾਨ ਛੱਡ ਕੇ ਨਾ ਭੱਜੇ। ਜਦ ਉਸ ਦੀ ਛਾਤੀ ਸੱਤ ਗੋਲੀਆਂ ਨਾਲ ਵਿੰਨ੍ਹੀ ਗਈ ਤਾਂ ਉਹ ਸ਼ਹੀਦ ਹੋ ਕੇ ਘੋੜੀ ਤੋਂ ਡਿੱਗ ਪਿਆ।

ਸਰਦਾਰ ਸ਼ਾਮ ਸਿੰਘ ਦੀ ਦਲੇਰੀ ਅਤੇ ਦ੍ਰਿੜ੍ਹਤਾ ਨੇ ਸੁਭਰਾਉਂ ਨੂੰ ਭਾਰਤ ਦਾ ਵਾਟਰਲੂ ਬਣਾ ਦਿੱਤਾ। ਜੀ.ਬੀ. ਮੈਲੀਸਨ ਨੇ ਲਿਖਿਆ ਹੈ, "ਜੇਕਰ ਸਿੱਖ ਇਥੇ ਜਿੱਤ ਜਾਂਦੇ ਤਾਂ ਭਾਰਤ ਅੰਗਰੇਜ਼ਾਂ ਦੇ ਹੱਥੋਂ ਨਿਕਲ ਜਾਣਾ ਸੀ"। ਇਸ ਤਰਾਂ ਸ਼ਾਮ ਸਿੰਘ ਆਜ਼ਾਦੀ ਸੰਗਰਾਮ ਦਾ ਪਹਿਲਾ ਸ਼ਹੀਦ ਹੈ ਇਸ ਦਾ ਬੁੱਤ ਵੀ ਪਾਰਲੀਮੈਂਟ ਵਿਚ ਲਗਣਾ ਚਾਹੀਦਾ ਹੈ।

ਪਤਾ ੧੨੭੮ ਸੈਕਟਰ ੧੫-ਬੀ ਚੰਡੀਗੜ੍ਹ,
ਫੋਨ : ੦੧੭੨-੨੭੭੨੫੨੫

*ਡਾ. ਕਿਰਪਾਲ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬ ਹਿਸਟੋਰੀਕਲ ਸਟੱਡੀਜ਼ ਮਹਿਕਮਾ ਦੇ ਪ੍ਰੋਫੈਸਰ ਤੇ ਮੁਖੀ ਰਹਿ ਚੁੱਕੇ ਹਨ। ਆਪ ਇਸੇ ਯੂਨੀਵਰਸਿਟੀ ਦੇ ਓਰਲ ਹਿਸਟਰੀ ਸੈਲ ਦੇ ਸੰਸਥਾਪਕ ਹਨ।*



Namdhari Elibrary NamdhariElibrary@gmail.com

ਕੂਕਾ ਲਹਿਰ ਦਾ ਅਮਰ ਨਾਇਕ

# ਸਾਗਰ ਨੂੰ ਚੀਰਨ ਵਾਲਾ—ਭਾਈ ਮੀਹਾਂ ਸਿੰਘ ਸਿਰਹਾਲੀ

*—ਸੁਵਰਨ ਸਿੰਘ ਵਿਰਕ*

ਨਾਮਧਾਰੀ ਪੰਥ ਦੀ ਸਥਾਪਨਾ ਦੀ ੧੫੦ਵੀਂ ਵਰ੍ਹੇਗੰਢ ਵਾਲੇ ਸਾਲ ਵਿਚ ਅਸੀਂ ਕੂਕਾ ਤਹਿਰੀਕ ਦੇ ਉਨ੍ਹਾਂ ਪਾਤਰਾਂ ਨੂੰ ਮੁੜ ਚੇਤੇ ਕਰਨ ਦਾ ਸੰਕਲਪ ਦੁਹਰਾ ਰਹੇ ਹਾਂ, ਜਿਹੜੇ ਆਪਣੇ ਜਿਉਂਦੇ ਜੀਅ ਇਕ ਮਿੱਥ ਬਣ ਕੇ ਲੋਕ ਮਨਾਂ ਵਿਚ ਵੱਸ ਗਏ ਸਨ ਅਤੇ ਅੱਜ ਵੀ ਜਦੋਂ ਉਨ੍ਹਾਂ ਦਾ ਜ਼ਿਕਰ ਛਿੜਦਾ ਹੈ, ਤਾਂ ਸਰੋਤਿਆਂ ਪਾਠਕਾਂ ਦਾ ਸਰੀਰ ਇਕ ਕੰਬਣੀ ਮਹਿਸੂਸ ਕਰਦਾ ਹੈ ਅਤੇ ਮਨਾਂ ਮਸਤਕਾਂ ਵਿਚ ਬਿਜਲੀਆਂ ਕਉਂਧ ਉੱਠਦੀਆਂ ਹਨ। ਅਜਿਹੀਆਂ ਸ਼ਖਸੀਅਤਾਂ ਦਾ ਆਪਣੇ ਇਸ਼ਟ, ਆਪਣੇ ਮਿਸ਼ਨ, ਪ੍ਰਤੀ ਸਮਰਪਣ ਸੰਪੂਰਨ ਹੁੰਦਾ ਹੈ, ਜਿਸ ਤੇ ਉਂਗਲ ਧਰਨ ਨੂੰ ਕੋਈ ਥਾਂ ਨਹੀਂ ਹੁੰਦੀ। ਭਾਈ ਬਿਧੀ ਚੰਦ ਜਿਸ ਨੇ ਪੰਜਵੇਂ ਤੇ ਛੇਵੇਂ ਸਤਿਗੁਰਾਂ ਦੀ ਚਰਨ-ਛੁਹ ਮਾਣੀ ਸੀ, ਉਸ ਨੇ ਅਨੇਕ ਜੰਗਾਂ ਜੁੱਧਾਂ ਵਿਚ ਵੀ ਹਿੱਸਾ ਲਿਆ ਸੀ ਪਰ ਵੇਲੇ ਦੇ ਹਾਕਮਾਂ ਤੋਂ ਸਤਿਗੁਰੂ ਜੀ ਦੀ ਭੇਟਾ ਸਵਰੂਪ ਆਏ ਦੁਸ਼ਾਲੇ ਅਤੇ ਦੋ ਘੋੜੇ ਲਾਹੌਰ ਦੇ ਸ਼ਾਹੀ ਕਿਲੇ 'ਚੋਂ ਨਸਾ ਲਿਆਉਣ ਵਾਲੇ ਕਾਰਨਾਮਿਆਂ ਨੇ ਉਸ ਨੂੰ ਮਿੱਥ ਵਿਚ ਪਰਵਰਤਿਤ ਕਰ ਦਿੱਤਾ ਸੀ। ਭਾਈ ਬਿਧੀ ਚੰਦ ਦੀਆਂ ਪੈੜਾਂ ਤੇ ਚੱਲਣ ਵਾਲਾ ਇਕ ਸੂਰਮਾ ਭਾਈ ਮੀਹਾਂ ਸਿੰਘ ਸਿਰਹਾਲੀ ਸੀ। ਵੈਸੇ ਇਤਿਹਾਸ ਦੇ ਦੋਵਾਂ ਲੋਕ ਨਾਇਕਾਂ ਦੇ ਵਿਚਾਲੇ ਇਹ ਸਾਂਝ ਵੀ ਹੈ ਕਿ ਭਾਈ ਬਿਧੀ ਚੰਦ ਛੀਨੇ ਦੇ ਨਾਨਕੇ ਸਿਰਹਾਲੀ ਪਿੰਡ ਵਿਚ ਹੀ ਸਨ। ਬਿਧੀ ਚੰਦ ਹੋਰਾਂ ਦੇ ਲਹੌਰ ਦੇ ਕਿਲੇ ਵਿਚ ਪੁੱਜ ਕੇ ਮਕਸਦ ਹਾਸਲ ਕਰਨ ਵਰਗਾ ਮੁਅਜਜ਼ਾ ਭਾਈ ਮੀਹਾਂ ਸਿੰਘ ਨੇ ਮਰਗੋਈ (ਬ੍ਰਿਟਿਸ਼ ਬਰਮਾ ਦਾ ਇਕ ਟਾਪੂ) ਜਿਹਲ ਦੇ ਇਕ ਬੰਗਲੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾ ਸਿਰਫ ਦਰਸ਼ਨ ਹੀ ਕਰਕੇ, ਸਗੋਂ ਇਕ ਰਾਤ ਉਨ੍ਹਾਂ ਪਾਸ ਬਿਤਾ ਕੇ ਕੀਤਾ। ਸੌ ਦੇ ਕਰੀਬ ਨਾਮਧਾਰੀ ਸਿੰਘਾਂ ਨੇ ਰੰਗੂਨ ਜਾਂ ਮਰਗੋਈ ਵਿਚ ਨਜ਼ਰਬੰਦ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਪਣੀਆਂ ਅਰਦਾਸਾਂ ਅਤੇ ਸਤਿਗੁਰੂ ਜੀ ਦੇ ਹੁਕਮਨਾਮਿਆਂ ਦਾ ਆਦਾਨ ਪਰਦਾਨ ਤਾਂ ਕੀਤਾ ਸੀ ਪਰ ਪੂਰੀ ਇਕ ਰਾਤ ਗੁਰੂ ਪਿਤਾ ਪਾਸ ਬਿਤਾਉਣ ਦਾ ਕਾਰਨਾਮਾ ਸੂਰਮੇ ਮੀਹਾਂ ਸਿੰਘ ਦੀ ਕੀਰਤੀ ਨੂੰ ਚਿਰ ਸਥਾਈ ਬਨਾਉਣ ਵਾਲਾ ਹੋ ਨਿੱਬੜਿਆ ਸੀ।

ਮੀਹਾਂ ਸਿੰਘ ਦਾ ਜਨਮ ੧੮੫੪ ਈ. ਵਿਚ ਮਾਝੇ ਦੇ ਪ੍ਰਸਿੱਧ ਪਿੰਡ ਸਿਰਹਾਲੀ ਵਿਚ ਹੋਇਆ ਸੀ। ਸਿਰਹਾਲੀ ਨਿਵਾਸੀਆਂ ਜਿਉਂ, ਪੰਜਾਬ ਦੇ ਸਾਰੇ ਹੀ ਸੰਧੂ ਜੱਟ, ਆਪਣਾ ਨਿਕਾਸ ਗਜ਼ਨੀ (ਅਫਗਾਨਿਸਤਾਨ) ਤੋਂ ਹੋਇਆ ਮਿਥਦੇ ਹਨ। ਮੀਹਾਂ ਸਿੰਘ ਦਾ ਪਿਤਾ, ਸਿਰਹਾਲੀ ਪਰਿਵਾਰ ਦਾ ਮੁਖੀ ਪ੍ਰਸਿੱਧ ਕੂਕਾ ਸ਼ਾਮ ਸਿੰਘ ਸੀ, ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵਿਚ ਹੀ ਲਹੌਰ ਦਰਬਾਰ ਦੀ ਸੈਨਾ ਵਿਚ ਭਰਤੀ ਹੋਣ ਦਾ ਅਵਸਰ ਮਿਲਿਆ ਸੀ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਅੰਮ੍ਰਿਤਸਰ ਦਾ ਪਹਿਲਾ ਦੌਰਾ ਕੀਤਾ ਤਾਂ ਸ਼ਾਮ ਸਿੰਘ ਨੇ ਪੁਰਾਣੀ ਸਾਂਝ ਦੇ ਆਧਾਰ 'ਤੇ ਆਪਦੇ ਲੜ ਲਗਦਿਆਂ ਜ਼ਿਆਦਾ ਦੇਰ ਨਾ ਲਾਈ। ਉਸ ਦਾ ਸ਼ਾਹੂਕਾਰਾ ਚੱਲਦਾ ਸੀ। ਬਹੁਤ ਸਾਰੇ ਗਰੀਬ ਕਿਸਾਨਾਂ ਦੀ ਭੂਮੀ ਉਹਦੇ ਪਾਸ ਰਹਿਣ ਰੱਖੀ ਹੋਈ ਸੀ। ਕੂਕਾ ਬਣਨ ਤੋਂ ਬਾਅਦ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਗਰੀਬਾਂ ਲੋੜਵੰਦਾਂ ਦੇ ਵਿਆਜ ਦੀ ਕਮਾਈ ਤੋਂ ਪਰਹੇਜ਼ ਕਰਨ ਹਿਤ ਉਸ ਆਪਣੇ ਸੀਰੀ ਹਰੀਏ ਨੂੰ ਸਾਰੀਆਂ ਵਹੀਆਂ ਚੁਕਵਾ ਕੇ ਪਿੰਡ ਦੇ ਬਾਹਰ ਖੂਹ ਵਿਚ ਸੁਟਵਾ ਦਿੱਤੀਆਂ ਅਤੇ ਕਿਸਾਨਾਂ ਦੀ ਭੂਮੀ ਰਹਿਣ ਮੁਕਤ ਕਰ ਦਿੱਤੀ। ਉਂਵੇ ਉਹ ਘੋੜਿਆਂ ਦਾ ਬੜਾ ਸ਼ੌਕੀਨ ਸੀ। ਚੰਗੀ ਨਸਲ ਦੇ ਘੋੜੇ ਘੋੜੀਆਂ ਪਾਲ ਕੇ ਰੱਖਦਾ। ਇਕ ਵੇਰ ਲਹੌਰ ਦਰਬਾਰ ਦੇ ਉੱਘੇ ਸੈਨਾਪਤੀ ਸ. ਲਹਿਣਾ ਸਿੰਘ ਮਜੀਠੀਏ ਨੇ ਉਸ ਦੀ ਪ੍ਰਾਹੁਣਾਚਾਰੀ ਸਿਰਹਾਲੀ ਵਿਖੇ ਮਾਣੀ ਸੀ ਅਤੇ ਉਸ ਦੇ ਇਕ ਘੋੜੇ ਦੀ ਬਹੁਤ ਪ੍ਰਸੰਸਾ ਕੀਤੀ। ਸ਼ਾਮ ਸਿੰਘ ਨੇ ਸਰਦਾਰ ਦੀ ਵਾਪਸੀ 'ਤੇ ਇਹ ਘੋੜਾ ਉਸ ਦੇ ਨਾਲ ਹੀ ਲਹੌਰ ਭੇਜ ਦਿੱਤਾ। ਇਵਜ਼ਾਨੇ ਵਜੋਂ ਮਜੀਠੀਏ ਸਰਦਾਰ ਨੇ 'ਬੁਰਜ ਰਾਇਕੇ' ਜੋ ਪੱਟੀ ਦੇ ਮੁਗਲਾਂ ਦਾ ਪਿੰਡ ਸੀ, ਇਸ ਤੇ ਸ਼ਾਮ ਸਿੰਘ ਪਰਿਵਾਰ ਦਾ ਹੱਕ ਤਸਲੀਮ ਕਰ ਦਿੱਤਾ ਅਤੇ ਇਉਂ ਸ਼ਾਮ ਸਿੰਘ ਦਾ ਕੁਝ ਪਰਿਵਾਰ ਇਸ ਪਿੰਡ ਵਿਚ ਵੀ ਕਾਬਜ਼ ਹੋ ਕੇ ਨਿਵਾਸੀ ਬਣ ਗਿਆ ਸੀ ਅਤੇ ਅੱਜ ਤੱਕ ਚੱਲਿਆ ਆ ਰਿਹਾ ਹੈ।

ਬਾਬਾ ਸ਼ਾਮ ਸਿੰਘ ਦੀ ਪਹਿਲੀ ਸਿੰਘਣੀ ਦੈਆ ਕੌਰ ਵਿਚੋਂ ਦੋ ਪੁੱਤਰ ਸਨ ਜਿਊਣ ਸਿੰਘ ਅਤੇ ਦੈਆ ਸਿੰਘ। ਦੈਆ ਸਿੰਘ ਵਿਰਕਤ ਸੁਭਾਉ ਦਾ ਸੀ, ਗ੍ਰਹਿਸਤ ਦੇ ਮੋਹ ਵਿਚ ਨਾ ਪੈ ਕੇ ਪਿੰਡੋਂ ਬਾਹਰ ਹੀ ਡੇਰਿਆਂ ਤੇ ਆਰਬਲਾ ਬਤੀਤ ਕੀਤੀ। ਜਿਊਣ ਸਿੰਘ ਨੇ ਨਾਮਧਾਰੀ ਇਤਿਹਾਸ ਵਿਚ "ਸਿਰਹਾਲੀ ਵਾਲੇ ਸੰਤਾਂ" ਦੇ ਨਾਂ ਤੇ ਖਿਆਤੀ ਅਰਜਿਤ ਕੀਤੀ। ਸ਼ਾਮ ਸਿੰਘ ਹੋਰਾਂ ਦੀ ਦੂਸਰੀ ਸਿੰਘਣੀ ਵਿਚੋਂ ਤਿੰਨ ਪੁੱਤਰ ਸਨ ਕਿਸ਼ਨ ਸਿੰਘ, ਇੰਦਾ ਸਿੰਘ ਅਤੇ ਮੀਹਾਂ ਸਿੰਘ। ਮੀਹਾਂ ਸਿੰਘ ਆਪਣੇ ਸਮੇਂ ਦਾ ਪੰਜਾਬ



Namdhari Elibrary NamdhariElibrary@gmail.com

ਦਾ ਬਹੁਤ ਖ਼ੂਬਸੂਰਤ ਨੌਜੁਆਨ ਸੀ। ਰੱਤੇ ਚੋਏ (ਲਾਇਲਪੁਰ) ਦਾ ਜ਼ੈਲਦਾਰ ਸਾਉਣ ਸਿੰਘ ਮੀਹਾਂ ਸਿੰਘ ਹੋਰਾਂ ਦਾ ਸ਼ਰੀਕੇ ਵਿਚੋਂ ਭਤੀਜਾ ਲਗਦਾ ਸੀ। ਪ੍ਰਸਿੱਧ ਨਾਮਧਾਰੀ ਇਤਿਹਾਸਕਾਰ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਨੇ ਜ਼ੈਲਦਾਰ ਜੀ ਤੋਂ ਸੁਣਕੇ, ਮੀਹਾਂ ਸਿੰਘ ਦਾ ਨਖਸ਼ਿਖ ਆਪਣੇ ਮਹਾਂ ਕਾਵਿ ਮਾਲਵੇਂਦਰ ਵਿਚ ਇਉਂ ਬਿਆਨ ਕੀਤਾ ਹੈ :

ਕੱਦ ਉਚੇਰਾ ਸਰੂ ਜਿਉਂ, ਸੋਹਣੇ ਅੰਗ ਸਡੌਲ।
ਚਿਹਰੇ ਉਤੇ ਚਮਕ ਜਿਉਂ, ਖਿੜਿਆ ਹੋਵੇ ਕੌਲ।
ਦਾਣੇ ਦੰਦ ਅਨਾਰ ਦੇ, ਮ੍ਰਿਗ ਛੌਨੇ ਜਿਹੇ ਨੈਨ।
ਮੂੰਹ ਤੋਂ ਕਿਰਦੇ ਫੁੱਲ ਸਨ, ਜਦੋਂ ਅਲਾਪੇ ਬੈਨ।
ਨਸ਼ਿਆਈ ਜੁਆਨੀ ਮਸਤ ਨਾਲੇ ਨਾਮ ਆਧਾਰ।
ਦਰਸ਼ਨ ਕਰਕੇ ਚੜ੍ਹ ਗਿਆ, ਸਗੋਂ ਬਹੁਤ ਖ਼ੁਮਾਰ।

..... ......... ..... .........

ਵੀਣਾ ਤੂਸ ਸਰੰਗੀਓਂ, ਮਿਠੀ ਉਸ ਆਵਾਜ਼।
ਜਿਸ ਦੇ ਅੱਗੇ ਲੱਗਦੇ, ਫਿਕੇ ਤੰਤ ਦੇ ਸਾਜ਼।
ਬੁੱਲ੍ਹ ਮੁਸਕ੍ਰਾਹਟ ਦੇ ਭਰੇ, ਮਸਤੀ ਭਰਿਆ ਜਲਾਲ।
ਸੂਰਜ ਵਹਿਸ਼ੀ ਜਾਪਦਾ, ਜੇਹਾ ਹੁਸਨ ਕਮਾਲ।
ਅਟਪਟੀ ਜਿਹੀ ਪੱਗ ਸਿਰ, ਚਾਲ ਸੀ ਬਹੁਤ ਗੰਭੀਰ।
ਠੰਡਕ ਪੈਂਦੀ ਵੇਖ ਕੇ, ਆਵੇ ਦਿਲ ਵਿਚ ਧੀਰ।
ਮਿੱਠੇ ਲਗਦੇ ਇਸ ਦੇ, ਕੋਇਲ ਤੋਂ ਵੀ ਬੋਲ।
ਜੀ ਚਾਹੇ ਹਰ ਕਿਸੇ ਦਾ, ਇਹ ਬੈਠਾ ਰਹੇ ਕੋਲ।[1]

ਸਤਿਗੁਰੂ ਰਾਮ ਸਿੰਘ ਜੀ ਦਰਸ਼ਨਾਂ ਦਾ ਸੁਭਾਗ ਤਾਂ ਮੀਹਾਂ ਸਿੰਘ ਨੂੰ ਆਪਣੀ ਬਾਲ ਵਰੇਸ ਜਾਂ ਚੜ੍ਹਦੀ ਜਵਾਨੀ ਸਮੇਂ ਹੀ ਹੋ ਗਿਆ ਹੋਵੇਗਾ। ਮੀਹਾਂ ਸਿੰਘ ਦਾ ਵਿਆਹ ਮਾਲਵੇ ਦੇ ਪ੍ਰਸਿੱਧ ਪਿੰਡ ਘੱਲੀਆ ਕਲਾਂ ਵਿਚ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਰਿਸ਼ਤੇ ਨਾਤੇ ਨਾਈ ਜਾਂ ਹੋਰ ਲਾਗੀ ਹੀ ਤਹਿ ਕਰ ਦਿਆ ਕਰਦੇ ਸਨ ਅਤੇ ਇਸ ਤਰ੍ਹਾਂ ਦੇ ਰਿਸ਼ਤਿਆਂ ਵਿਚੋਂ ਮਨਪਸੰਦ ਨਾਤਾ, ਕਦੇ ਕਦੇ ਕਿਸਮਤ ਪੁੜੀ ਵਾਂਗ ਹੀ ਨਿਕਲਦਾ ਸੀ। ਮੀਹਾਂ ਸਿੰਘ ਹੋਰਾਂ ਦਾ ਵਿਆਹ ਵੀ ਇਕ ਦੁਖਾਂਤ ਹੋ ਨਿਬੜਿਆ ਸੀ। ਕਹਿੰਦੇ ਸਨ ਕਿ ਡੋਲੀ ਜਦੋਂ ਰਸਤੇ ਦੇ ਕਿਸੇ ਪਿੰਡ ਦੇ ਖੂਹ ਤੇ ਪਾਣੀ ਧਾਣੀ ਲਈ ਰੁਕੀ ਤਾਂ ਉਸ ਪਿੰਡ ਦੇ ਖੂਹ ਤੋਂ ਪਾਣੀ ਭਰਦੀਆਂ ਕੁੜੀਆਂ ਚਿੜੀਆਂ ਨੇ ਲਾੜੇ ਦੀ ਸੁੰਦਰਤਾ ਤੇ ਮੁਗਧ ਹੋ ਕੇ ਆਪੋ ਵਿਚ ਚਰਚਾ ਕੀਤੀ "ਜਿਹੜਾ ਲਾੜਾ ਏਨਾ ਸੁਹਣਾ ਹੈ ਵੇਖੀਏ ਉਹਦੀ ਲਾੜੀ ਕਿਹੋ ਜਿਹੀ ਹੈ। ਉਸ ਦੇ ਬਰਾਬਰ ਹੈ ਜਾਂ ਦੋ ਰਤੀਆ ਵੱਧ ਘੱਟ। ਡੋਲੀ ਦਾ ਪਰਦਾ ਹਟਾਉਣ ਬਾਅਦ ਵੇਖਣ ਵਾਲੀਆਂ ਕੁੜੀਆਂ ਦਾ ਮੂਡ ਹੀ ਖਰਾਬ ਹੋ ਗਿਆ ਅਤੇ ਉਹਨਾਂ ਲਾੜੇ ਨੂੰ ਉਸਦੀ ਭਾਵੀ ਪਤਨੀ ਦੇ ਰੰਗ ਰੂਪ ਬਾਰੇ ਟਿੱਪਣੀ ਕਰਦਿਆਂ ਕਿਹਾ "ਵੀਰਾ! ਡੋਲੀ ਵਿਚ ਤਾਂ ਕੋਲੇ ਹੀ ਲਈ ਜਾਂਦਾ ਏਂ।" ਇਉਂ ਮੀਹਾਂ ਸਿੰਘ ਨੂੰ ਆਪਣੀ ਪਤਨੀ ਤੋਂ ਉਪਰਾਮਤਾ ਇਥੋਂ ਹੀ ਸ਼ੁਰੂ ਹੋ ਗਈ। ਪਰ ਪਿਤਾ ਸ਼ਾਮ ਸਿੰਘ ਦੇ ਦਬ ਦਬਾਅ ਸਦਕਾ ਉਸ ਬੱਧੇ ਰੁੱਧੇ ਮਨ ਨਾਲ ਇਸ ਨਾ ਪਸੰਦ ਰਿਸ਼ਤੇ ਅੱਗੇ ਗਰਦਨ ਝੁਕਾਅ ਦਿੱਤੀ। ਮੀਹਾਂ ਸਿੰਘ ਦੇ ਘਰ ਹੁਕਮ ਕੌਰ ਨਾਂ ਦੀ ਇਕੋ ਪੁੱਤਰੀ ਹੀ ਪੈਦਾ ਹੋਈ ਸੀ ਜਿਸਦਾ ਅਨੰਦ ਕਾਰਜ ਘੁੱਕੇਵਾਲੀ (ਅੰਮ੍ਰਿਤਸਰ) ਦੇ ਪ੍ਰਸਿੱਧ ਨਾਮਧਾਰੀ ਪਰਿਵਾਰ ਵਿਚ ਸੁੰਦਰ ਸਿੰਘ ਨਾਲ ਹੋਇਆ ਸੀ। ਇਸ ਬੀਬੀ ਦੇ ਸਾਧਾ ਸਿੰਘ, ਗੁਰਦਿੱਤ ਸਿੰਘ, ਤੇਜਾ ਸਿੰਘ ਅਤੇ ਗੁਰਬਖਸ਼ ਸਿੰਘ ਚਾਰ ਪੁੱਤਰ ਸਨ ਜਿਨ੍ਹਾਂ ਵਿਚੋਂ ਗੁਰਦਿੱਤ ਸਿੰਘ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਸੇਵਾ ਵਿਚ ਸਮਾਂ ਬਿਤਾਇਆ। ਇਹ ਅਤੇ ਤੇਜਾ ਸਿੰਘ ਗ੍ਰਿਹਸਤੀ ਨਹੀਂ ਸਨ। ਅੰਤਿਮ ਸਮਾਂ ਭਤੀਜਿਆਂ ਤੇ ਭਾਈ ਗੁਰਬਖਸ਼ ਸਿੰਘ ਪਾਸ ਕਰੀਵਾਲਾ (ਸਿਰਸਾ) ਵਿਖੇ ਆਇਆ। ਗੁਰਬਖਸ਼ ਸਿੰਘ ਦਾ ਪਰਿਵਾਰ ਹੁਣ ਕਰੀਵਾਲੇ ਹੈ ਅਤੇ ਸਾਧਾ ਸਿੰਘ ਦਾ ਬੇਬਰੀਆਂ (ਸਿਰਸਾ) ਅਤੇ ਸ੍ਰੀ ਭੈਣੀ ਸਾਹਿਬ ਵਿਚ ਉਸਦਾ ਪੋਤਰਾ ਮੇਜਰ ਸਿੰਘ ਪੰਜਾਬ ਪੁਲਿਸ ਰਾਹੀਂ ਸਤਿਗੁਰੂ ਜੀ ਦੀ ਸੇਵਾ ਨਿਭਾਅ ਰਿਹਾ ਹੈ।

ਮੀਹਾਂ ਸਿੰਘ ਦੇ ਇਸ ਅਜੋੜ ਸਬੰਧ ਦੀ ਚਿੰਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਰਹਿੰਦੀ ਸੀ। ਜਦੋਂ ਰੰਗੂਨ ਵਿਚ ਅਤੇ ਫਿਰ ਮਰਗੋਈ ਮੀਹਾਂ ਸਿੰਘ ਹੋਰੀਂ ਆਪਦੇ ਦਰਸ਼ਨਾਂ ਨੂੰ ਪੁੱਜਦੇ ਰਹੇ ਸਨ ਤਾਂ ਆਪਣੇ ਲਾਡਲੇ ਸਿੱਖ ਦਾ ਮਨ ਟਿਕਾਣੇ ਰੱਖਣ ਲਈ, ਸਤਿਗੁਰੂ ਜੀ, ਉਸ ਨੂੰ ਕਿਹਾ ਕਰਦੇ ਸਨ ਕਿ ਮੀਹਾਂ ਸਿੰਘ ਜਦੋਂ ਅਸੀਂ ਪੰਜਾਬ ਵਾਪਸ ਆਵਾਂਗੇ ਤੇਰਾ ਮਨ ਪਸੰਦ ਅਨੰਦ ਕਰਾਂਗੇ, ਤੂੰ ਫਿਕਰ ਨਾ ਕਰਿਆ ਕਰ। ਨੈਤਿਕ ਅਨੈਤਿਕ ਮਰਿਆਦਾ ਦੀਆਂ ਹੱਦਾਂ ਤੋਂ ਪਾਰ ਜਾ ਕੇ ਵੀ ਕਈ ਵੇਰ ਮਾਪਿਆਂ ਨੂੰ ਬੱਚਿਆਂ ਵਾਸਤੇ ਬੜੇ ਜਫਰ ਜਾਲਣੇ ਪੈਂਦੇ ਹਨ। ਸਤਿਗੁਰੂ ਜੀ ਦਾ ਮੀਹਾਂ ਸਿੰਘ ਨੂੰ ਵੀ ਇਸੇ ਪਰਕਾਰ ਦਾ ਇਹ ਆਸ਼ਵਾਸਨ ਸੀ।

ਸਤਿਗੁਰੂ ਜੀ ਦੇ ਦੇਸ ਨਿਕਾਲੇ ਬਾਅਦ ਗੁਰੂ ਹਰੀ ਸਿੰਘ ਜੀ ਅਤੇ ਨਾਮਧਾਰੀ ਸਾਧ ਸੰਗਤ ਰੂਸੀਆਂ ਦੀ ਮੱਦਦ ਨਾਲ ਦੇਸ਼ ਆਜ਼ਾਦੀ ਦੀਆਂ ਸਬੀਲਾਂ ਬਣਾਉਂਦੇ ਰਹਿੰਦੇ ਸਨ। ਪੰਜਾਬ ਵਿਚੋਂ ਗੁਰੂ ਹਰੀ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਦੇ ਰੰਗੂਨ ਵਿਚੋਂ ਆਏ ਰੂਸੀ ਹਾਕਮਾਂ ਦੇ ਨਾਮ ਖਤ ਉਧਰ ਪਚਾਉਣ ਦੀ ਸੇਵਾ ਬਾਬਾ ਗੁਰਚਰਨ ਸਿੰਘ ਚੱਕ ਰਾਮਦਾਸ ਕਰਦੇ ਸਨ। ਫਿਰ ਜਦੋਂ ਮਹਾਰਾਜਾ ਦਲੀਪ ਸਿੰਘ ਰੂਸੀਆਂ ਤੋਂ ਮੱਦਦ ਲਈ ਉਥੇ ਪਹੁੰਚਦਾ ਹੈ ਤਾਂ ਸੂਬਾ ਬਿਸ਼ਨ ਸਿੰਘ ਕਾਬਲ ਵਾਲਾ ਇਸੇ ਸੰਪਰਕ



Namdhari Elibrary NamdhariElibrary@gmail.com

ਨੂੰ ਅੱਗੇ ਤੋਰਦੇ ਹਨ। ਇਸ ਤੋਂ ਪਹਿਲਾਂ ੧੮੮੦ ਈ. ਵਿਚ ਰੂਸੀ ਜ਼ਾਰ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਪੱਤਰ ਦੇ ਜੁਆਬ ਵਿਚ ਕੁਝ ਪੱਤਰ ਨਕਸ਼ੇ ਚਿੱਤਰ ਆਦਿ ਗੁਰੂ ਹਰੀ ਸਿੰਘ ਜੀ ਪਾਸ ਬਾਬਾ ਗੁਰਚਰਨ ਸਿੰਘ ਦੁਆਰਾ ਸ੍ਰੀ ਭੈਣੀ ਸਾਹਿਬ ਪਹੁੰਚਾਏ ਗਏ ਸਨ। ਹੁਣ ਇਨ੍ਹਾਂ ਪੱਤਰਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਤੱਕ ਪਹੁੰਚਾਉਣ ਦਾ ਅਤੀ ਕਠਿਨ ਕਾਰਜ ਦਰਪੇਸ਼ ਸੀ। ਇਹ ਉਹ ਸਮਾਂ ਸੀ ਜਦੋਂ ਰੰਗੂਨ ਵਿਚੋਂ, ਸਤਿਗੁਰੂ ਜੀ ਨੂੰ ਪੰਜਾਬ ਵਿਚੋਂ ਆਉਣ ਵਾਲੇ ਸਿੱਖਾਂ ਦੀ ਵਧਦੀ ਗਿਣਤੀ ਤੋਂ ਪਰੇਸ਼ਾਨ ਹੋ ਕੇ ਸਰਕਾਰ ਉਨ੍ਹਾਂ ਨੂੰ ਮਰਗੋਈ ਟਾਪੂ ਦੀ ਇਕ ਜਿਹਲ ਵਿਚ ਭੇਜ ਚੁੱਕੀ ਸੀ ਪਰ ਸ੍ਰੀ ਭੈਣੀ ਸਾਹਿਬ ਅਜੇ ਇਸ ਗੱਲ ਦੀ ਖਬਰ ਨਹੀਂ ਸੀ ਪਹੁੰਚੀ ਕਿ ਸਤਿਗੁਰੂ ਜੀ ਕਿੱਥੇ ਹਨ। ਭਾਈ ਸੰਤੋਖ ਸਿੰਘ ਬਾਹੋਵਾਲ ਲਿਖਦੇ ਹਨ– "ਜਦ ਸੇ ਸਤਿਗੁਰੂ ਜੀ ਮਸਤਾਨੇ ਹੋਏ ਸੇ ਉਸੀ ਦਿਨ ਸੇ ਬੰਗਲਾ ਬਣਨੇ ਲਗਾ ਮੁਰਗੋਈ ਕੇ ਟਾਪੂ ਮੇਂ। ਬੰਗਲਾ ਦੋ ਮਹੀਨੇ ਮੇਂ ਤਿਆਰ ਹੋਇਆ। ਮੋਟੇ ਫੱਟ ਲਗਵਾਇਕੇ ਬਣਵਾਇਆ ਕਿ ਤੋੜ ਨਾ ਦੇਵਣ। ਸਤਿਗੁਰੂ ਜੀ ਕੋ ਫਰੰਗੀ ਨੇ ਕਿਹਾ ਕਿ ਤੁਮਕੋ ਦੂਏ ਟਾਪੂ ਮੇਂ ਜਾਣੇ ਕਾ ਹੁਕਮ ਹੈ। ਇਥੇ ਸਿੰਘ ਔਣ ਤੇ ਨਹੀਂ ਹਟਦੇ ਹੈਂ ਇਸ ਵਾਸਤੇ ਆਪਨੇ ਦੂਏ ਟਾਪੂ ਮੇਂ ਜਾਣਾ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੁਸੀਂ ਆਪਣੇ ਬਚਨ ਕਾ ਜਤਨ ਕਰੋ, ਮੈਨੂੰ ਭਾਮੇਂ ਕਿਧਰੇ ਲੈ ਜਾਵੋ ਚਾਹੇ ਮੋਮਜਾਮੇ ਮੇਂ ਬੰਦ ਕਰ ਛਡੋ, ਸੋ ਜਤਨ ਕਰੋ ਜਿਸ ਤੇ ਤੁਸੀਂ ਬਚ ਰਹੋ।"[2]

੨੧ ਸਤੰਬਰ ੧੮੮੦ ਈ. ਨੂੰ ਸ੍ਰੀ ਸਤਿਗੁਰੂ ਜੀ ਮਰਗੋਈ ਟਾਪੂ ਵਿਚ ਪੁੱਜ ਗਏ ਸਨ। ਬਾਹੋਵਾਲ ਜੀ ਲਿਖਦੇ ਹਨ "ਗੁਰੂ ਹਰੀ ਸਿੰਘ ਜੀ ਬਚਨ ਕੀਤਾ ਨਰੈਣ ਸਿੰਘ ਨੂੰ ਸਦੋ ਰੋੜਿਆਂ ਥੀਂ। ਨਰੈਣ ਸਿੰਘ ਨੂੰ ਸਦਿਆ ਤੇ ਗੁਰੂ ਜੀ ਬਚਨ ਕੀਤਾ ਭਾਈ ਸ੍ਰੀ ਸਤਿਗੁਰੂ ਜੀ ਕੀ ਖਵਰ ਲੈ ਆਓ ਰੰਗੂਨ ਤੋਂ ਕਿੱਥੇ ਲੈ ਗਏ ਹੈਂ। ਨਰੈਣ ਸਿੰਘ ਨੇ ਅਰਜ ਕੀਤੀ ਮੀਹਾਂ ਸਿੰਘ ਮੇਰੇ ਨਾਲ ਦੇਵੋ। ਦੋ ਸਰੀਰ ਅੱਛੇ ਹੁੰਦੇ ਹੈ। ਉਸੀ ਵਕਤ ਮੀਹਾਂ ਸਿੰਘ ਕੋ ਚਿਠੀ ਭੇਜੀ ਕਿ ਤੂੰ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਆਵੋ ਕੰਮ ਹੈ। ਮੀਹਾਂ ਸਿੰਘ ਕੋ ਲਕਵਾ ਹੋਇਆ ਸੀ ਪਰ ਬਚਨ ਮੰਨ ਕੇ ਆਇਆ ਰਾਮਦਾਸਪੁਰੇ।"[3]

ਜਦੋਂ ਮੀਹਾਂ ਸਿੰਘ ਸ੍ਰੀ ਭੈਣੀ ਸਾਹਿਬ ਨੂੰ ਤੁਰਨ ਲੱਗਾ ਤਾਂ ਪੁਰਾਣੀ ਰਵਾਇਤ ਮੁਤਾਬਿਕ ਪਿਤਾ ਬਾਬੇ ਸ਼ਾਮ ਸਿੰਘ ਨੇ ਕਿਹਾ ਕਿ ਤੂੰ ਆਤਸ਼ੀ ਸ਼ੀਸ਼ਾ ਵੇਖ ਤੇਰਾ ਮੂੰਹ ਠੀਕ ਹੋ ਜਾਏਗਾ। ਕਹਿੰਦੇ ਹਨ ਕਿ ਮੀਹਾਂ ਸਿੰਘ ਹੋਰਾਂ ਦਾ ਜੁਆਬ ਸੀ "ਬਾਪੂ ਜੀ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਨਾਲੋਂ ਸ਼ੀਸ਼ਾ ਵੱਧ ਕਾਰਗਰ ਨਹੀਂ ਹੋਣਾ।" ਮੀਹਾਂ ਸਿੰਘ ਜਦੋਂ ਗੁਰੂ ਜੀ ਪਾਸ ਪੁੱਜਾ ਤਾਂ ਆਪ ਬਾਹਰ ਖੇਤਾਂ ਵਿਚ ਕਿਸੇ ਰੁੱਖ ਹੇਠਾਂ ਬੈਠੇ ਸਨ। ਰਾਗਾ ਸਿੰਘ ਹਜ਼ੂਰੀ ਸੇਵਕ ਗੜਵਈ ਵਜੋਂ ਹਾਜ਼ਰ ਸੀ। ਰਾਗਾ ਸਿੰਘ ਨੇ ਦੂਰੋਂ ਵੇਖ ਕੇ ਕਿਹਾ "ਸੱਚੇ ਪਾਤਸ਼ਾਹ! ਜਿਹੜਾ ਸਿੰਘ ਆ ਰਿਹਾ ਹੈ ਮੀਹਾਂ ਸਿੰਘ ਸਿਰਹਾਲੀ ਮਲੂਮ ਹੁੰਦਾ ਹੈ ਪਰ ਇਸ ਦਾ ਮੂੰਹ ਟੇਢਾ ਜਾਪਦਾ ਹੈ।" ਗੁਰੂ ਜੀ ਦਾ ਉੱਤਰ ਸੀ "ਰਾਗਾ ਸਿੰਘ ਜਦੋਂ ਸਿੱਖ ਦਾ ਮੂੰਹ ਗੁਰੂ-ਘਰ ਵੱਲ ਸਿੱਧਾ ਹੋਵੇ ਫਿਰ ਉਸ ਵਿਚ ਟੇਢ ਕਿਵੇਂ ਹੋਇਆ।" ਸਿੰਘ ਤੇ ਕ੍ਰਿਪਾ ਹੋ ਗਈ ਸੀ। ਹੁਣ ਇਸ ਆਤਸ਼ੀ ਸ਼ੀਸ਼ੇ ਜਾਂ ਸਿਰਫ ਸ਼ੀਸ਼ੇ ਦਾ ਜ਼ਿਕਰ ਸਰਕਾਰੀ ਰਿਕਾਰਡ ਵਿਚ ਵੀ ਆਉਂਦਾ ਹੈ, ਪਰ ਥੋੜ੍ਹੀ ਤਬਦੀਲੀ ਦੇ ਨਾਲ। ਗੁਰਚਰਨ ਸਿੰਘ ਦੁਆਰਾ ਲਿਆਂਦੇ ਪੱਤਰ ਅਤੇ ਬਾਦਸ਼ਾਹ ਰੂਸ ਜ਼ਾਰ ਦੇ ਚਿਤਰ ਵਗੈਰਾ ਦਿਆਲ ਸਿੰਘ (ਹਿੰਦੂ ਚੱਕ) ਅਤੇ ਅਰੂੜ ਸਿੰਘ ਨੇ ਸਿਰਹਾਲੀ ਦੇ ਸ਼ਾਮ ਸਿੰਘ ਤੱਕ ਪਹੁੰਚਾ ਦਿੱਤੇ, ਗੁਰੂ ਰਾਮ ਸਿੰਘ ਜੀ ਨੂੰ ਪੁਚਾਉਣ ਲਈ। ਸ਼ਾਮ ਸਿੰਘ ਨੇ ਇਨ੍ਹਾਂ ਪੱਤਰਾਂ ਨੂੰ ਮੂੰਹ ਵੇਖਣ ਵਾਲੇ ਸ਼ੀਸ਼ੇ ਵਿਚ ਛੁਪਾ ਦਿੱਤਾ। ਪ੍ਰੰਤੂ ਸ਼ਾਮ ਸਿੰਘ ਨੇ ਖੁਦ ਜਾਣ ਦੀ ਬਜਾਏ ਆਪਣੇ ਗੱਭਰੂ ਪੁੱਤਰ ਮੀਹਾਂ ਸਿੰਘ ਨੂੰ ਇਸ ਬਿਖਮ ਇਤਿਹਾਸਕ ਕਾਰਜ ਦੀ ਸੇਵਾ ਲਾ ਦਿੱਤੀ ਸੀ। ਸਰਕਾਰ ਦੇ ਖੁਫੀਆ ਤੰਤਰ ਦੀ ਸੂਚਨਾ ਮੁਤਾਬਿਕ ਸ਼ਾਮ ਸਿੰਘ ਇਹ ਪੱਤਰ ਲੈ ਕੇ ਜਾ ਰਿਹਾ ਸੀ। ਸੋ ਸਰਕਾਰ ਨੇ ਸ਼ਾਮ ਸਿੰਘ ਤੇ ਵੀ ਨਿਗਰਾਨੀ ਵਧਾ ਦਿੱਤੀ। ਪ੍ਰੰਤੂ ਮੀਹਾਂ ਸਿੰਘ ਅਛੋਪਲੇ ਹੀ ਪਿੰਡੋਂ ਰਿਸਕ ਕੇ ਭੈਣੀ ਸਾਹਿਬ ਅਤੇ ਫਿਰ ਮਰਗੋਈ ਪਹੁੰਚਣ ਲਈ ਕਲਕੱਤੇ ਤੋਂ ਹੋ ਕੇ ਮੌਲਮੀਨ ਪੁੱਜਿਆ ਜਿਥੇ ਸੂਬਾ ਜਵਾਹਰ ਸਿੰਘ, ਸੂਬਾ ਬ੍ਰਹਮਾ ਸਿੰਘ ਅਤੇ ਸੂਬਾ ਲੱਖਾ ਸਿੰਘ ਨਜ਼ਰਬੰਦ ਸਨ। ਸੂਬਿਆਂ ਤੋਂ ਹੀ ਆਪਨੂੰ ਪਤਾ ਲੱਗਾ ਕਿ ਸਿਰੀ ਸਤਿਗੁਰੂ ਜੀ ਮਰਗੋਈ ਟਾਪੂ ਵਿਚ ਹਨ। ਇਕ ਵਿਸੰਗਤੀ ਅਜੇ ਹੱਲ ਨਹੀਂ ਹੋਈ। ਸਾਡੇ ਪੁਰਾਤਨ ਇਤਿਹਾਸਕਾਰ ਬਾਹੋਵਾਲ ਜੀ ਮੁਤਾਬਿਕ ਮੀਹਾਂ ਸਿੰਘ ਦਾ ਇਸ ਅਦੁੱਤੀ ਯਾਤਰਾ ਵਿਚ ਦੂਜਾ ਸਾਥੀ ਭਾਈ ਨਰੈਣ ਸਿੰਘ ਰੋੜਿਆਂ ਵਾਲਾ ਸੀ ਜੋ ਇਸ ਸਮੇਂ ਵਿਚ ਬੜਾ ਸਰਗਰਮ ਕੂਕਾ ਸੀ। ਇਕ ਵੇਰ ਅਚਾਨਕ ਭੈਣੀ ਸਾਹਿਬ ਤੋਂ ਆਉਂਦਿਆਂ ਜਾਂ ਜਾਂਦਿਆਂ ਉਸ ਨੂੰ ਪੁਲਿਸ ਕਪਤਾਨ ਲੁਧਿਆਣਾ ਵਾਰਬਰਟਨ ਟੱਕਰ ਗਿਆ ਸੀ। ਇਹ ਜਾਣਕੇ ਕਿ ਸਾਹਮਣਾ ਵਿਅਕਤੀ ਨਰਾਇਣ ਸਿੰਘ ਰੋੜੇ ਹੈ, ਵਾਰਬਰਟਨ ਨੇ ਉਹ ਦੀ ਤਲਾਸ਼ੀ ਦਾ ਹੁਕਮ ਦਿੱਤਾ। ਸੱਤਰ ਦੇ ਕਰੀਬ ਸਤਿਗੁਰੂ ਜੀ ਦੇ ਹੁਕਮਨਾਮੇ ਨਰਾਇਣ ਸਿੰਘ ਤੋਂ ਫੜੇ ਗਏ ਜਿਨ੍ਹਾਂ ਵਿਚੋਂ ਕੁਝਨਾਂ ਦਾ ਸਰਕਾਰ ਨੇ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਆਪਣੇ ਰਿਕਾਰਡ ਵਿਚ ਦਰਜ ਕਰ ਲਿਆ। ਪ੍ਰੰਤੂ ਦਸਤਾਵੇਜ਼ਾਂ ਦੇ ਮੁਤਾਬਿਕ ਮੀਹਾਂ ਸਿੰਘ ਦੇ ਨਾਲ ਇਸ ਮਿਸ਼ਨ ਤੇ ਜਾਣ ਵਾਲਾ ਦੂਸਰਾ ਵਿਅਕਤੀ



Namdhari Elibrary NamdhariElibrary@gmail.com

ਸੰਤ ਸਿੰਘ ਪੁੱਤਰ ਸ. ਦਲ ਸਿੰਘ ਪਿੰਡ ਸਿਰਹਾਲੀ ਹੈ। ਹੋ ਸਕਦਾ ਹੈ ਕਿ ਭਾਈ ਨਰਾਇਣ ਸਿੰਘ ਨੇ ਆਪਣੀਆਂ ਪਰੇਸ਼ਾਨੀਆਂ ਘਟਾਉਣ ਵਾਸਤੇ ਹੀ ਅਧਿਕਾਰੀਆਂ ਨੂੰ ਆਪਣੇ ਬਾਰੇ ਸਿਰਹਾਲੀ ਦਾ ਨਕਲੀ ਨਾਮ ਪਤਾ ਦੇ ਦਿੱਤਾ ਹੋਵੇ। ਜਿਵੇਂ ਧੰਨਾ ਸਿੰਘ ਗੁਮਟੀ ਨੇ ਪਕੜੇ ਜਾਣ ਤੇ ਆਪਣਾ ਨਾਮ ਨਥਾਵਾ ਸਿੰਘ ਦੱਸਿਆ ਸੀ। ਉਹ ਵੀ ਰੰਗੂਨ ਵਿਚ ਗੁਰੂ ਦਰਸ਼ਨਾਂ ਹਿੱਤ ਗਿਆ ਸੀ।

ਭਾਈ ਸੰਤੋਖ ਸਿੰਘ ਬਾਹੋਵਾਲ ਦੀ ਲਿਖਤ ਮੁਤਾਬਿਕ ਮੀਹਾਂ ਸਿੰਘ ਹੋਰਾਂ ਨੇ ਰੰਗੂਨ ਉਤਰ ਕੇ ਉਸ ਬੰਗਲੇ ਦਾ ਦਰਸ਼ਨ ਕੀਤਾ ਜਿਸ ਵਿਚ ਸਤਿਗੁਰੂ ਜੀ ਰਹਿੰਦੇ ਸਨ। ਸਤਿਗੁਰੂ ਜੀ ਦੇ ਪਹਿਰੇ ਤੇ ਰਹਿਣ ਵਾਲੇ ਮਦਰਾਸੀ ਸਿਪਾਹੀ ਨੇ ਦੱਸਿਆ ਸਿੰਘਾਂ ਦੇ ਪੁੱਛਣ ਤੇ ਕਿ ਜਿਹੜਾ ਸਿਪਾਹੀ ਹਜ਼ੂਰ ਨੂੰ ਇਥੋਂ ਛੱਡਣ ਗਿਆ ਸੀ ਉਸ ਆ ਕੇ ਦੱਸਿਆ ਸੀ ਕਿ 'ਮਰਗੋਈ ਕੇ ਟਾਪੂ ਮੇਂ ਹੈਨ।' ਫਿਰ ਦੋਵੇਂ ਸਿੰਘ ਜਹਾਜ਼ 'ਤੇ ਚੜ੍ਹ ਕੇ ਤਿੰਨਾਂ ਸੂਬਿਆਂ ਪਾਸ ਮੌਲਮੀਨ ਪੁੱਜੇ। ਸੂਬਿਆਂ ਨੇ ਦੱਸਿਆ ਕਿ 'ਏਕ ਮੌਲਵੀ ਨੇ ਖਬਰ ਦਿੱਤੀ ਸੀ ਕਿ ਪੰਜਾਬ ਕੇ ਰਾਜਾ ਰਾਮ ਸਿੰਘ ਕਾ ਦੀਦਾਰ ਕੀਤਾ ਹੈ, ਮਰਗੋਈ ਕੇ ਟਾਪੂ ਜਹਾਜ਼ ਪਰ ਚੜ੍ਹਿਆ ਜਾਂਦਾ ਸੀ। ਖੂਬਸੂਰਤ ਤੇਜ਼ ਪ੍ਰਤਾਪ ਵਾਲਾ ਹੈ। ਤਾਂ ਸਿੰਘਾਂ ਨੂੰ ਨਿਸ਼ਚਾ ਹੋਇਆ ਜੋ ਮਰਗੋਈ ਹੈਂ ਸਤਿਗੁਰੂ ਜੀ।" ਮੌਲਮੀਨ ਤੇ ਇਹ ਦੋਵੇਂ ਸਿੰਘ ਜਹਾਜ਼ 'ਤੇ ਫਿਰ ਚੜ੍ਹੇ। ਜਹਾਜ਼ ਰਾਤ ਰਾਤ ਮਰਗੋਈ ਟਾਪੂ ਜਾ ਲੱਗਿਆ। ਸਤਿਗੁਰੂ ਜੀ ਦੇ ਇਸ ਟਾਪੂ ਤੇ ਠਹਿਰੇ ਹੋਣ ਕਾਰਨ ਪੰਦਰਾਂ ਦਿਨਾਂ ਬਾਅਦ ਆਉਣ ਵਾਲੇ ਹਰ ਜਹਾਜ਼ ਦੀ ਤਲਾਸ਼ੀ ਲਈ ਜਾਂਦੀ ਸੀ ਕਿ ਕੋਈ ਸਿੰਘ ਇਥੇ ਵੀ ਸਤਿਗੁਰੂ ਜੀ ਨਾਲ ਰਾਬਤਾ ਕਾਇਮ ਨਾ ਕਰ ਲਵੇ। ਸਗੋਂ ਪੰਜਾਬ ਦੇ ਕਿਸੇ ਵਿਅਕਤੀ ਦਾ ਮਰਗੋਈ ਟਾਪੂ ਤੇ ਦਾਖਲਾ ਹੀ ਨਿਸ਼ੇਧ ਕਰਾਰ ਦਿੱਤਾ ਹੋਇਆ ਸੀ। ਪੰਜਾਬੀ ਆਦਮੀ ਨੂੰ ਰਾਤ ਹਵਾਲਾਤ ਵਿਚ ਰੱਖਕੇ ਅਗਲੇ ਦਿਨ ਫਿਰ ਉਸੇ ਜਹਾਜ਼ ਤੇ ਵਾਪਸ ਮੋੜ ਦਿੰਦੇ ਸਨ। ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਉਸ ਸਮੇਂ ਬ੍ਰਿਟਿਸ਼ ਭਾਰਤ ਵਿਚ ਉਨ੍ਹਾਂ ਲਈ ਸਭ ਤੋਂ ਖਤਰਨਾਕ ਵਿਅਕਤੀ ਸਤਿਗੁਰੂ ਰਾਮ ਸਿੰਘ ਜੀ ਹੀ ਸਨ। ਸਤਿਗੁਰੂ ਜੀ ਵੀ ਇਸ ਗੱਲ ਨੂੰ ਭਾਂਪਦਿਆਂ ਆਪਣੇ ਹੁਕਮਨਾਮਿਆਂ ਵਿਚ ਲਿਖਦੇ ਹਨ ਕਿ ਮੇਰੇ ਸਰੀਰ ਦਾ ਇਨ੍ਹਾਂ ਨੂੰ ਕਾਲ ਵਰਗਾ ਭੈ ਹੈ ਅਤੇ ਇਹ ਸਮਝਦੇ ਹਨ ਕਿ ਪਿੱਛੇ ਪੰਜਾਬ ਵਿਚ ਵਿਸ਼ੇਸ਼ਕਰ ਮਾਝੇ ਵਿਚ ਉਸ ਦੇ ਬਹੁਤ ਸਿੰਘ ਹਨ, ਉਨ੍ਹਾਂ ਨੂੰ ਕਹਿਕੇ ਇਹ, ਸਾਡਾ ਸੂੜ੍ਹ ਨਾ ਕਰਾਇ ਦੇਵੇ। ਭਾਵ ਸਾਡਾ ਸਮੂਚਾ ਨਾਸ ਕਰਾਉਣ ਦੀ ਸ਼ਕਤੀ ਇਨ੍ਹਾਂ ਪਾਸ ਹੈ। ਇਹ ਵੀ ਲਿਖਦੇ ਹਨ ਕਿ ਇਹ ਚੌਧੇ ਵਰਗਾ ਗ਼ਦਰ (੧੯੫੭ ਈ. ਦਾ ਪ੍ਰਿਥਮ ਮਹਾਂਸੰਗਰਾਮ- ਮੁਤਾਬਿਕ ੧੯੧੪ ਬਿਕ੍ਰਮੀ) ਵੀ ਕਰਵਾ ਸਕਦਾ ਹੈ। ਪਰ ਸਤਿਗੁਰੂ ਜੀ ਤਾਂ ਖੁਦ ਨੂੰ ਸ਼ਾਂਤਮਈ ਪਰਿਵਰਤਨ ਲਈ ਵਚਨਬੱਧ ਸਮਝਦੇ ਸਨ। ਇਹ ਵੱਖਰੀ ਗੱਲ ਹੈ ਕਿ ਜਦੋਂ ਪਾਣੀ ਸਿਰ ਤੋਂ ਲੰਘ ਜਾਵੇ ਤਾਂ ਦੂਸਰੇ ਰਸਤੇ ਬਾਰੇ ਵੀ ਸੋਚਿਆ ਜਾ ਰਿਹਾ ਸੀ ਜਿਹਾ ਕਿ ਰੂਸੀ ਸੈਨਾ ਦੀ ਮੱਦਦ ਦੁਆਰਾ ਯੁੱਧ ਦੇ ਮੈਦਾਨ ਵਿਚ ਦੁਸ਼ਮਣ ਨੂੰ ਭਾਂਜ ਦੇਣੀ। ਸਖਤੀ ਤਾਂ ਬੇਸ਼ਕ ਰੰਗੂਨ ਵੀ ਘੱਟ ਨਹੀਂ ਸੀ, ਪਰ ਮਰਗੋਈ ਟਾਪੂ ਵਿਚ ਤਾਂ ਸਾਰੀਆਂ ਹੱਦਾਂ ਹੀ ਟੱਪ ਗਏ ਜਦੋਂ ਇਹ ਹੁਕਮ ਹੀ ਜਾਰੀ ਕਰ ਦਿੱਤਾ ਕਿ ਕੋਈ ਪੰਜਾਬੀ ਇਸ ਟਾਪੂ ਤੇ ਆ ਹੀ ਨਹੀਂ ਸਕਦਾ। ਆ ਜਾਏ ਤਾਂ ਤੁਰੰਤ ਕੈਦ ਕਰੋ ਅਤੇ ਵਾਪਸ ਭੇਜ ਦਿਓ। ਪਰ ਧੰਨ ਗੁਰੂ ਤੇ ਧੰਨ ਗੁਰੂ ਦੇ ਸਿੱਖ ਜਿਹਨਾਂ ਨੇ ਹਰ ਵੰਗਾਰ ਨੂੰ ਸਿਰ ਤਲੀ ਤੇ ਧਰ ਕੇ ਪਰਵਾਨ ਕਰ ਲਿਆ। ਭਾਈ ਮੀਹਾ ਸਿੰਘ ਇਸ ਤੋਂ ਪਹਿਲਾਂ ਦੋ ਵੇਰ ਰੰਗੂਨ ਵਿਖੇ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਆਏ ਸਨ ਜਿਸ ਦੀ ਜਾਣਕਾਰੀ ਨਾਂ ਸਰਕਾਰੀ ਰਿਕਾਰਡ ਵਿਚੋਂ ਤੇ ਨਾਂ ਹੀ ਬਾਹੋਵਾਲ ਜੀ ਤੋਂ ਮਿਲਦੀ ਹੈ ਪਰ ਭਾਈ ਮੀਹਾਂ ਸਿੰਘ ਦੇ ਪਰਿਵਾਰਕ ਸਰੋਤਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿਉਂ ਜੁ ਉਹ ਲੇਖਕ (ਸੁਵਰਨ ਸਿੰਘ ਵਿਰਕ) ਦੇ ਨਾਨੇ ਆਤਮਾ ਸਿੰਘ ਪੁੱਤਰ ਸੰਤ ਕਿਸ਼ਨ ਸਿੰਘ ਦਾ ਸਕਾ ਚਾਚਾ ਸੀ। ਉਂਝ ਹੁਕਮਨਾਮਿਆਂ ਵਿਚੋਂ ਵੀ ਉਸ ਦੀਆਂ ਇਕ ਤੋਂ ਵੱਧ ਯਾਤਰਾਵਾਂ ਦੀ ਪੁਸ਼ਟੀ ਹੁੰਦੀ ਹੈ।

ਫ਼ੇਰ ਬਾਹੋਵਾਲ ਜੀ ਮੁਤਾਬਿਕ ਪੁਲਿਸ ਇੰਸਪੈਕਟਰ ਦੀ ਪੁੱਛ ਗਿੱਛ ਤੋਂ ਬਾਅਦ ਉਹ ਪੰਜਾਬ ਤੋਂ ਆਏ ਸਾਹਿਬ ਸਿੰਘ ਉਮਰ ਕੈਦੀ ਦੇ ਮਕਾਨ ਵੱਲ ਚੱਲ ਪਏ। ਉਥੇ ਪਰਸ਼ਾਦਾ ਪਾਣੀ ਛਕਣ ਬਾਅਦ ਫਿਰ ਸਤਿਗੁਰੂ ਜੀ ਦੇ ਬੰਗਲੇ ਦੀ ਭਾਲ ਕੀਤੀ। ਇਸੇ ਦੌਰਾਨ ਪੁਲਿਸ ਵਾਲਿਆਂ ਨੇ ਨਾਮ ਪਤਾ ਲਿਖ ਕੇ ਇਕ ਅਧਿਕਾਰੀ ਦੇ ਪੇਸ਼ ਕਰ ਦਿੱਤਾ, ਜਿਥੇ ਸਿੰਘਾਂ ਨੇ ਨੌਕਰੀ ਦੀ ਮੰਗ ਕੀਤੀ। ਇਹ ਦੱਸਣ 'ਤੇ ਕਿ ਕੋਈ ਜਗ੍ਹਾ ਖਾਲੀ ਨਹੀਂ ਮੀਹਾਂ ਸਿੰਘ ਹੋਰਾਂ ਨੇ ਕਿਹਾ ਕਿ ਉਮੀਦਵਾਰਾਂ (Candidates) ਵਿਚ ਰੱਖ ਲਵੋ। ਉਸ ਨੇ ਕਿਹਾ ਕਿ 'ਬੜੇ ਫਰੰਗੀ' ਸੇ ਪੁੱਛ ਕੇ ਦੱਸਾਂਗਾ। "ਇਤਨੇ ਮੇਂ ਬਡਾ ਫਰੰਗੀ ਆਇ ਗਿਆ (ਮਰਗੋਈ ਦਾ ਡਿਪਟੀ ਕਮਿਸ਼ਨਰ) ਤਾਂ ਉਸ ਨੇ ਕਿਹਾ ਕਿ ਕੀ ਮਾਂਗਤਾ ਹੈ ? ਸਿੰਘ ਨੇ ਕਿਹਾ ਕਿ ਸੇਰ ਆਟਾ ਮਾਂਗਤੇ ਹੈਂ ਕਿ ਸਾਡੀ ਨੌਕਰੀ ਹੋਇ ਜਾਵੇ। ਉਸ ਨੇ ਕਿਹਾ ਕਿ ਨੌਕਰੀ ਨਾ ਮਿਲੇਗੀ।" ਕਿਉਂਕਿ ਉਸ ਦੇ ਮੁਤਾਬਿਕ ਜਿਸ ਰੋਜ਼ ਸੇ ਰਾਜਾ ਰਾਮ ਸਿੰਘ ਪੰਜਾਬ ਕਾ ਏਸ ਜਗਾ ਆਇਆ ਹੈ, ਉਸ ਦਿਨ ਤੇ ਪੰਜਾਬੀ ਆਦਮੀ ਕੋ ਹੁਕਮ ਨਹੀਂ ਹੈ ਰਖਣੇ ਕਾ।" ਡੀ. ਸੀ. ਨੇ ਮੀਹਾਂ ਸਿੰਘ ਨੂੰ ਇਹ ਤਾੜਨਾ ਵੀ ਕਰ ਦਿੱਤੀ ਕਿ ਨਾ ਤਾਂ ਰਾਜਾ ਰਾਮ ਸਿੰਘ ਪਾਸ



Namdhari Elibrary NamdhariElibrary@gmail.com

ਜਾਣਾ ਹੈ ਨਾਂ ਉਸ ਨਾਲ ਗੱਲ ਕਰਨੀ ਹੈ। ਗੱਲ ਕਰਨ ਵਾਲੇ ਨੂੰ ਵੀ ਅਸੀ ਉਸੇ ਦੇ ਨਾਲ ਕੈਦ ਵਿਚ ਸੁੱਟ ਸਕਦੇ ਹਾਂ। ਪਰ ਮੀਹਾਂ ਸਿੰਘ ਇਨ੍ਹਾਂ ਪਾਬੰਦੀਆਂ ਅਤੇ ਰੁਕਾਵਟਾਂ ਦਾ ਭੈਅ ਮਨੋਂ ਕੱਢ ਕੇ ਹੀ ਪ੍ਰੇਮ ਦੇ ਇਸ ਬਿਖੜੇ ਪੈਂਡੇ ਤੇ ਤੁਰਿਆ ਸੀ। ਪੰਜਾਬ ਵਿਚੋਂ ਮਰਗੋਈ ਵੱਲ ਮੀਹਾਂ ਸਿੰਘ ਦਾ ਸਫਰ ਸਾਨੂੰ ਇਕ ਹੋਰ ਪੰਜਾਬੀ ਨਾਇਕ ਰਾਂਝੇ ਦੇ ਉਸ ਸਫਰ ਦੀ ਯਾਦ ਦੁਹਰਾਉਂਦਾ ਹੈ ਜੋ ਕਦੇ ਉਹਨੇ ਬਾਲ ਨਾਥ ਦੇ ਟਿੱਲੇ ਤੋਂ ਰੰਗ ਪੁਰ ਵੱਲ ਕੀਤਾ ਸੀ– ਇਹੋ ਜਜ਼ਬਾ ਉਹ ਜੋਸ਼ ਉਹੋ ਉਮੰਗ ਤਰੰਗ ਤੇ ਵਲਵਲਾ

"ਧਾਇ ਟਿਲਿਉਂ ਰੰਦ ਲੈ ਖੇੜਿਆਂ ਦੀ,
ਚੜ੍ਹਿਆ ਮੀਂਹ ਜਿਉਂ ਆਉਂਦਾ ਉੱਠ ਉਤੇ।
ਕਾਬਾ ਰੱਖ ਮੱਥੇ ਰੱਬ ਯਾਦ ਕਰਕੇ
ਚੜਿਆ ਖੇੜਿਆਂ ਦੀ ਸੱਜੀ ਗੁੱਠ ਉਤੇ।
ਨਸ਼ੇ ਨਾਲ ਝੁਲਾਰਦਾ ਮਸਤ ਜੋਗੀ
ਜਿਵੇਂ ਸੁੰਦਰੀ ਝੂਲਦੀ ਉਠ ਉਤੇ।
ਵੈਰਾਗ ਸੰਨਿਆਸ ਜਿਉਂ ਲੜਨ ਚੱਲੇ
ਹੱਥ ਰੱਖ ਤਲਵਾਰ ਦੀ ਮੁੱਠ ਉਤੇ।
ਏਵੇਂ ਸਰਕਦਾ ਆਉਂਦਾ ਖੇੜਿਆਂ ਨੂੰ
ਜਿਵੇਂ ਫੌਜ ਸਰਕਾਰ ਦੀ ਲੁੱਟ ਉਤੇ,
ਵਾਰਿਸ ਸ਼ਾਹ ਸੁਲਤਾਨ ਜਿਉਂ ਦੌੜ ਕੀਤੀ
ਚੜ੍ਹ ਆਇਆ ਈ ਮਥਰਾ ਦੀ ਲੁੱਟ ਉੱਤੇ।"

ਰਾਂਝੇ ਨੂੰ ਆਪਣੀ ਹੀਰ ਦੇ ਦਰਸ ਦੀਦਾਰ ਹੋਣ ਦਾ ਨਸ਼ਾ ਸੀ ਅਤੇ ਮੀਹਾਂ ਸਿੰਘ ਹੋਰਾਂ ਨੂੰ ਗੁਰ ਦਰਸ਼ਨਾਂ ਦੀ ਸਿੱਕ ਅਤੇ ਹੁੱਬਲ ਵਤਨੀ ਦਾ ਸਰੂਰ ਸੀ। ਜੋ ਉਨ੍ਹਾਂ ਨੂੰ ਟਿਕ ਕੇ ਨਹੀਂ ਸੀ ਬਹਿਣ ਦਿੰਦਾ ਅਤੇ ਉਹ ਲੰਮੇਰਾਹ ਪੈ ਗਏ ਸਨ।

ਮੀਹਾਂ ਸਿੰਘ ਕਿਹਨਾਂ ਮੁਸ਼ਕਿਲਾਂ ਵਿਚੋਂ ਗੁਜ਼ਰਿਆ, ਮਾਨਸਿਕ ਦਵੰਦੋ ਕੀ ਸੀ, ਉਸ ਦੇ ਪਾਸ ਵਕਤ ਵੀ ਸਿਰਫ ਇੱਕੋ ਰਾਤ ਸੀ–ਜ਼ਰੂਰੀ ਦਸਤਾਵੇਜ਼ ਸਤਿਗੁਰੂ ਜੀ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਸ੍ਰੀ ਭੈਣੀ ਸਾਹਿਬੋਂ ਲੱਗੀ ਸੀ। ਉਸ ਦੇ ਇਨ੍ਹਾਂ ਮਨੋਭਾਵਾਂ ਦਾ ਸਫਲ ਚਿਤੇਰਾ ਬਾਹੋਵਾਲ ਜੀ ਤੋਂ ਬਿਨਾਂ ਕਿਹੜਾ ਹੋਵੇ, ਜਿਸ ਨੇ ਗੁਰੂ ਯਾਤਰਾ ਤੋਂ ਬਾਅਦ ਕਿਸੇ ਸਮੇਂ ਇਥੇ ਆਏ ਮੀਹਾਂ ਸਿੰਘ ਹੋਰਾਂ ਤੋਂ ਸੁਣ ਕੇ ਹੀ ਸ਼ਾਇਦ ਇਹ ਵਾਰਤਾ ਲਿਖੀ ਹੋਵੇ।

"ਦੀਵੇ ਬਲੇ ਥੀਂ ਬਾਦ ਮੀਹਾਂ ਸਿੰਘ ਨੇ ਕਿਹਾ ਮੈਂ ਤਾਂ ਫੇਰ ਜਾਂਦਾ ਹਾਂ। ਜੋ ਗੁਰੂ ਕਰੇ ਸੋ ਹੋਣੀ ਹੈ। ਜੇ ਦਰਸ਼ਨ ਨਾ ਹੋਇਆ ਤਾਂ ਸਾਡਾ ਏਥੇ ਆਉਣਾ ਬਿਅਰਥ ਹੈ। ਜਿਵੇਂ ਹੋਵੇ ਦੀਦਾਰ ਤਿਵੇਂ ਕਰੀਏ। ਦਸਤਾਰ ਉਤਾਰੀ। ਚਾਦਰ ਉਤਾਰੀ। ਸੀਸ ਪਰ ਪਰਨਾ ਗਲੇ ਮੇਂ ਕੁੜਤਾ ਹੇਠ ਕਛਹਿਰਾ ਹੈ। ਅਰਦਾਸਾ ਕਰਕੇ ਤੁਰਿਆ। ਮਨ ਮੇਂ ਏਹੁ ਕਹੇ ਕਿ ਹੇ ਅਕਾਲ ਪੁਰਖ ਤੇਰਾ ਦਰਸ਼ਨ ਹੋਵੇ। ਜਾਂ ਤੁਰਿਆ ਤਾਂ ਅੱਗੇ ਗਾਰਦ ਸੀ ਉਨ੍ਹਾਂ ਨੇ ਦੇਖਿਆ ਕਿ ਉਹੀ ਸਿੱਖ ਹੈ ਜਿਹੜੇ ਆਏ ਸੀ। ਮਗਰ ਸਪਾਹੀ ਖੁਫੀਆ ਤੌਰ ਹੋਏ। ਬਜਾਰ ਮੇਂ ਜਾਂਦੇ ਜਾਂਦੇ ਮੀਹਾਂ ਸਿੰਘ ਕਦੇ ਕੋਈ ਸੌਦਾ ਪੁੱਛੇ ਕਦੇ ਕੋਈ ਸੌਦਾ ਪੁੱਛੇ। ਮੀਹਾਂ ਸਿੰਘ ਦੇ ਦਿਲ ਵਿਚ ਹੋਈ ਕਿ ਗੁਰੂ ਤੇਗ ਬਹਾਦਰ ਜੀ ਦਾ ਧੜ ਗੱਡਿਆਂ ਵਿਚ ਸੀ, ਤੁਰਕਾਂ ਤਲਾਸ਼ੀ ਲਈ ਤਾਂ ਨਾ ਨਿਕਲਿਆ ਸੀ ਧੜ ਦਾ ਦਾਹ ਭੀ ਰਾਤੋ ਰਾਤ ਕਰ ਦੀਆ ਸੀ। ਪਹਿਰੇ ਤੁਰਕਾਂ ਕੇ ਲੱਗੇ ਹੀ ਰਹੇ। ਕਿਸੇ ਕੋ ਦ੍ਰਿਸ਼ਟੀ ਨਾ ਆਏ। ਸੋਈ ਗੁਰੂ ਹੈ।

ਏਤਨੇ ਮੇਂ ਸਪਾਹੀ ਪਿੱਛੇ ਰਹਿ ਗਏ। ਮੀਹਾਂ ਸਿੰਘ ਬ੍ਰਿਛ ਹੇਠ ਖਲੋ ਗਿਆ, ਸਪਾਹੀ ਅੱਗੇ ਕੋ ਲੰਘ ਗਏ।......ਮੀਹਾਂ ਸਿੰਘ ਸਤਿਗੁਰੂ ਜੀ ਦੇ ਬੰਗਲੇ ਨੂੰ ਆਇਆ।

ਪੈਹਰੇ ਬਾਲੇ ਦੋਮੇਂ ਸਪਾਹੀ ਦੋਹੀਂ ਪਾਸੀਂ ਟਹਿਲਦੇ ਹੈਂ। ਪਹਾੜ ਕੀ ਤਰਫ ਸੇ ਹੋਇਕੇ ਜਾਂ ਪੈਹਰੇ ਵਾਲੇ ਨੇ ਦੱਖਣ ਨੂੰ ਮੂੰਹ ਫੇਰਿਆ ਦੂਜੇ ਨੇ ਪਹਾੜ ਨੂੰ ਮੂੰਹ ਫੇਰਿਆ ਤਾਂ ਮੀਹਾਂ ਸਿੰਘ ਫੁਰਤੀ ਸੇ ਜੰਗਲੇ ਕੋਲ ਆਇਕੇ ਸੋਟੀ ਨਾਲ ਟਿਕਾਇਕੇ, ਸੋਟੀ ਪਰ ਪੈਰ ਧਰਕੇ ਜੰਗਲੇ ਨੂੰ ਹੱਥ ਪਾਇਕੇ ਅੰਦਰ ਜਾਇ ਬੜਿਆ। ਪੰਜ ਹੱਥ ਜੰਗਲਾ ਉਚਾ ਸੀ।... ਜਾਂ ਪੌੜੀਆਂ ਚੜ੍ਹਨ ਲੱਗਾ ਤਾਂ ਸਪਾਹੀ ਨੇ ਲਾਲਟੈਨ ਨਾਲ ਦੇਖ ਲਿਆ ਕਿ ਉਪਰ ਕੋਈ ਚੜਿਆ ਜਾਂਦਾ ਹੈ। ਪਹਿਲੀ ਕੋਠੜੀ ਨਾਨੂੰ ਸਿੰਘ ਕੀ ਥੀ ਤਿਸ ਵਿਚ ਜਾਇ ਬੜਿਆ। ਨਾਨੂੰ ਸਿੰਘ ਕਹਾ ਕੇ ਕੌਨ ਹੈ ? ਕਹਾ ਕਿ ਮੈਂ ਮੀਹਾਂ ਸਿੰਘ ਹਾਂ। ਨਾਨੂੰ ਸਿੰਘ ਨੇ ਕਿਹਾ ਦਿਨ ਨੂੰ ਤੁਆਨੂੰ ਅਵਾਜ਼ਾਂ ਮਾਰੀਆਂ ਸੀ ਕਿ ਏਧਰ ਆਇਕੇ ਦਰਸ਼ਨ ਕਰ ਲਵੋ। ਹੁਣ ਆਇਆ ਹੈਂ ? ਪੰਜਾਬ ਸੇ ਰੰਗੂਨ ਕੱਢਿਆ। ਰੰਗੂਨ ਸੇ ਮਰਗੋਈ ਭੇਜਿਆ। ਹੁਣ ਕਿੱਥੇ ਕੱਢਣ ਕੋ ਆਏ ਹੋ ? ਫੇਰ ਸਤਿਗੁਰੂ ਜੀ ਕੋ ਮੀਹਾਂ ਸਿੰਘ ਕੇ ਔਣੇ ਕੀ ਖਵਰ ਦਿੱਤੀ। ਉਸ ਵਕਤ ਸਤਿਗੁਰੂ ਜੀ ਪ੍ਰਸ਼ਾਦ ਛਕਦੇ ਸੀ। ਬਰਾਂਡੇ ਮੇਂ ਨਿਕਲਦੇ ਚੁਲਾ ਕੀਤਾ। ਮੀਹਾਂ ਸਿੰਘ ਕੋ ਬੁਲਾਇਆ। ਉਸ ਚਰਨਾਂ ਪਰ ਸੀਸ ਰੱਖਕੇ ਮੱਥਾ ਟੇਕਿਆ। ਕੋਠੜੀ ਕੇ ਅੰਦਰ ਜਾਇ ਰਹੇ। ਮੀਹਾਂ ਸਿੰਘ ਕੋ ਧੜਕਾ ਹੋਇਆ ਕੇ ਜੇ ਮੈਂ ਬੋਲਿਆ ਤਾਂ ਕੋਈ ਸੁਣ ਲਵੇਗਾ। ਅੰਤਰਜਾਮੀ ਗੁਰੂ ਜੀ ਬਚਨ ਕੀਤਾ ਏਥੇ ਕਈ ਬੋਲੇ ਹੁੰਦੇ ਰਹਿੰਦੇ ਹੈਂ, ਤੂੰ ਧੜਕਾ ਨਾ ਕਰ। ਪ੍ਰਸ਼ਾਦ ਦੀਆ ਛਕਿਆ।"

ਇਥੇ ਸ੍ਰੀ ਸਤਿਗੁਰੂ ਜੀ ਨੇ ਹੋਮ ਕਰਨਾ ਸ਼ੁਰੂ ਕੀਤਾ। "ਅਹੂਤੀ ਕੇ ਵੇਲੇ ਮੀਹਾਂ ਸਿੰਘ ਕੋ ਬਚਨ ਹੋਇਆ ਅੱਗੇ ਵੀ ਭੱਜ ਗਏ ਸੇ। ਤੈਨੂੰ ਮਲੂਮ ਹੈ ਕਿ ਨਹੀਂ ਮਾਲੂਮ ਬਚਨ ਕੀਤਾ ਦੂਨੀ ਚੰਦ ਨਾਲ ਨੱਸੇ ਸੇ ਤੁਸੀਂ। ਮੀਹਾਂ ਸਿੰਘ ਕਹਾ ਕਿ ਜੀ



Namdhari Elibrary NamdhariElibrary@gmail.com

ਬਖਸ਼ੀਏ ਜੀਆਂ ਕੋ। ਕਲਿਜੁਗ ਵਿਚ ਸਤਿਜੁਗੀ ਅਵਤਾਰ ਧਾਰਿਆ ਹੈ ਬਖਸ਼ਨ ਵਾਸਤੇ। ਸੱਚੇ ਪਾਤਸ਼ਾਹ ਜੀ ਬਖਸ਼ੀਏ। ਜੇ ਏਸ ਚੋਲੇ ਮੇਂ ਬਖਸ਼ ਨਾਂ ਹੋਈ ਤਾਂ ਫੇਰ ਨਹੀਂ ਕਿਸੇ ਸਮੇਂ ਹੋਣੀ। ਬਖਸ਼ ਲਵੇ ਦੀਨ ਦਿਆਲ ਜੀ ਬਾਂਹ ਖੜੀ ਕਰਕੇ ਬਚਨ ਕੀਤਾ, "ਬਖਸ਼ ਲਏ ਬਖਸ਼ ਲਏ। ਸੰਤ ਖਾਲਸੇ ਕੇ ਵਾਸਤੇ ਏਹ ਦਾਨ ਦਿੱਤਾ ਹੈ।

"ਬਚਨ ਕੀਤਾ ਤੂੰ ਏਥੇ ਆਇਆ ਹੈਂ ਹੋਰ ਨਹੀਂ ਕੋਈ ਆਵੇਗਾ। ਜੇ ਆਊਗਾ ਤਾਂ ਦਰਸ਼ਨ ਨਹੀਂ ਹੋਊਗਾ। ਮੀਹਾਂ ਸਿੰਘ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਕਿਉਂ ਨਾ ਦਰਸ਼ਨ ਹੋਊਗਾ ? ਬਚਨ ਹੋਇਆ ਦੇਖ ਲਵੀਂ। ਤੈਂ ਭਜਨ ਨਹੀਂ ਲੀਤਾ ? ਮੀਹਾਂ ਸਿੰਘ ਨੇ ਕਿਹਾ ਜੀ ਬਖਸ਼ੋ ਨਾਮ। ਦੋਹੀਂ ਪਾਸੀਂ ਕੰਨ ਵਿਚ ਭਜਨ ਸੁਣਾਇਆ। ਬਚਨ ਹੋਇਆ ਤੂੰ ਭਾਈ ਏਥੇ ਹੀ ਰਹੁ। ਜੇੜੇ ਅਗਲੇ ਮੇਰੇ ਕੋਲ ਰਹਿਣ ਵਾਲੇ ਹੈਂ ਸੇ ਅੱਛੇ ਨਹੀਂ ਹੈਂ। ਅਸੀਂ ਤੈਨੂੰ ਰੱਖਾਂਗੇ। ਏਹ ਦੋਮੋਂ ਨਹੀਂ ਰੱਖਣੇ ਕੀ ਲੈਕ ਹੈਂ। ਨਾਨੂੰ ਸਿੰਘ ਅਤੇ ਨੰਦੂ ਲਾਲ ਬ੍ਰਾਹਮਣ। ਏਤਨੇ ਕੁ ਬਚਨ ਕੀਤੇ। ਏਤਨੇ ਮੇਂ ਦਿਨ ਚੜ੍ਹ ਗਿਆ।[4]

ਦਰਅਸਲ ਸਤਿਗੁਰੂ ਜੀ ਹੁਣ ਸਮਝਦੇ ਸਨ ਕਿ ਨਾਨੂੰ ਸਿੰਘ ਵਿਚ ਪਿੱਛੇ ਦਾ ਮੋਹ ਜਾਗ ਰਿਹਾ ਹੈ। ਇਸ ਲਈ ਉਹ ਆਏ ਸਿੱਖ ਨਾਲ ਰੁੱਖਾ ਬੋਲ ਰਿਹਾ ਸੀ। ਉਵੇਂ ਉਸ ਦੀ ਨਿਭਾਈ ਵੱਡੀ ਸੇਵਾ ਤੋਂ ਪਰਸੰਨ ਹੋ ਕੇ, ਉਸ ਦੀ ਦੇਸ਼ ਵਾਪਸੀ ਦਾ ਪ੍ਰਬੰਧ ਕਰਨ ਲਈ, ਅੰਗਰੇਜ਼ ਅਫਸਰਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ, ਉਸ ਨਾਲ ਕੁੱਟ ਮਾਰ ਦੇ ਕਈ ਸਾਂਗ ਵੀ ਸਤਿਗੁਰੂ ਜੀ ਇਥੇ ਮਰਗੋਈ ਵਿਖੇ ਵਰਤਾਉਂਦੇ ਰਹਿੰਦੇ ਸਨ। ਦਿਨ ਚੜ੍ਹੇ ਸਤਿਗੁਰੂ ਜੀ ਨੇ ਮੀਹਾਂ ਸਿੰਘ ਨੂੰ ਨਿਰਭੈ ਹੋ ਕੇ ਹੌਲਦਾਰ ਨਾਲ ਚਲੇ ਜਾਣ ਲਈ ਕਿਹਾ ਅਤੇ ਸਾਰੀ ਗੱਲ, ਦਰਸ਼ਨ ਮੇਲੇ ਦੀ ਸੱਚੋ ਸੱਚ ਦੱਸ ਦੇਣ ਲਈ ਹਦਾਇਤ ਕੀਤੀ।

ਡਿਪਟੀ ਕਮਿਸ਼ਨਰ ਦੇ ਪੁੱਛਣ ਤੇ ਕਿ ਤੂੰ ਨੌਕਰੀ ਦੀ ਗੱਲ ਕਰਦਾ ਸੈਂ, ਮੀਹਾਂ ਸਿੰਘ ਹੋਰਾਂ ਨੇ ਕਿਹਾ ਮੇਰੀ ਇਹੋ ਨੌਕਰੀ ਸੀ ਜੋ ਕਰ ਲਈ ਹੈ। "ਪੂਛਾ ਤੁਮ ਕੋਈ ਚਿੱਠੀ ਲਿਆਏ ਹੋ ? ਕਹਾ ਕਿ ਹੋਰ ਚਿੱਠੀ ਕੀ ਕਰਨੀ ਹੈ ਮੈਂ ਜੋ ਸਾਢੇ ਤੀਨ ਹੱਥ ਚਿੱਠੀ ਹਾਂ।" ਸਰਕਾਰ ਰੂਸੀ ਜ਼ਾਰ ਵਾਲੇ ਪੱਤਰ ਤੋਂ ਵੀ ਭੈਅ ਭੀਤ ਸੀ। ਪਰ ਸਤਿਗੁਰੂ ਜੀ ਦੇ ਬੰਗਲੇ ਦੀ ਤੁਰਤ ਤਲਾਸ਼ੀ ਸਮੇ ਕੁਝ ਨਾ ਨਿਕਲਿਆ ਉਨ੍ਹਾਂ ਪੱਤਰ ਦਾ ਭਾਵ ਸਮਝ ਕੇ ਹਵਨ ਦੇ ਬਹਾਨੇ ਉਸ ਦਾ ਸਸਕਾਰ ਰਾਤ ਹੀ ਕਰ ਦਿੱਤਾ ਸੀ। ਮੀਹਾਂ ਸਿੰਘ ਦਾ ਇਹ ਕਹਿਣਾ ਕਿ ਮੈਂ ਹੀ ਚਿੱਠੀ ਹਾਂ, ਵੀ ਸਹੀ ਸਿੱਧ ਹੋਇਆ। ਪੰਜਾਬ ਵਿਚ ਜਿਧਰ ਵੀ ਮੀਹਾਂ ਸਿੰਘ ਜਾਂਦਾ ਸੀ, ਮਰਗੋਈ ਯਾਤਰਾ ਤੋਂ ਬਾਅਦ ਉਸ ਦੇ ਪਿੱਛੇ ਪਿੱਛੇ ਨਾਮਧਾਰੀ ਸਿੰਘਾਂ ਦੇ ਸਮੂਹ ਤੁਰੇ ਫਿਰਦੇ, ਬਚਨ ਸੁਣਨ ਵਾਸਤੇ। ਛੇ ਮਹੀਨੇ ਤੱਕ ਲੇਖਕ ਦੇ ਦਾਦੇ (ਸੰਤ ਜਿਊਣ ਵਿਚ ਝੱਬਰ) ਨੇ ਵੀ ਮੀਹਾਂ ਸਿੰਘ ਹੋਰਾਂ ਦਾ ਪੰਜਾਬ ਵਿਚ ਸਾਥ ਮਾਣਿਆ। ਗੱਲ ਫਿਰ ਵਾਰਿਸ ਸ਼ਾਹ ਤੇ ਹੀ ਨਿਬੜਦੀ ਹੈ।

"ਵਾਰਿਸਸ਼ਾਹ ਨੂੰ ਹੀਰ ਖ਼ੁਆਰ ਕੀਤਾ ਨਹੀਂ ਰੱਬ ਸੀ ਸਾਹਿਬ ਸਰਦਾਰ ਕੀਤਾ।"

ਅਗਲੇ ਦਿਨ ਦੋਵੇਂ ਮੀਹਾਂ ਸਿੰਘ ਤੇ ਨਰਾਇਣ ਸਿੰਘ (ਜਾਂ ਸੰਤ ਸਿੰਘ) ਨੂੰ ਜਹਾਜ਼ 'ਤੇ ਚੜ੍ਹਾ ਕੇ ਮੋਗਮਈ ਭੇਜ ਦਿੱਤਾ। ਇਹ ਜਾਣ ਕੇ ਕਿ ਨਰਾਇਣ ਸਿੰਘ ਮੀਹਾਂ ਸਿੰਘ ਨਾਲ ਕਲਕੱਤੇ ਤੋਂ ਰੱਲਿਆ ਹੈ ਉਸ ਨੂੰ ਰੁਖਸਤ ਦੇ ਕੇ ਮੀਹਾਂ ਸਿੰਘ ਨੂੰ ਜੱਜ ਦੇ ਪੇਸ਼ ਕੀਤਾ। ਮੀਹਾਂ ਸਿੰਘ ਨੂੰ ਪੁੱਛਿਆ ਗਿਆ ਕਿ ਹੁਕਮ ਅਦੂਲੀ ਕਿਉਂ ਕੀਤੀ ਤਾਂ "ਮੀਹਾਂ ਸਿੰਘ ਨੇ ਕਹਾ ਕਿ ਮੈਂ ਹੁਕਮ ਵਰਤਿਆ ਹੈ। ਜੇਕਰ ਤੇਰਾ ਪੈਗੰਬਰ ਹੋਵੇ ਯਾ ਤੇਰਾ ਪਿਓ ਹੋਵੇ ਤੂੰ ਨਾਂ ਜਾਵੇਂ ਮਿਲਨੇ ਕੋ ? ਤੂੰ ਭੀ ਦੇਰ ਨਾਂ ਕਰ। ਮੇਰ ਗੁਰੂ ਹਨ ਮੈਂ ਗਿਆ ਹਾਂ। ਉਸ ਫਰੰਗੀ ਨੇ ਕਹਾ ਜਾਓ ਤੁਮ ਕੋ ਰੁਖਸਦ ਹੈ। ਤਾਂ ਮੀਹਾਂ ਸਿੰਘ ਮੁੜ ਆਇਆ ਕਲਕੱਤੇ ਤੇ ਪੰਜਾਬ ਦੇਸ ਮੇਂ।

"ਫੇਰ ਗੁਰੂ ਹਰੀ ਸਿੰਘ ਜੀ ਕਾ ਦਰਸ਼ਨ ਕੀਤਾ। ਹਾਲ ਹਵਾਲ ਸਾਰਾ ਸੁਣਾਇਆ। ਸੁਣ ਕੇ ਹਰੇ ਹੋਏ। ਖਵਰ ਹੋਈ ਸਾਰੀ ਸੰਗਤ ਮੈਂ ਕਿ ਸਤਿਗੁਰੂ ਜੀ ਮਰਗੋਈ ਕੇ ਟਾਪੂ ਮੇਂ ਹੈਨ।[5]"

ਕਲਕੱਤਾ ਪੁਲਿਸ ਦੇ ਡਿਪਟੀ ਕਮਿਸ਼ਨਰ ਦੇ ੧੪ ਫਰਵਰੀ ੧੮੮੧ ਈ. ਦੇ ਪੱਤਰ ਮੁਤਾਬਿਕ–

"ਇਸੇ ਮਹੀਨੇ ਦੀ ੧੩ ਤਾਰੀਖ ਨੂੰ, ਬਰਮਾਂ ਤੋਂ ਹੁਣੇ ਮੁੜੇ ਦੋ ਸਿੱਖ ਮਛੂਆ ਬਾਜ਼ਾਰ ਗਲੀ ਕਲਕੱਤਾ ਦੇ ਮਕਾਨ ਨੰਬਰ ੬ ਦੇ ਬਿਹਾਰੀ ਸਿੰਘ ਕੂਕਾ ਦੇ ਘਰ ਛਿਪੇ ਮਿਲੇ ਹਨ। ਦੋਹਾਂ ਅਜਨਬੀਆਂ ਦੀ ਗੁਪਤ ਜਾਂਚ ਕਰਵਾਉਣ ਤੋਂ ਪ੍ਰਗਟ ਹੋਇਆ ਕਿ ਉਨ੍ਹਾਂ ਦੇ ਨਾਮ ਹਨ–

(੧) ਮੀਹਾਂ ਸਿੰਘ ਪੁੱਤਰ ਸ਼ਾਮ ਸਿੰਘ ਜਾਤ ਜੱਟ, ਸਿਰਹਾਲੀ (ਅੰਮ੍ਰਿਤਸਰ)

ਵਿਵਰਣ ਉਮਰ ੨੯ ਵਰ੍ਹੇ, ਰੰਗ ਕਣਕ ਵੰਨਾ, ਕੱਦ ੫ ਫੁੱਟ ੧੧ ਇੰਚ, ਨੱਕ ਸਿੱਧਾ,

ਨੇਤਰ ਹਲਕੇ ਭੂਰੇ ਰੰਗ ਦੇ (Hazel eyes), ਛਾਤੀ ਦੇ ਸੱਜੇ ਪਾਸੇ ਤਿੰਨ ਮਹੁਕੇ।

(੨) ਸੰਤ ਸਿੰਘ–ਪੁੱਤਰ ਦਲ ਸਿੰਘ, ਜੱਟ, ਸਿਰਹਾਲੀ

ਵਿਵਰਣ–ਉਮਰ ੪੫ ਦੇ ਲਗਭਗ, ਰੰਗ ਸਾਂਵਲਾ, ਕੱਦ ੫ ਫੁੱਟ ੧੦ ਇੰਚ, ਨੱਕ ਉੱਭਰਵਾਂ, ਨੇਤਰ ਕਾਲੇ ਚਿਹਰੇ ਤੇ ਮਾਤਾ ਦੇ ਦਾਗ।

"ਇਕ ਮਹੀਨਾ ਪਹਿਲਾਂ ਜਦੋਂ ਉਹ ਕਲਕੱਤੇ ਵਿਚੋਂ ਲੰਘੇ



Namdhari Elibrary NamdhariElibrary@gmail.com

ਸਨ ਤਾਂ ਮੀਹਾਂ ਸਿੰਘ ਹਾਂਗਕਾਂਗ ਪੁਲਿਸ ਦੀ ਬਰਦੀ ਵਿਚ ਹੋਣ ਕਾਰਨ ਅਤੇ ਇਹ ਕਹਿਣ ਤੇ ਕਿ ਉਹ ਉਥੇ ਅਜੇ ਵੀ ਨੌਕਰੀ ਕਰਦਾ ਹੈ, ਨਿਗਰਾਨੀ ਵਾਲੇ ਧੋਖਾ ਖਾ ਗਏ। ਦਰਅਸਲ ਦੋ ਸਾਲਾਂ ਤੋਂ ਉਹ ਉੱਥੋਂ ਅਸਤੀਫਾ ਦੇ ਆਇਆ ਹੈ।

"ਬਰਮਾ ਵਿਚ ਉਨ੍ਹਾਂ ਦਾ ਮਕਸਦ ਗੁਰੂ ਰਾਮ ਸਿੰਘ ਨਾਲ ਮੁਲਾਕਾਤ ਸੀ ਅਤੇ ਇਹ ਮੰਤਵ ਉਨ੍ਹਾਂ ਮੌਲਮੀਨ ਜਿਹਲ ਦੇ ਸਿਪਾਹੀ ਹਰਨਾਮ ਸਿੰਘ ਦੀ ਮੱਦਦ ਨਾਲ ਪੂਰਾ ਕੀਤਾ। ਮੈਂ ੭ ਸਤੰਬਰ ਦੀ ਗੁਪਤ ਰਿਪੋਰਟ ਵਿਚ ਇਸ ਸਿਪਾਹੀ ਦੀ ਵਿਚੋਲਗੀ ਦਾ ਜ਼ਿਕਰ ਕੀਤਾ ਹੈ। ਗੁਰੂ (ਜੀ) ਨੇ ਇਸ ਸਮੇਂ ਉਨ੍ਹਾਂ ਨੂੰ ਨਾਮ ਬਾਣੀ ਨੂੰ ਸਮਰਪਿਤ ਹੋਣ ਲਈ ਕਿਹਾ ਅਤੇ ਇਹ ਵੀ ਦੱਸਿਆ ਕਿ ਥੋੜ੍ਹੇ ਸਮੇਂ ਤੱਕ ਪੱਛਮ ਵਿਚ ਆਮ ਗੜਬੜ ਹੋਵੇਗੀ ਜਿਸ ਤੋਂ ਬਾਅਦ ਉਹਦੇ ਚੇਲੇ ਉਸ ਨੂੰ ਮੁਕਤ ਕਰਾ ਸਕਣਗੇ।

"ਇਕ ਰਾਤ ਮੀਹਾਂ ਸਿੰਘ ਅਤੇ ਸੰਤ ਸਿੰਘ ਨੂੰ ਹਿਰਾਸਤ ਵਿਚ ਰੱਖਣ ਬਾਅਦ ਹੁਣ ਮੈਂ ਪੰਜਾਬ ਪੁਲਿਸ ਨੂੰ ਉਨ੍ਹਾਂ ਦੀ ਕਲਕੱਤਿਉਂ ਰਵਾਨਗੀ ਦੇ ਵਕਤ ਬਾਬਤ ਤਾਰ ਦੇ ਦਿਆਂਗਾ ਤਾਂਕਿ ਉਹ ਘਰ ਜਾ ਸਕਣ।"[੬]

ਹਾਂਗਕਾਂਗ ਪੁਲਿਸ ਵਿਚ ਰਹਿਣ ਕਾਰਨ ਮੀਹਾਂ ਸਿੰਘ ਗੁਜ਼ਾਰੇ ਜੋਗੀ, ਅੰਗਰੇਜ਼ੀ ਵੀ ਜਾਣਦਾ ਸੀ। ਸਾਡੀ ਪੰਥਕ ਰਵਾਇਤ ਹੈ ਕਿ ਪੰਜਾਬ ਵਾਪਸੀ ਤੇ ਜਦੋਂ ਸੰਗਤਾਂ ਦਾ ਭਾਰੀ ਇਕੱਠ ਮੀਹਾਂ ਸਿੰਘ ਹੋਰਾਂ ਨਾਲ ਰਹਿਣ ਲੱਗ ਪਿਆ ਤਾਂ ਪੰਜਾਬ ਸਰਕਾਰ ਘਬਰਾ ਗਈ। ਇਸ ਆਸ਼ੇ ਦੀਆਂ ਤਾਰਾਂ ਉਪਰਲੀ ਹਕੂਮਤ ਨੂੰ ਭੇਜੀਆਂ ਕਿ ਇਕ (ਗੁਰੂ) ਰਾਮ ਸਿੰਘ ਤਾਂ ਫੜਕੇ ਲੈ ਗਏ ਹੋ, ਇਕ ਹੋਰ ਆ ਗਿਆ ਹੈ। ਇਸ ਤੇ ਮੀਹਾਂ ਸਿੰਘ ਨੂੰ ਗ੍ਰਿਫਤਾਰ ਕਰਕੇ ਦੁਬਾਰਾ ਰੰਗੂਨ ਭੇਜਿਆ ਜਿਥੇ ਹੁਕਮ ਅਦੂਲੀ ਦਾ ਮੁਕੱਦਮਾ ਚਲਾ ਕੇ ਉਸਨੂੰ ਜਿਹਲ ਵਿਚ ਕੁਝ ਸਮੇਂ ਲਈ ਡੱਕ ਦਿੱਤਾ ਗਿਆ। ਉਨ੍ਹਾਂ ਨੂੰ ਕੈਦ ਵਿਚ ਪੱਥਰ ਕੁੱਟਣੇ ਪੈਂਦੇ ਸਨ। ਇਕ ਦਿਨ ਜਦੋਂ ਇਕ ਜਿਹਲ ਵਾਰਡਨ ਤੋਂ ਉਨ੍ਹਾਂ ਕੇਸਾਂ ਲਈ ਕੰਘੇ ਦੀ ਮੰਗ ਕੀਤਾ ਤਾਂ ਉਸ ਦੇ ਇਹ ਕਹਿਣ ਤੇ ਕਿ ਕੇਸ ਕਟਾ ਦਿਓ, ਭਾਈ ਮੀਹਾਂ ਸਿੰਘ ਨੇ ਹੱਥਲੇ ਵੱਡੇ ਪੱਥਰ ਨਾਲ ਉਸ ਤੇ ਵਾਰ ਕਰ ਦਿੱਤਾ। ਇਕ ਹੋਰ ਜਣੇ ਦੇ ਵਿਚਾਲੇ ਆਉਣ ਕਾਰਨ ਉਸ ਦਾ ਬਚਾਅ ਹੋਇਆ। ਫਿਰ ਵੱਡੇ ਜਿਹਲ ਅਫਸਰ ਨੇ, ਨਾਂ ਸਿਰਫ ਕੰਘਾ, ਸਗੋਂ ਕੇਸਾਂ ਲਈ ਦਹੀਂ ਤੇਲ ਆਦਿ ਵੀ ਮੁਹੱਈਆ ਕਰਵਾ ਦਿੱਤੇ।

ਮੀਹਾਂ ਸਿੰਘ ਨੇ ਰੰਗੂਨ ਵਾਲੇ ਸ਼ਾਹੀ ਬੰਗਲੇ ਦੇ ਵਿਚ ਗੁਰੂ ਦਰਸ਼ਨਾਂ ਸਮੇਂ ਕੁਝ ਹੁਕਮਨਾਮੇ ਵੀ ਪ੍ਰਾਪਤ ਕੀਤੇ ਅਤੇ ਕੁਝ ਮਾਇਆ ਭੇਟਾ ਵੀ ਸਤਿਗੁਰੂ ਜੀ ਤੱਕ ਪੁਚਾਈ। ਮੀਹਾਂ ਸਿੰਘ ਹੋਰਾਂ ਦੇ ਸਿਰਹਾਲੀ ਪਰਿਵਾਰ ਵਿਚੋਂ ਘੱਟ ਘੱਟ ਚਾਰ ਜਣੇ, ਸ਼ਾਮ ਸਿੰਘ ਪਿਤਾ, ਜਿਊਣ ਸਿੰਘ, ਕਿਸ਼ਨ ਸਿੰਘ ਦੋਵੇਂ ਭਰਾ ਵੀ ਗੁਰੂ ਦਰਸ਼ਨ ਕਰਕੇ ਆਏ ਸਨ। ਸੋ ਪੰਜਾਬ ਵਿਚ ਜੇ ਕਿਸੇ ਇਕ ਪਰਿਵਾਰ ਪਾਸ ਗਿਣਤੀ ਦੇ ਪੱਖੋਂ ਸਭ ਤੋਂ ਵੱਧ ਹੁਕਮਨਾਮੇ ਆਏ ਹਨ ਤਾਂ ਉਹ ਸਿਰਹਾਲੀ ਪਰਿਵਾਰ ਹੀ ਸੀ।

ਮੀਹਾਂ ਸਿੰਘ ਦੇ ਅਸੰਤੁਸ਼ਟ ਗ੍ਰਹਿਸਤ ਜੀਵਨ ਦਾ ਵਰਣਨ ਉਪਰ ਕੀਤਾ ਹੈ। ਇਸੇ ਲਈ ਰੰਗੂਨ ਦੀ ਕਿਸੇ ਫੇਰੀ ਸਮੇਂ ਉਹ ਦੇਹ ਵਿਊਪਾਰ ਦੇ ਅੱਡੇ ਤੇ ਵੀ ਪੁੱਜ ਗਿਆ। ਫਿਰ ਸਰੀਰ ਨੂੰ ਤਕਲੀਫ ਹੋ ਗਈ। ਹੁਣ ਗੁਰੂ ਪਿਤਾ ਨੂੰ ਜਦੋਂ ਇਸ ਬਾਬਤ ਪਤਾ ਚੱਲਿਆ ਤਾਂ ਉਨ੍ਹਾਂ ਤਾੜਨਾ ਵੀ ਕੀਤੀ ਅਤੇ ਦਵਾਈ ਲਿਖ ਕੇ ਵੀ ਭੇਜੀ ਅੱਗੇ ਤੋਂ ਖਬਰਦਾਰ ਰਹਿਣ ਲਈ ਵੀ ਕਿਹਾ ਅਤੇ ਇਹ ਜਾਣਕੇ ਕਿ ਮੀਹਾਂ ਸਿੰਘ ਅੰਗਰੇਜ਼ਾਂ ਦੀ ਨੌਕਰੀ ਕਰਦਾ ਰਿਹਾ ਹੈ ਇਸਤੋਂ ਵੀ ਉਸ ਨੂੰ ਸਖਤ ਹਦਾਇਤ ਕੀਤੀ ਕਿ ਇਹਨਾਂ ਦੀ ਨੌਕਰੀ ਕਰਨ ਵਾਲਾ ਦੁਖ ਪਾਏਗਾ। ਸਤਿਗੁਰੂ ਜੀ ਦੇ ਇਹਨਾਂ ਹੁਕਮਨਾਮਿਆਂ ਵਿਚੋਂ ਆਪਣੇ ਸਿੰਘਾਂ ਪ੍ਰਤੀ, ਹਰ ਤਰ੍ਹਾਂ ਦੀ ਫਿਕਰਮੰਦੀ ਵੀ ਝਲਕਦੀ ਹੈ। ਮੀਹਾਂ ਸਿੰਘ ਪਿਤਾ ਸ਼ਾਮ ਸਿੰਘ ਨੂੰ ਬਿਨਾਂ ਦੱਸੇ ਚਲਾ ਗਿਆ ਸੀ ਹਾਂਗ ਕਾਂਗ ਪੁਲਿਸ ਵਿਚ। ਇਸ ਤੇ ਵੀ ਉਹਨੂੰ ਨਰਾਜ਼ ਹੁੰਦੇ ਹਨ। ਫਿਰ ਮੀਹਾਂ ਸਿੰਘ ਵੱਲੋਂ ਆਈ ਭੇਟ ਪਰਵਾਨ ਵੀ ਕਰਦੇ ਹਨ ਅਤੇ ਲਾਡਲੇ ਬੱਚੇ ਜਿਉਂ ਇਸਨੂੰ ਪਿਤਰੀ ਵਾਤਸਲ ਨਾਲ ਇਹ ਵੀ ਕਹਿੰਦੇ ਹਨ—"ਤੂੰ ਬਰਤ ਲੈਂਦਾ ਮੀਹਾਂ ਸਿੰਘ।" ਸਤਿਗੁਰੂ ਜੀ ਖੁਦ ਨੂੰ ਦਿਆਲ ਸਿੰਘ ਅਤੇ ਨਾਨੂੰ ਸਿੰਘ ਨੂੰ ਕ੍ਰਿਪਾਲ ਸਿੰਘ ਦੇ ਕੋਡ ਨਾਵਾਂ ਨਾਲ ਲਿਖਦੇ ਸਨ। ਹੇਠਾਂ ਮੀਹਾਂ ਸਿੰਘ ਪ੍ਰਤੀ ਦਿੱਤੇ ਹੁਕਮਨਾਮੇ ਦੇ ਕੁਝ ਭਾਗ ਉਧਰਿਤ ਕਰਦੇ ਹਾਂ—

"੧ਓ ਸਤਿਗੁਰਿ ਪ੍ਰਸਾਦਿ।

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਭਾਈ ਮੀਹਾਂ ਸਿੰਘ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਹੋਰੁ ਭਾਈ ਅਸੀਂ ਹਰਿ ਤਰ੍ਹਾ ਕਰਕੇ ਅਨੰਦ ਹੈਂ, ਇਕ ਦੁਖ ਸੰਗਤ ਦੇ ਵਿਛੋੜੇ ਦਾ ਹੈ। ਸੋ ਏਹੁ ਬੀ ਗੁਰੂ ਜੀ ਮੇਟ ਦੇਊਗਾ, ਅਮੇਦ ਰਖਦੇ ਹਾਂ ਗੁਰੂ ਜੀ ਦੇ ਚਰਨਾਂ ਵਿਚੋਂ। ਅੱਗੇ ਜੋ ਗੁਰੂ ਜੀ ਨੂੰ ਭਾਵੇ।

"ਹੋਰ ਭਾਈ ਜਦ ਤੂੰ ਮੁਲਖ ਮੇਂ ਜਾਮੇ ਤਾਂ ਸੁਆਲੀ, ਬੁਰਜ, ਮਰ੍ਹਾਣੇ ਬਰਿਆਹੀ, ਜੋਹਲੀ, ਉਬੋਕੀ, ਠਰੂ, ਨਾਰਲੀ, ਬਰਮਾਲੀ ਪੁਰ ਸਾਰੇ ਸਿੰਘਾਂ ਨੂੰ ਸਾਡੀ ਹੱਥ ਜੋੜ ਕੇ ਫਤੇ ਬੁਲਾਉਣੀ। ਮਾਈਆਂ ਬੀਬੀਆਂ ਨੂੰ ਰਾਮਸਤਿ ਬੁਲਾਉਣੀ ਬਹੁਤ ਕਰਕੇ ਸੁਬਤ ਨੂੰ। ਅਰੁ ਆਖਣਾ ਭਜਨ ਬਾਣੀ ਕਰੋ ਤਕੜੇ ਹੋ ਕੇ, ਅਰੁ ਸਤਿਸੰਗੀ ਨਾ ਕੋਈ ਏਨਾ ਦਾ ਨੋਕਰ ਹੋਵੇ। ਜੋ ਨੋਕਰ ਹੋਊਗਾ, ਸੋ ਬਹੁਤ ਦੁਖੀ ਹੋਊਗਾ, ਸਤਿ ਕਰਕੇ ਮੰਨਣਾ। ਮੈਂ ਏਹੁ ਬਾਤ



Namdhari Elibrary NamdhariElibrary@gmail.com

ਝੂਠ ਨਹੀ ਲਿਖੀ। ਹੁਣ ਅਗੋ ਬਾਲੀ ਬਾਤਿ ਨਹੀਂ। ਹੁਣ ਤੇ ਏਨਾ ਕੇ ਨਾਸ ਕਾ ਸਮਾ ਹੈ। ਗੁਰੂ ਜੀ ਦਾ ਹੁਕਮੁ ਹੈ ਅਵ ਸਮਾ ਆਇ ਪੁੰਨਾ ਹੈ। ਅਗੋ ਭਾਈ ਗੁਰੂ ਜਾਣੇ, ਗੁਰੂ ਬੇਅੰਤ ਹੈ।

"ਹੋਰੁ ਭਾਈ ਮੀਹਾਂ ਸਿੰਘ ਤੈ ਇਹ ਬਾਤ ਹਛੀ ਨਾ ਕੀਤੀ ਜੋ ਰੰਡੀ ਦਾ ਸੰਗ ਕੀਤਾ। ਤੂੰ ਘਰ ਰਹਿਦਾ, ਤੈਨੂੰ ਕੀ ਘਾਟਾ ਸੀ। ਰੰਡੀ ਦੇ ਸੰਗਿ ਤੇ ਇਕ ਤਾਂ ਸਰੀਰ ਨੂੰ ਦੁਖ ਲਗ ਜਾਂਦਾ ਹੈ, ਦੂਜਾ ਪੈਸਾ ਬਰਬਾਦ ਜਾਂਦਾ ਹੈ, ਤੀਜਾ ਧਰਮ ਜਾਂਦਾ ਹੈ, ਚੌਥਾ ਲੋਕਾ ਮੈ ਬਹੁਤ ਭੰਡੀ ਹੁੰਦੀ ਹੈ।"...

"ਅਰੁ ਜੇ ਤੂ ਘਰ ਗਿਆ, ਘਰ ਮੈਂ ਘਰ ਦੀ ਸਿਖਣੀ ਸਾਥ ਸਪਰਸ ਹੋਆ ਤਾਂ ਉਸਨੂੰ ਬੀ ਬਿਮਾਰੀ ਹੋਇ ਜਾਊ, ਜੇ ਨਾ ਕੀਤਾ ਤਾਂ ਬੀ ਦੋਸ਼ ਹੈ। ਜੇ ਕੀਤਾ ਨਾ ਉਸਨੂੰ ਬਿਮਾਰੀ ਹੋਇ ਗਈ ਤਾਂ ਬੀ ਬੜਾ ਗਜਬ ਹੈ। ਤੈ ਬੜੀ ਗਾਫਲੀ ਕੀਤੀ, ਏਸ ਬਾਤਿ ਦੀ ਹਰ-ਤਰ੍ਹਾਂ ਸੇ ਲਾਚਾਰੀ ਹੈ।"

"ਹੋਰ ਭਾਈ ਤੂੰ ਮੋਰਮਈ ਨੂੰ ਨਾ ਜਾਹਿ। ਮੋਰਮਈ ਸੁਖ ਸਾਦ ਹੈ, ਬਡੇ ਅਨੰਦ ਹੈ। ਏਥੋ ਸਿੰਘ ਅਜੇ ਹੁਣੇ ਗਏ ਹੈ ਮੋਰਮਈ ਤੇ ਆਕੇ ਅਪ੍ਰੈਲ ਦੀ ਸਤਾਈ ਤ੍ਰਰੀਕ ਨੂੰ ਏਥੋ ਗਏ ਹਨ। ਅਰ ਹੁਣ ਮਹੀਨੇ ਤੇ ਬੜੀ ਤਕੜਾਈ ਹੈਨ ਆਪਣੇ ਲੋਕਾਂ ਦੀ, ਕਿ ਜਾਣੇ ਏਨਾ ਨੂੰ ਕੀ ਦਿਸ ਪਿਆ ਹੈ। ਸੋ ਤੂੰ ਮੋਰਮਈ ਨਾ ਜਾਹਿ, ਤੂੰ ਦੇਸ ਨੂੰ ਜਾਹਿ।...

"ਏਨਾ ਲੋਕਾਂ ਨੂੰ ਏਹੁ ਬੜਾ ਭਰਮੁ ਹੈ ਜੋ ਕੋਈ ਮੇਰੇ ਸਰੀਰ ਨੂੰ ਮਿਲ ਜਾਵੇਗਾ ਤਾਂ ਏਹੁ ਹਰਿਦਾਸ ਭੇਜ ਕੇ ਹਮਾਰੇ ਲੋਕਾਂ ਨੂੰ ਮਰਥਾਇ ਦੇਊਗਾ। ਏਸਦੇ ਆਦਮੀ ਬਹੁਤ ਹੈਨ ਪਿਛੇ ਅਰੁ ਮਰਨ ਮਾਰਨ ਤੇ ਡਰਦੇ ਬੀ ਨਹੀਂ। ਤੈਨੂੰ ਖਬਰ ਹੈ ਕਿ ਨਹੀਂ, ਪਿਛੇ ਕੁਛ ਥੋਹੜਾ ਜਿਹਾ ਚੰਗਾ ਕੀਤਾ ਸੀ। ਮੈਂ ਤਾਂ ਕੁਛ ਨਹੀਂ ਕਰਦਾ ਪਰ ਏਨਾ ਨੂੰ ਏਨਾ ਦੀ ਹੀ ਕਰਨੀ ਦਾ ਭੈ ਬਹੁਤ ਮਾਰਦਾ ਹੈ ਤੁਸਾਡੇ ਬਲੋਂ। ਏਹ ਸਾਡੀ ਬਹੁਤ ਤਕੜਾਈ ਰਖਦੇ ਹਨ ਅੰਦਰੋ ਤੇ ਉਪਰੋ ਖਾਤਰਦਾਰੀ ਬੀ ਬੜੀ ਰਖਦੇ ਹੈ।"...

"ਸਿਆਮ ਸਿੰਘ ਹੋਰੀ ਬੀ ਲਿਖਾ ਹੈ ਜੋ ਸਾਡੇ ਪਾਸੋ ਮੀਹਾਂ ਸਿੰਘ ਜੋਰਾਬਰੀ ਚਲਾ ਗਿਆ ਹੈ। ਓਨਾ ਦਾ ਕਹਿਣਾ ਕਿਉਂ ਨਾ ਮੰਨਿਆ? ਨੌਕਰੀ ਮੈਂ ਬੜਾ ਦੁੱਖ ਹੈ। ਤੈਨੂੰ ਤੇ ਘਰ ਮੈਂ ਕੋਈ ਘਾਟਾ ਨਹੀਂ ਥਾ...। ਜੇ ਤੂੰ ਦੇਸ ਨੂੰ ਜਾਮੇ ਤਾਂ ਭਾਈ ਭੈਣੀ ਬੀ ਸੁਖ ਅਨੰਦ ਦੀ ਖਬਰ ਦੇ ਜਾਣਾ ਅਰ ਭੈਣੀ ਸਰਬਤ ਨੂੰ ਸਾਡੀ ਫਤੇ ਗਜਾ ਦੇਣੀ।... ਅਰੁ ਹੋਰ ਭਾਈ ਤੈ ਦਮੜੇ ਕਾਸਨੂੰ ਦੇਣੇ ਥੇ। ਸਾਨੂੰ ਖਾਣ ਨੂੰ ਰਸਤ ਬਹੁਤ ਮਿਲਦੀ ਹੈ, ਤੂੰ ਖਰਤ ਲੈਂਦਾ ਮੀਹਾਂ ਸਿੰਘ।"[7]

ਫਿਰ ਸ੍ਰੀ ਸਤਿਗੁਰੂ ਜੀ ਨੇ ਉਸ ਦਾ ਇਕ ਰੁਪੈਆ ਰੱਖ ਕੇ ਬਾਕੀ ਮੋੜ ਦਿੱਤੇ ਜੋ ਉਸਨੇ ਭੈਣੀ ਸਾਹਿਬ ਲੰਗਰ ਦੀ ਭੇਟਾ ਕਰ ਦਿੱਤੇ। ਸਤਿਗੁਰੂ ਰਾਮ ਸਿੰਘ ਜੀ ਦੇ ਪੱਤਰਾਂ ਵਿਚੋਂ ਭੈਣੀ ਸਾਹਿਬ ਲੰਗਰ ਦੀ ਸਲਾਮਤੀ ਲਈ ਫਿਕਰਮੰਦੀ ਅਕਸਰ ਝਲਕਦੀ ਰਹਿੰਦੀ ਸੀ। ਮੀਹਾਂ ਸਿੰਘ ਦੇ ਦੂਜੇ ਭਾਈ ਇੰਦਾ ਸਿੰਘ ਹੋਰਾਂ ਨੂੰ ਚੰਗੀ ਨਸਲ ਦੇ ਘੋੜੇ ਪਾਲਣ ਦਾ ਸ਼ੌਕ ਸੀ। ਇਕ ਘੋੜਾ ਉਸਨੇ ਕੜਾਹ ਪਰਸ਼ਾਦ ਛਕਾ ਛਕਾ ਕੇ ਪਾਲਿਆ ਸੀ। ਮੀਹਾਂ ਸਿੰਘ ਨੂੰ ਉਹ ਘੋੜਾ ਬਹੁਤ ਭਾਅ ਗਿਆ ਕਿ ਡੇਰੇ ਸ੍ਰੀ ਭੈਣੀ ਸਾਹਿਬ ਜਾਕੇ ਮੱਥਾ ਟੇਕੀਏ। ਭਾਈ ਇੰਦਾ ਸਿੰਘ ਜ਼ਿਦ ਕਰਦਾ ਸੀ, ਮੰਨਦਾ ਨਹੀਂ ਸੀ। ਮੀਹਾਂ ਸਿੰਘ ਨੇ ਕਮਰੇ ਅੰਦਰ ਵੜ ਕੇ ਕੋਠੇ ਨੂੰ ਅੱਗ ਲਾ ਲਈ। ਇਸ ਸ਼ਰਤ ਤੇ ਬਾਹਰ ਨਿਕਲਿਆ ਕਿ ਘੋੜਾ ਮੇਰਾ ਹੋਇਆ, ਜੋ ਉਸ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਨੂੰ ਜਾ ਮੱਥਾ ਟੇਕਿਆ ਸੀ।

ਅੰਗਰੇਜ਼ ਸਤਿਗੁਰੂ ਜੀ ਨੂੰ ਮਰਗੋਈ ਤੋਂ ਅੱਗੇ ਟੇਬਲ ਆਈ ਲੈਂਡ ਲੈ ਜਾਣਾ ਚਾਹੁੰਦੇ ਸਨ। ਪਰ ਹੁਣ ਜਦੋਂ ਮੀਹਾਂ ਸਿੰਘ ਮਰਗੋਈ ਪੁੱਜਿਆ ਤਾਂ ਅੰਗਰੇਜ਼ ਨੇ ਹਾਰ ਮੰਨ ਲਈ ਕਿ ਨਾਮਧਾਰੀ ਸਿੰਘ ਆਪਣੇ ਗੁਰੂ ਨੂੰ ਧਰਤੀ ਦੇ ਕਿਸੇ ਵੀ ਕੋਨੇ ਤੇ ਢੂੰਡਣ ਦੇ ਸਮਰੱਥ ਹਨ। 'ਸੰਤ ਖਾਲਸਾ' ਦਾ ਕਵੀ ਹਰਨਾਮ ਸਿੰਘ ਬਗੁਲੀ ਵਾਲਾ ਲਿਖਦਾ ਹੈ :

"ਟੋਲ ਲਏ ਸਤਿਗੁਰ ਓਸ ਦੇਸ ਵਿਚੋਂ
ਮੀਹਾਂ ਸਿੰਘ ਨੇ ਢੂੰਡ ਢੂੰਡਾ ਓਥੇ।
ਕੰਧਾਂ ਜੰਗਲੇ ਟੱਪ ਕੇ ਜਾ ਮਿਲਿਆ
ਸਿਰ ਤਲੀ ਤੇ ਲਿਆ ਟਿਕਾ ਓਥੇ।
ਮਿਲਦੇ ਹੋਰ ਭੀ ਰਹੇ ਹਰਨਾਮ ਸਿੰਘਾ
ਪ੍ਰੇਮੀ ਮੌਤ ਨੂੰ ਜੱਫੀਆਂ ਪਾ ਓਥੇ।"

ਜਦੋਂ ਮਰਗੋਈ ਦੇ ਬੰਗਲੇ ਵਿਚ ਮੀਹਾਂ ਸਿੰਘ ਸਤਿਗੁਰੂ ਜੀ ਪਾਸ ਜਾ ਅੱਪੜਿਆ ਤਾਂ ਉਹਨਾਂ ਸਿੱਖ ਦੀ ਦਲੇਰੀ ਵੇਖਕੇ ਕਿਹਾ, "ਮੀਹਾਂ ਸਿੰਘ! ਤੁਹਾਨੂੰ ਡਰ ਨਹੀਂ ਲੱਗਿਆ ਬੰਦੂਕਾਂ ਵਾਲੇ ਪਹਿਰੇਦਾਰਾਂ ਤੋਂ ਕਿ ਗੋਲੀ ਮਾਰ ਦੇਣਗੇ।" ਉਸ ਦਾ ਜੁਆਬ ਸੀ ਭਾਈ ਨਿਰੰਜਨ ਸਿੰਘ 'ਮ੍ਰਿਗੇਸ਼' ਦੇ ਸ਼ਬਦਾਂ ਵਿਚ-

"ਚੀਨੀ ਵਾਲੜਾ ਸਾਹਮਣੇ ਨਜ਼ਰ ਆਵੇ
ਦਰਸ਼ਨ ਕਰਨ ਦੇ ਵਾਸਤੇ ਝੱਕਣਾ ਕੀ?
ਦਿਸੇ ਸਾਹਮਣੇ ਸ਼ਮ੍ਹਾਂ ਦੀ ਜੋਤ ਜਗਦੀ
ਤੇ ਪਤੰਗ ਨੇ ਸੜਣ ਤੋਂ ਹੱਟਣਾ ਕੀ?
ਚੜ੍ਹਿਆ ਨਜ਼ਰ ਆਵੇ ਜੇਕਰ ਚੰਦ ਸੋਹਣਾ
ਤਾਂ ਚਕੋਰ ਨੇ ਵਿੰਹਦਿਆ ਥੱਕਣਾ ਕੀ?
ਚਾਰੋਂ ਤਰਫ ਬੰਦੂਕ ਦੇ ਹੋਣ ਪਹਿਰੇ
ਰਾਮ ਦਿਸੇ ਸਾਹਵੇਂ ਡਰ ਰੱਖਣਾ ਕੀ?

ਕਵੀ ਮ੍ਰਿਗੇਸ਼ ਨੇ ਹਾਸ਼ਮ ਸ਼ਾਹ ਦੀਆਂ ਡਿਉਢਾਂ ਦੀ ਤਰਜ਼



Namdhari Elibrary NamdhariElibrary@gmail.com

ਤੇ ਮੀਹਾਂ ਸਿੰਘ ਦੇ ਸਾਕੇ ਨਾਲ ਸਬੰਧਿਤ ਕੁਝ ਡਿਉਢਾਂ ਤੇ ਹੋਰ ਰਚਨਾ ਵੀ ਕੀਤੀ ਹੈ-

"ਵਿਚ ਮਰਗੋਈ ਚਮਕ ਸ਼ਮ੍ਹਾਂ ਦੀ ਤੱਕੀ ਇਕ ਪਰਵਾਨੇ,
ਹੋ ਮਸਤਾਨੇ।
ਸੀਸ ਤਲੀ ਰੱਖ ਤੁਰ ਗਿਆ ਆਸ਼ਕ ਲੰਘ ਗਿਆ ਦੇਸ਼ ਬਿਗਾਨੇ, ਜੰਗਲ ਕਾਨੇ।
ਦਿਲ ਤੋਂ ਜ਼ਹਿਰ ਉਤਾਰਨ ਖਾਤਰ ਚੰਦਨ ਜਿਉਂ ਲਿਪਟਾਨੇ,
ਨਾਗ ਦੀਵਾਨੇ।
ਸਾਗਰ ਨੂੰ 'ਮ੍ਰਿਗੇਸ਼' ਚੀਰ ਕੇ ਪਹੁੰਚਾ ਖਾਸ ਟਿਕਾਨੇ,
ਲਾ ਮਕਾਨੇ।"

.... ..... ..... ..... ..... ..... .....

"ਆਸ਼ਕ ਹੋਣ ਸ਼ਹੀਦ ਦੀਦ ਤੇ ਸਿਰ ਦੀ ਬਾਜ਼ੀ ਲਾਕੇ,
ਆਪ ਗਵਾ ਕੇ।
ਝੱਲਣ ਲੱਖ ਤਸੀਹੇ ਸਿਰ ਤੇ ਰੋਮ ਰੋਮ ਵੱਟ ਖਾਕੇ,
ਖੱਲ ਲੁਹਾ ਕੇ।
ਉਡ ਗਿਆ ਮਾਸ ਬਣੇ ਹੱਡ ਪਿੰਜਰ
ਤਨ ਰੂਈ ਵਾਂਗ ਪਿੰਜਾ ਕੇ,
ਖੁਦੀ ਵੰਞਾਕੇ।
ਕਵਿ 'ਮ੍ਰਿਗੇਸ਼' ਲੈ ਭੇਟ
ਪੀਆ ਦੀ ਜਾਵਣ ਸੀਸ ਕਟਾਕੇ
ਤਲੀ ਟਿਕਾਕੇ।"

.... ..... ..... ..... ..... ..... .....

"ਸਿਰ ਧਰ ਤਲੀ ਸੀਸ ਲੈ ਭੇਟਾ
ਸਿਖ ਚਰਨ ਰਾਮ ਹਰਿ ਧਰਦਾ,
ਹੰਝੂ ਭਰਦਾ।
ਲਾਈ ਸੱਟ ਵੈਰਾਗ ਗੁਰਾਂ ਦੇ
ਜਾ ਸਾਗਰ ਨੂੰ ਭਰਦਾ,
ਸੁਖ ਛੱਡ ਘਰਦਾ,
ਜੰਗਲ ਥਲ ਸਭ ਲੰਘੇ ਪਰਬਤ
ਸਿਰ ਨਾਗਾਂ ਪੈਰ ਜਾ ਧਰਦਾ
ਰਹਾ ਨਾ ਡਰਦਾ।
ਬੜਕਣ ਸ਼ੀਹ ਤੇ ਕੜਕਣ ਤੁਪਕਾਂ
ਸੁਰਤ ਰਾਮ ਵਿਚ ਜੜਦਾ।
ਸੇਵਕ ਹਰਿ ਦਾ।"

ਮੀਹਾਂ ਸਿੰਘ ਨੂੰ ਉਨ੍ਹੀਵੀਂ ਸਦੀ ਦੇ ਨੌਵੇਂ ਦਹਾਕੇ ਵਿਚ ਗੁਰੂ ਹਰੀ ਸਿੰਘ ਜੀ ਨੇ ਮਹੰਤ ਵੀ ਥਾਪ ਦਿੱਤਾ ਸੀ। ਇਸ ਸਮੇਂ ਉਸ ਦੀ ਰੂਸ ਦੇ ਮੱਧ ਏਸ਼ੀਆ ਇਲਾਕੇ ਵਿਚ ਸੂਬੇ ਬਿਸ਼ਨ ਸਿੰਘ ਪਾਸ ਜਾਣ ਦੀਆਂ ਗੁਪਤ ਰਿਪੋਰਟਾਂ ਵੀ ਮਿਲਦੀਆਂ ਹਨ। ਪ੍ਰੰਤੂ ਸਦੀ ਦੇ ਅੰਤਿਮ ਦਹਾਕੇ ਵਿਚ ਮੀਹਾਂ ਸਿੰਘ ਨੇ ਪਰਵੇਸ਼ ਨਹੀਂ ਕੀਤਾ ਜਾਪਦਾ। ਉਸ ਦੀ ਆਯੂ ਚਾਲ੍ਹੀ ਸਾਲ ਤੋਂ ਹੇਠਾਂ ਹੀ ਮਲੂਮ ਹੁੰਦੀ ਹੈ। ਕੂਕਾ ਰੂਸ ਸਬੰਧਾਂ ਵਿਚ ਉਸ ਦਾ ਜ਼ਿਕਰ ਰੂਸੀ ਮੁਹਾਫਿਜ਼ਖਾਨਿਆਂ ਵਿਚ ਵੀ ਸੁਰੱਖਿਅਤ ਹੈ ਤੇ ਭਾਰਤ ਰੂਸੀ ਵਿਗਿਆਨੀ ਵੀ ਉਸਦੇ ਇਸ ਦੇਸ਼ ਭਗਤੀ ਪੂਰਣ ਕੰਮ ਦਾ ਉਚ ਮੁਲੰਕਣ ਕਰਦੇ ਹਨ।

ਮੀਹਾਂ ਸਿੰਘ, ਸੂਬੇ ਸਾਹਿਬ ਸਿੰਘ ਜਿਉਂ ਸਤਿਗੁਰੂ ਰਾਮ ਸਿੰਘ ਜੀ ਦਾ ਲਾਡਲਾ ਸਪੂਤ ਸੀ। ਤਿੰਨ ਵੇਰ ਸਾਗਰਾਂ ਨੂੰ ਚੀਰ ਕੇ ਗੁਰੂ ਦਰਸ਼ਨ ਕਰਨ ਦੇ ਕਾਰਨਾਮੇ ਸਦਕਾ ਉਹ ਸਾਡੇ ਇਤਿਹਾਸ ਦੇ ਅਮਰ ਨਾਇਕਤਵ ਨੂੰ ਪ੍ਰਾਪਤ ਹੋ ਗਿਆ ਹੈ। ਪੰਜਾਬ ਸਰਕਾਰ ਨੂੰ ਸਿਰਹਾਲੀ ਵਿਚ ਮੀਹਾਂ ਸਿੰਘ ਦੀ ਯਾਦਗਾਰ ਜ਼ਰੂਰ ਉਸਾਰਨੀ ਚਾਹੀਦੀ ਹੈ।

*ਟ ਨੋਟ :*

1. ਮਾਲਵਿੰਦਰ-ਸੰਤ ਇੰਦਰ ਸਿੰਘ ਚੱਕਰਵਰਤੀ-ਨਵੀਂ ਦਿੱਲੀ ੧੯੫੭ ਸਫਾ ੪੫੪-੫੫
2. ਸਤਿਗੁਰੂ ਬਿਲਾਸ (ਭਾਗ ਦੂਜਾ) ਭਾਈ ਸੰਤੋਖ ਸਿੰਘ ਬਾਹੋਵਾਲ-ਸ੍ਰੀ ਭੈਣੀ ਸਾਹਿਬ-੨੦੦੫ ਈ. ਸਫਾ ੧੩੭
3. ਉਪਰੋਕਤ ਸਫਾ ੧੪੧
4. ਉਪਰੋਕਤ ਸਫਾ ੧੪੪ ਤੋਂ ੧੪੬
5. ਉਪਰੋਕਤ ਸਫਾ ੧੪੮
6. ਕੂਕਾ ਮੂਵਮੈਂਟ-ਐਡੀਟਰ ਜਸਵਿੰਦਰ ਸਿੰਘ-ਦਿੱਲੀ-੧੯੮੫ ਈ- ਸਫੇ ੧੨੨-੧੨੩
7. ਹੁਕਮਨਾਮੇ-ਸ੍ਰੀ ਭੈਣੀ ਸਾਹਿਬ-੧੯੯੮ ਈ. ੪੯ ਵਾਂ ਹੁਕਮਨਾਮਾ

*ਕਰੀਵਾਲਾ (ਸਿਰਸਾ)*
੧੦-੭-੨੦੦੭

ਇਕਸੇ ਤਾਰ ਬਹਾਰ ਨ ਰਹਿੰਦੀ, ਨਹੀਂ ਇਕਸੇ ਤੌਰ ਜ਼ਮਾਨਾ।
ਹਰ ਇਕ ਚਾਲ ਨਹੀਂ ਅਲਬੇਲੀ, ਨਹੀਂ ਹਰਦਮ ਜ਼ੋਰ ਜਵਾਨਾ।
ਰੋਵਣ ਸੋਗ ਹਮੇਸ਼ ਨ ਹੋਵੇ, ਨਹੀਂ ਨਿਤ ਨਿਤ ਰਾਗ ਸ਼ਹਾਨਾ।
ਹਾਸ਼ਮ ਬੈਠ ਗਈਆਂ ਲਖ ਡਾਰਾਂ, ਇਹ ਜਗਤ ਮੁਸਾਫਰ ਖਾਨਾ।

ਨਦੀਆਂ ਨੀਰ ਵਹਿਣ ਨਿਤ ਤਾਰੂ, ਇਹ ਕਦੀ ਨ ਹੋਵਣ ਹਲਕੇ।
ਜੋ ਜਲ ਅਜ ਗਿਆ ਇਸ ਰਾਹੀਂ, ਸੋ ਫੇਰ ਨਾ ਆਵੇ ਭਲਕੇ।
ਏਵੇਂ ਰਹਿਗੁ ਜਹਾਨ ਵਸੇਂਦਾ, ਪਰ ਅਸੀਂ ਨਾ ਬਹਿਸਾਂ ਰਲਕੇ।
ਹਾਸ਼ਮ ਕੌਣ ਕਰਗੁ ਦਿਲਬਰੀਆਂ, ਇਸ ਖਾਕ ਮਿੱਟੀ ਵਿਚ ਰਲਕੇ।

*-ਹਾਸ਼ਮ ਸ਼ਾਹ*



Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

- Automatic machines for producing Biscuits
- Automatic machines for producing Wafers

and

Makers of High quality Biscuits

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84 Fax :— +91-40--4530475*

*E-mail:amber @hd1.vsnl.net.in*

| | | |
|---|---|---|
| Balvinder Pal Singh<br>*Manging Director*<br>*Ph.: 9391048734* | Lakhbir Singh Muchhal<br>*Director*<br>*Ph.: 9848050607* | Sukhwinder Kaur<br>*Director*<br>*Ph.: 9391046298* |



Namdhari Elibrary NamdhariElibrary@gmail.com

# "ਮੇਰੀ ਪਹਿਲੀ ਪਾਕਿਸਤਾਨ ਯਾਤਰਾ"

—(ਮਾਸਟਰ) ਅਮਰੀਕ ਸਿੰਘ

੧੯੬੨ ਦੇ ਅੰਧ ਦੇ ਕਰੀਬ ਮੈਂ ਸ੍ਰੀ ਪ੍ਰੀਤਮ ਸਿੰਘ ਜੀ ਕਵੀ ਦੇ ਕੋਲ ਸ੍ਰੀ ਜੀਵਨ ਨਗਰ ਸਤਿਜੁਗ ਦੇ ਦਫ਼ਤਰ ਵਿਚ ਬੈਠਾ ਸਾਂ। ਅਖਬਾਰ ਵਿਚ ਇਸ਼ਤਿਹਾਰ ਪੜ੍ਹਿਆ ਜੋ ਸ਼੍ਰੋਮਣੀ ਕਮੇਟੀ ਵੱਲੋਂ ਸੀ ਕਿ ਜੋ ਸੱਜਣ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੇ ਸ੍ਰੀ ਨਣਕਾਣਾ ਸਾਹਿਬ (ਪਾਕਿਸਤਾਨ) ਦੇ ਦਰਸ਼ਨ ਕਰਨਾ ਜਾਣਾ ਚਾਹੁੰਦੇ ਹੋਣ, ਉਹ ਫਾਰਮ ਜੋ ਨਾਲ ਹੀ ਦਿੱਤਾ ਸੀ, ਭਰ ਕੇ ਕਮੇਟੀ ਦੇ ਦਫਤਰ ਭੇਜ ਦੇਣ। ਮੇਰੀ ਬੇਨਤੀ ਕਰਨ ਤੇ ਕਵੀ ਜੀ ਨੇ ਵੀ ਹਾਂ ਕਰ ਦਿੱਤੀ ਅਤੇ ਅਸਾਂ ਦੋਹਾਂ ਨੇ ਫਾਰਮ ਭਰ ਕੇ ਡਾਕ ਰਾਹੀਂ ਭੇਜ ਦਿੱਤੇ।

ਕੁਝ ਹੀ ਦਿਨ ਲੰਘੇ ਕਿ ਕਮੇਟੀ ਦੇ ਦਫਤਰੋਂ ਸਾਨੂੰ ਸੱਦਾ ਆ ਗਿਆ ਕਿ ਜਲਦੀ ਹੀ ਲੋੜੀਂਦੀ ਕਾਰਵਾਈ ਕਰ ਕੇ ਭੇਜ ਦਿਓ ਤਾਂਕਿ ਤੁਹਾਡੇ ਪਾਕਿਸਤਾਨ ਜਾਣ ਤੇ ਵਿਚਾਰ ਕੀਤੀ ਜਾ ਸਕੇ। ਖੈਰ ਅਸਾਂ ਆਪਣੇ ਬਾਰੇ ਸਾਰੀ ਜਾਣਕਾਰੀ ਤੇ ਫੋਟੋ ਕਾਪੀਆਂ ਕਮੇਟੀ ਦੇ ਦਫਤਰ ਪੁੱਚਾ ਦਿੱਤੀਆਂ। ਸਾਡੀ ਉਮੀਦ ਦੇ ਉਲਟ ਥੋੜੇ ਦਿਨਾਂ ਬਾਦ ਹੀ ਸਾਨੂੰ ਮਨਜ਼ੂਰੀ ਦਾ ਪੱਤਰ ਆ ਗਿਆ।

ਹੁਣ ਅਸੀਂ ਪਾਕਿਸਤਾਨ ਜਾਣ ਦੀਆਂ ਤਿਆਰੀਆਂ ਵਿਚ ਜੁੱਟ ਪਏ। ਕਵੀ ਜੀ ਨੇ ਪੱਤਰਾਂ ਰਾਹੀਂ ਲਾਹੌਰ ਦੇ ਆਸ ਪਾਸ ਆਪਣੇ ਮਿਤਰਾਂ ਨੂੰ ਲਿਖ ਦਿੱਤਾ ਕਿ ਅਸੀਂ ਦੋ ਜਣੇ ਤੁਹਾਨੂੰ ਮਿਲਣ ਲਈ ਆ ਰਹੇ ਹਾਂ। ਮੈਂ ਵੀ ਆਪਣੇ ਦੋਸਤਾਂ ਨੂੰ ਖਤ ਲਿਖੇ। ਅੰਦਰ ਬੜਾ ਉਤਸਾਹ ਜੇਹਾ ਸੀ। ਆਪਣੀ ਜਨਮ-ਭੂਮੀ ਨੂੰ ਮੁੜ ਕੇ ਵੇਖਣ ਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਾ ਦਿਨ ਉਡੀਕਣ ਲੱਗੇ। ਦਸ ਕੁ ਦਿਨ ਪਹਿਲਾਂ ਸਾਨੂੰ ਚਿੱਠੀ ਮਿਲੀ ਕਿ ਤੁਸੀਂ ਫਲਾਂ ਤਾਰੀਖ ਨੂੰ ਬਠਿੰਡੇ ਗੁਰਦੁਆਰਾ ਹਾਜੀਪੀਰ ਪਹੁੰਚ ਜਾਓ। ਅਸਾਂ ਪੂਰੀ ਤਿਆਰੀ ਆਰੰਭ ਕੀਤੀ। ਕੁਝ ਕਪੜੇ ਨਵੇਂ ਸਵਾਏ, ਇਕੋ ਜਿਹੇ ਚਿੱਟੇ ਬੈਗ ਖਰੀਦੇ, ਚਿੱਟੇ ਜੋੜੇ ਸਹਿਰੋਂ ਲਿਆਂਦੇ। ਕਵੀ ਜੀ ਦਾ ਕਹਿਣਾ ਸੀ ਕਿ ਆਪਾਂ ਨਾਮਧਾਰੀ ਪੰਥ ਦਾ ਪ੍ਰਤੀਨਿਧਤੱਵ ਕਰਨਾ ਹੈ ਸੋ ਇਕ ਨਮੂਨੇ ਦੇ ਨਾਮਧਾਰੀ ਸਾਨੂੰ ਬਣ ਕੇ ਜਾਣਾ ਚਾਹੀਦਾ ਹੈ।

### ਪਹਿਲਾ ਦਿਨ

ਨੀਯਤ ਦਿਨ ਤੇ ਅਸੀਂ ਬਠਿੰਡੇ ਪਹੁੰਚ ਗਏ। ਹਾਜੀਪੀਰ ਗੁਰਦੁਆਰੇ ਯਾਤਰੀਆਂ ਦੀ ਭੀੜ ਲੱਗੀ ਹੋਈ ਸੀ। ਖੈਰ ਪਤਾ ਕਰਨ ਤੇ ਸਾਨੂੰ ਦਫਤਰੋਂ ਸਾਡੇ ਪਾਸਪੋਰਟ ਮਿਲ ਗਏ ਤੇ ਨਾਲ ਹੀ ਹੁਕਮ ਮਿਲਿਆ ਕਿ ਕਲ ਨੂੰ ਠੀਕ ਦੱਸ ਵਜੇ ਅੰਮ੍ਰਿਤਸਰ ਰੇਲਵੇ ਸਟੇਸਨ ਤੇ ਪਾਕਿਸਤਾਨ ਨੂੰ ਜਾਣ ਵਾਲੀ ਗੱਡੀ ਦੇ ਪਲੇਟਫਾਰਮ ਤੇ ਪਹੁੰਚ ਕੇ ਸ੍ਰੀ ਨਨਕਾਣਾ ਸਾਹਿਬ ਪਹੁੰਚ ਜਾਓ।

ਉਦੋਂ ਬਠਿੰਡੇ ਤੋਂ ਬੱਸ ਦਾ ਸਿੱਧਾ ਰਸਤਾ ਹਾਲੇ ਚਾਲੂ ਨਹੀਂ ਸੀ ਹੋਇਆ, ਅਸੀਂ ਰੇਲ ਤੇ ਹੀ ਬਠਿੰਡੇ ਤੋਂ ਫੀਰੋਜ਼ਪੁਰ, ਜਲੰਧਰ ਹੁੰਦੇ ਹੋਏ ਮਸਾਂ ਹੀ ਸਵੇਰੇ ਅੱਠ ਵਜੇ ਅੰਮ੍ਰਿਤਸਰ ਪੁੱਜੇ। ਗੁਰਦੁਆਰੇ ਆ ਕੇ ਇਸ਼ਨਾਨਪਾਣੀ ਕਰਕੇ ਠੀਕ ਸਾਢੇ ਨੌ ਵਜੇ ਅੰਮ੍ਰਿਤਸਰ ਰੇਲਵੇ ਸਟੇਸਨ ਦੱਸੇ ਹੋਏ ਪਲੇਟ ਫਾਰਮ ਤੇ ਪੁੱਜ ਕੇ ਸ੍ਰੀ ਨਨਕਾਣਾ ਸਾਹਿਬ ਦੀਆਂ ਟਿਕਟਾਂ ਖਰੀਦ ਲਈਆਂ।

ਗੱਡੀ ਦੀ ਉਡੀਕ ਕਰਨ ਲੱਗੇ। ਮਨ ਵਿਚ ਖੁਸ਼ੀ ਦੀਆਂ ਤਰੰਗਾਂ ਉਮਡ ਰਹੀਆਂ ਸਨ। ਲਾਹੌਰ ਕਿਵੇਂ ਦਾ ਹੋਵੇਗਾ। ਹੁਣ ਸਾਨੂੰ ਉਥੇ ਕੋਈ ਖਤਰਾ ਨਹੀਂ ਹੋਵੇਗਾ ? ਇਹਨਾਂ ਸੋਚਾਂ ਵਿਚ ਹੀ ਸਾਂ ਕਿ ਗੱਡੀ ਪਲੇਟ ਫਾਰਮ ਤੇ ਆ ਲੱਗੀ। ਅੱਧੇ ਡੱਬੇ ਪਾਕਿਸਤਾਨੀ ਤੇ ਅੱਧੇ ਭਾਰਤੀ ਸਨ। ਯਾਤਰੀ ਆਪਣੀ ਆਦਤ ਅਨੁਸਾਰ ਧੱਕਾ ਧੱਲ ਕਰਦੇ ਆਪਣੀਆਂ ਸੀਟਾਂ ਮੱਲਣ ਦੀ ਕਾਹਲੀ ਵਿਚ ਕਾਵਾਂ ਰੌਲੀ ਪਾ ਰਹੇ ਸਨ। ਕਵੀ ਜੀ ਤੇ ਮੈਂ ਅਡੋਲ ਖੜੇ ਸਾਂ ਕਵੀ ਜੀ ਨੇ ਇਕ ਅੱਖ ਵੀ ਕਰਕੇ ਮੇਰੇ ਵੱਲ ਵੇਖਿਆ ਤੇ ਮੁਸਕਰਾ ਕੇ ਆਖਿਆ "ਠੀਕ ਏ ਅਮਰੀਕ ਸਿੰਘ, ਤੂੰ ਅੱਜ ਬਹੁਤ ਵਧੀਆ ਨਾਮਧਾਰੀ ਲੱਗ ਰਿਹੈਂ" "ਤੇ ਤੁਸੀਂ ਕਿਹੜੇ ਘੱਟ ਸੋਹਣੇ ਲੱਗ ਰਹੇ ਓ ਸੱਚ ਦਸਾਂ ਤੁਸਾਂ ਮੇਰੀ ਕਾਇਆ ਕਲਪ ਕਰ ਦਿੱਤੀ ਏ ਕਵੀ ਜੀ।" ਮੈਂ ਇਤਨਾਂ ਕਹਿ ਕੇ ਕਵੀ ਜੀ ਨੂੰ ਆਪਣੀਆਂ ਬਾਹਾਂ ਨਾਲ ਘੁੱਟ ਲਿਆ।

"ਚੱਲੋ ਯਾਰ! ਸੀਟਾਂ ਤੇ ਬੈਠੀਏ ਹੁਣ, ਕੁਝ ਸ਼ਾਂਤ ਹੋਈਏ" ਕਵੀ ਜੀ ਨੇ ਮੈਨੂੰ ਬਾਹੋਂ ਫੜ ਕੇ ਗੱਡੀ ਵੱਲ ਖਿਚਦਿਆਂ ਕਿਹਾ।

ਸਾਡੀ ਇੱਛਾ ਮੁਤਾਬਕ ਸੀਟਾਂ ਸਾਨੂੰ ਬਾਰੀ ਵਾਲੇ ਪਾਸੇ ਹੀ ਮਿਲ ਗਈਆਂ, ਅਸੀਂ ਬਾਹਰ ਅੰਮ੍ਰਿਤਸਰ ਸਟੇਸ਼ਨ ਦਾ ਇਕ ਜਾਇਜ਼ਾ ਲਿਆ। ਕਵੀ ਜੀ ਨੇ ਕਿਹਾ! ਸਾਡੇ ਦੇਸ਼ ਵਿਚ ਤਾਂ ਕਾਫ਼ੀ ਤਬਦੀਲੀ ਆਈ ਹੈ, ਪਾਕਿਸਤਾਨ ਦਾ ਕੀਹ ਹਾਲ ਏ, ਚੱਲ ਕੇ ਵੇਖਾਂਗੇ।

"ਉੱਥੇ ਕੀਹ ਹੋਣੈ ਕਵੀ ਜੀ! ਭਾਗਾਂ ਵਾਲਾ ਪਿੰਡ ਪਰਾਲੀਓਂ ਹੀ ਦਿੱਸ ਪੈਂਦਾ ਏ" ਆਹ ਗੱਡੀਆਂ ਦਾ ਹਾਲ ਹੀ ਵੇਖ ਲੋ।" ਮੈਂ ਅੱਗੇ ਖੜੇ ਡੱਬੇ ਵੱਲ ਵੇਖ ਕੇ ਆਖਿਆ "ਇਹ ਉਹਨਾਂ ਵਧੀਆ ਡੱਬੇ ਹੀ ਸਾਡੇ ਵੱਲ ਭੇਜੇ ਹੋਣਗੇ।"

"ਇਹ ਤਾਂ ਠੀਕ ਏ, ਕਵੀ ਜੀ ਨੇ ਮੇਰੀ ਗੱਲ ਦੀ ਪ੍ਰੋੜਤਾ ਕੀਤੀ। ਅਸੀਂ ਅਜੇ ਕੁਝ ਹੋਰ ਗੱਲਾਂ ਕਰਦੇ ਇਸ ਵਿਸ਼ੇ ਬਾਰੇ ਪਰ ਵਿਸਲ ਹੋਈ, ਜਵਾਬੀ ਸੀਟੀ ਇੰਜਨ ਨੇ ਮਾਰੀ ਤੇ ਗੱਡੀ ਚੱਲ ਪਈ।

ਅੰਮ੍ਰਿਤਸਰ ਸਟੇਸ਼ਨ ਹੋਲੇ ਹੋਲੇ ਪਿਛਾਂ ਰਹਿਣ ਲਗਾ ਤੇ ਮੈਂ



Namdhari Elibrary NamdhariElibrary@gmail.com

ਪੰਦਰਾਂ ਸਾਲ ਪਹਿਲਾਂ ਵਾਲਾ ਵਕਤ ਯਾਦ ਕਰ ਰਿਹਾ ਸਾਂ। ਕਿਵੇਂ ਸੰਤਾਲੀ 'ਚ ਮਾਰੇ ਕੁੱਟੇ ਅਸੀਂ ਪਾਕਿਸਤਾਨੋਂ ਏਧਰ ਆਏ ਸਾਂ, ਭੁੱਖ ਤਿਹਾਏ। ਉਹ ਸਾਰਾ ਸੀਨ ਮੇਰੀਆਂ ਅੱਖਾਂ ਅੱਗੇ ਆ ਗਿਆ।

"ਕੋਈ ਗੱਲ ਕਰ ਅਮਰੀਕ ਸਿੰਘ ਆਪਾਂ ਚੁੱਪ ਬਹਿਣ ਥੋੜੇ ਆਏ ਹਾਂ। ਵੈਸੇ ਤਾਂ ਜੋ ਕੁਝ ਤੂੰ ਸੋਚ ਰਿਹਾ ਹੈ ਉਹੋ ਕੁਝ ਹੀ ਮੈਂ ਸੋਚ ਰਿਹਾਂ। ਰੌਲੇ ਦੇ ਸਾਲਾਂ ਬਾਰੇ" ਕਵੀ ਜੀ ਨੇ ਜਿਵੇਂ ਮੇਰੇ ਚਿਹਰੇ ਤੋਂ ਸਭ ਕੁਝ ਪੜ ਲਿਆ ਹੋਵੇ। ਚਿਹਰੇ ਤੋਂ ਸਭ ਕੁਝ ਪੜ੍ਹ ਲੈਣਾਂ ਕਵੀ ਜੀ ਦਾ ਇਕ ਵਧੀਆ ਹੁਨਰ ਸੀ।

ਲੋਕ ਆਪੋ ਵਿਚ ਗੱਲਾਂ ਕਰ ਰਹੇ ਸਨ, "ਮੈਂ ਤਾਂ ਪਾਕਿਸਤਾਨੋਂ ਬਾਦਾਮ, ਗਿਰੀਆਂ ਸੌਗੀ ਲਿਆਵਾਂਗਾ," ਇਕ ਕਹਿ ਰਿਹਾ ਸੀ।

ਦੂਜੇ ਨੇ ਕਿਹਾ, "ਮੈਂ ਤੇ ਪਾਕਿਸਤਾਨੀ ਜੁੱਤੀ ਦੇ ਚਾਰ ਜੋੜੇ ਲੈ ਕੇ ਆਉਣੇ ਨੇ। ਮੇਰੀ ਉਮਰ ਤੇ ਕੱਢ ਹੀ ਜਾਣਗੇ," ਇਹ ਸੱਜਣ ਕੋਈ ਸੱਠ ਸਾਲ ਦੇ ਕਰੀਬ ਹੋਵੇਗਾ।

ਕਵੀ ਜੀ ਹੁੰਗਲਾ ਗਏ ਪਰ ਮੈਂ ਯਾਤਰੀਆਂ ਦੀਆਂ ਯਾਤਰਾ ਕਰਨ ਦੀਆਂ ਭਾਵਨਾਵਾਂ ਬਾਰੇ ਡੂੰਘੀ ਸੋਚ ਵਿਚ ਡੁੱਬ ਰਿਹਾ ਸਾਂ। ਜਿਸ ਆਸ਼ੇ ਨੂੰ ਲੈ ਕੇ ਅਸੀਂ ਇਹ ਯਾਤਰਾ ਕਰ ਰਹੇ ਹਾਂ, ਉਸ ਬਾਰੇ ਤਾਂ ਕੋਈ ਵੀ ਗੱਲ ਨਹੀਂ ਕਰ ਰਿਹਾ। ਗੁਰੂ ਨਾਨਕ ਦੇਵ ਜੀ ਬਾਰੇ ਨਨਕਾਣੇ ਸਾਹਿਬ ਬਾਰੇ, ਇਹ ਤਾਂ ਸਾਰੇ ਵਪਾਰੀ ਲੱਗ ਰਹੇ ਸਨ, ਜੋ ਕਿਸੇ ਵਪਾਰ ਲਈ ਹੀ ਜਾ ਰਹੇ ਹੋਣ।

ਗੱਡੀ ਦੀ ਸਪੀਡ ਘੱਟ ਗਈ ਪਤਾ ਲੱਗਾ ਅਟਾਰੀ ਸਟੇਸ਼ਨ ਆ ਗਿਆ। ਕੁਝ ਦੇਰ ਗੱਡੀ ਰੁੱਕੀ ਤੇ ਫੇਰ ਚੱਲ ਪਈ।

ਅਟਾਰੀ ਦਾ ਸਟੇਸ਼ਨ ਮੈਨੂੰ ਬੜਾ ਯਾਦ ਏ। ਸੰਤਾਲੀ 'ਚ ਅਸੀਂ ਸਾਰੇ ਕੁੱਟੇ, ਭੁੱਖੇ ਤੇ ਪਿਆਸੇ ਏਸ ਸਟੇਸ਼ਨ ਤੇ ਰੁਕੇ ਤਾਂ ਪਾਸੇ ਦੇ ਲੋਕ ਸਾਡੇ ਲਈ ਲੰਗਰ, ਦੁੱਧ, ਕੜਾਹ-ਪ੍ਰਸ਼ਾਦ ਲਿਆਏ ਸਨ ਤੇ ਅਸਾਂ ਕਈ ਦਿਨਾਂ ਦੀ ਭੁੱਖ, ਤਰੇਹ ਲਾਹੀ ਸੀ।

ਲੋ ਜੀ ਵਾਹਗਾ ਬਾਰਡਰ ਆ ਗਿਆ ਤੇ ਗੱਡੀ ਫੇਰ ਰੁੱਕੀ, ਮੈਂ ਕਵੀ ਜੀ ਨੂੰ ਝੂਣਿਆਂ ਤੇ ਅਸੀਂ ਲੋਕਾਂ ਨਾਲ ਸਟੇਸ਼ਨ ਦੇ ਪਲੇਟ ਫਾਰਮ ਤੇ ਉੱਤਰ ਆਏ। ਇਥੇ ਸਭ ਦੀ ਚੈਕਿੰਗ ਹੋਣੀ ਸੀ। ਆਪਣੇ ਨਾਲ ਲਿਆਂਦੇ ਸਾਮਾਨ ਨੂੰ ਕਿਵੇਂ ਬਾਰਡਰ ਪਾਰ ਕਰਾਨਾ ਹੈ ਆਮ ਯਾਤਰੂ ਇਹ ਹੀ ਸਕੀਮਾਂ ਬਣਾ ਰਹੇ ਸਨ। ਅਸੀਂ ਦੋਵੇਂ ਵੀ ਲਾਈਨ ਵਿਚ ਲੱਗ ਗਏ, ਭਾਵੇਂ ਪਾਕਿਸਤਾਨੀ ਅਧਿਕਾਰੀ ਕਾਫੀ ਖੁਲਦਿਲੀ ਵਰਤ ਰਹੇ ਸਨ, ਫੇਰ ਵੀ ਕਈਆਂ ਕੋਲ ਸਾਮਾਨ ਹੀ ਇਤਨਾਂ ਤੇ ਇਤਰਾਜ਼ ਯੋਗ ਸੀ ਕਿ ਇਕ-ਇਕ ਯਾਤਰੀ ਤੇ ਕਾਫੀ ਦੇਰ ਲੱਗ ਜਾਂਦੀ ਸੀ।

ਅੱਕ ਕੇ ਕਵੀ ਜੀ ਤੇ ਮੈਂ ਬੈਗਾਂ ਵਿਚੋਂ ਆਪਣੇ ਕਪੜੇ ਕੱਢ ਕੇ ਹੱਥ ਵਿਚ ਫੜ ਲਏ। ਖਾਲੀ ਬੈਗ ਲੈ ਕੇ ਅਸੀਂ ਅਧਿਕਾਰੀ ਕੋਲ ਆ ਗਏ, ਲਾਈਨ ਤੋੜ ਕੇ।

"ਸਾਡੇ ਕੋਲ ਤਾਂ ਐਹ ਕੁਝ ਹੀ ਹੈ, ਸਾਨੂੰ ਕਿਓ ਸੱਜ਼ਾ ਮਿਲ ਰਹੀ ਏ, ਇਹਨਾਂ ਲੋਕਾਂ ਨਾਲ।" ਕਵੀ ਜੀ ਨੇ ਹੱਸਦਿਆਂ ਅਧਿਕਾਰੀ ਨੂੰ ਆਖਿਆ।

"ਲਿਆਓ ਸਰਦਾਰ ਜੀ! ਨੌਜਵਾਨ ਅਧਿਕਾਰੀ ਨੇ ਕਿਹਾ "ਤੁਹਾਡੀ ਗੱਲ ਠੀਕ ਹੈ ਇਹਨਾਂ ਬਿਪਾਰੀ ਨੁਮਾ ਯਾਤਰੀਆਂ ਨਾਲ ਤੁਸੀਂ ਕਿਓਂ ਦੁੱਖ ਪਾਓ!"

ਉਸ ਨੇ ਸਾਡੇ ਪਾਸਪੋਰਟ ਲੈ ਕੇ ਲੋੜੀਂਦੀ ਕਾਰਵਾਹੀ ਕੀਤੀ ਤੇ ਸਾਨੂੰ ਕਿਹਾ "ਜਾਓ ਬਾਦਸ਼ਾਹੋ ਹੁਣ ਖ਼ੁਸ਼ ਜੇ!" ਉਸ ਨੇ ਪੂਰੇ ਲਾਹੌਰੀ ਲਹਿਜੇ ਵਿਚ ਮੁਸਕਰਾਉਂਦਿਆਂ ਕਿਹਾ।

ਸ਼ੁਕਰੀਆ ਅਦਾ ਕਰ ਕੇ ਅਸੀ ਪਲੇਟ ਫਾਰਮ ਤੇ ਟਹਿਲਣ ਲੱਗ ਪਏ।

"ਕਿਓਂ ਬਦਨਾਮ ਕਰ ਰਹੇ ਨੇ ਇਹ ਲੋਕ ਆਪਣੇ ਦੇਸ਼ ਨੂੰ ਤੇ ਆਪਣੇ ਧਰਮ ਨੂੰ।" ਕਵੀ ਜੀ ਨੇ ਲਾਈਨ ਵਿਚ ਲੱਗਿਆਂ ਵੱਲ ਵੇਖ ਕੇ ਆਖਿਆ, ਭਲਿਓ ਮਾਨਸੋ! ਤੁਸੀਂ ਆਏ ਕਿਹੜੇ ਕੰਮ ਹੋ ਤੇ ਕਰ ਕੀਹ ਰਹੇ ਹੋ!"

"ਕੁਫਰ ਟੁੱਟਾ ਖੁਦਾ ਖੁਦਾ ਕਰਕੇ"। ਕਈ, ਘੰਟਿਆਂ ਬਾਦ ਇਹ ਚੈਕਿੰਗ ਮੁੱਕੀ ਤੇ ਅਸੀਂ ਸਾਰੇ ਫੇਰ ਗੱਡੀ ਵਿਚ ਆ ਬੈਠੇ। ਗੱਡੀ ਚਲ ਪਈ, ਮੈਂ ਬਾਹਰ ਖਿੜਕੀ ਚੋਂ ਆਪਣੇ ਦੇਸ਼ ਨੂੰ ਇਕ ਵੇਰਾਂ ਫੇਰ ਵੇਖਿਆ। ਹੌਲੇ ਹੌਲੇ ਵਾਹਗਾ ਸਟੇਸ਼ਨ ਦੀਆਂ ਬੱਤੀਆਂ ਤੇ ਸਿਗਨਲ ਦੂਰ ਪਿਛਾਂ ਰਹਿ ਗਏ।

ਅਸੀਂ ਹੁਣ ਉਸ ਧਰਤੀ ਤੇ ਜਾ ਰਹੇ ਸਾਂ, ਜੋ ਕਦੇ ਸਾਡੀ ਆਪਣੀ ਹੁੰਦੀ ਸੀ। ਮੈਨੂੰ ਯਾਦ ਆਇਆ ਵਾਟਨ ਸਕੂਲ ਦਾ ਸਟੇਸ਼ਨ, ਜਿਥੇ ਮੈਂ ਆਪਣੇ ਦੋਸਤ ਗੁਲਾਮ ਕਾਦਰ ਨਾਲ ਸਕੂਲ ਵਿਚ ਪੜ੍ਹਦਿਆਂ ਇਕ ਸਕਾਊਟਿੰਗ ਕੈਂਪ ਵਿਚ ਆਏ ਸਾਂ। ਉਸ ਸਟੇਸ਼ਨ ਦੇ ਉੱਤੇ ਦੀ ਗੱਡੀ ਲੰਘ ਰਹੀ ਸੀ। ਯਾਦ ਆ ਰਿਹਾ ਸੀ ਸਟੇਸ਼ਨ ਦੇ ਪਰਲੇ ਪਾਸੇ ਉਹ ਮੈਦਾਨ ਜਿਸ ਵਿਚ ਅਸੀਂ ਤੰਬੂਆਂ ਵਿਚ ਅੱਠ ਦਿਨ ਗੁਜ਼ਾਰੇ। ਇਹ ਕੈਂਪ ਪਸ਼ਾਵਰ ਤੋਂ ਗੁੜਗਾਵਾਂ ਤੱਕ ਵਾਲੇ ਪੰਜਾਬ ਤੋਂ ਆਏ ਸਕਾਊਟਾਂ ਦਾ ਸੀ। ਇਕ ਦੂਜੇ ਦੀ ਬੋਲੀ ਨਾ ਸਮਝਦੇ ਹੋਏ ਵੀ ਅਸੀਂ ਆਪੋ ਵਿਚ ਕਿੰਨੇ ਘੁਲ ਮਿਲ ਗਏ ਸਾਂ। ਹਿੰਦੂ, ਮੁਸਲਮਾਨ, ਸਿੱਖ ਇਸਾਈ, ਪਠਾਨ, ਜੱਟ, ਗਲ ਕੀ ਹਰ ਕੌਮ ਤੇ ਧਰਮ ਦੇ ਲੋਕਾਂ ਦੇ ਬੱਚੇ ਉਸ ਵਿਚ ਸ਼ਾਮਲ ਸਨ। ਵੱਖਰੀ ਵੱਖਰੀ ਬੋਲੀ, ਵੱਖਰਾ ਵੱਖਰਾ ਰਹਿਣ ਸਹਿਣ ਢੰਗ, ਫੇਰ ਵੀ ਹਜ਼ਾਰਾਂ ਦੀ ਗਿਣਤੀ ਵਿਚ ਅਸੀਂ ਸਭ ਇਕ ਸਾਂ। ਪਰ ਕੁਝ ਸਾਲ ਬਾਦ ਹੀ ਕੀਹ ਬਣਿਆ ਇਸ ਇਕੱਠ ਨੂੰ। ਕੀਹ ਭਾਣਾ ਵਰਤਿਆ, ਇਸ ਭਾਈਚਾਰੇ ਨਾਲ, ਸਭ ਕੁਝ ਖਿੰਡ ਪੁੰਡ ਗਿਆ। ਅਸੀਂ ਸਾਰੇ ਇਕ ਦੂਜੇ ਦੇ ਦੁਸ਼ਮਣ ਬਣ ਗਏ। ਲਾਸ਼ਾਂ ਦੇ ਢੇਰ ਲੱਗ ਗਏ, ਲੱਖਾਂ ਔਰਤਾਂ ਦੀ ਬੇ-ਪਤੀ ਹੋਈ। ਕਿਹੜੀ ਬੁਰੀ ਗੱਲ ਸੀ ਜੋ ਨਹੀਂ ਹੋਈ ਉਸ ਵੇਲੇ। ਨਹਿਰਾਂ ਦਰਿਆਵਾਂ ਦਾ ਪਾਣੀ ਆਪਣਿਆਂ ਦੇ ਲਹੂ ਨਾਲ ਹੀ ਲਾਲ ਹੋ ਗਿਆ। ਸੂਹਿਟਾਂ, ਖਾਲਾਂ, ਨਹਿਰਾਂ ਵਿਚ ਮਾਵਾਂ ਦੇ ਪੁੱਤਰਾਂ ਦੀਆਂ ਲਾਸ਼ਾਂ ਤਰ



Namdhari Elibrary NamdhariElibrary@gmail.com

ਰਹੀਆਂ ਸਨ ਤੇ ਉਹਨਾਂ ਉਪਰ ਬੈਠੇ ਕਾਵਾਂ, ਇੱਲ੍ਹਾਂ ਨੂੰ ਲਾਸ਼ਾਂ ਨੂੰ ਨੋਚਦਿਆਂ, ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਮੈਂ ਪਤਾ ਨਹੀਂ ਕਦੋਂ ਤੱਕ ਆਪਣੇ ਪਛੋਕੜ ਨੂੰ ਘੋਖਦਾ ਰਹਿੰਦਾ, ਜੇ ਕਵੀ ਜੀ ਮੈਨੂੰ ਹਲੂਣ ਕੇ ਆਖਿਆ, "ਲਾਹੌਰ ਆ ਗਿਆ, ਕਿਹੜੀਆਂ ਸੋਚਾਂ ਵਿਚ ਪਏ ਹੋ? ਇਹਨਾਂ ਸੋਚਾਂ ਦਾ ਕੋਈ ਬੰਨਾ ਨਹੀਂ ਪਿਆਰੇ।"

ਮੈਂ ਉੱਭੜ ਵਾਹੇ ਉਠਿਆ। ਮੈਨੂੰ ਪਤਾ ਨਹੀਂ ਲੱਗਾ ਕਦੋਂ ਮੁਗਲਪੁਰਾ ਲੰਘ ਕੇ ਗੱਡੀ ਲਾਹੌਰ ਸਟੇਸ਼ਨ ਤੇ ਆ ਕੇ ਰੁੱਕ ਗਈ ਸੀ। ਮੈਂ ਵੇਖਿਆ ਗੱਡੀ ਦੀ ਹਰ ਬਾਰੀ ਅੱਗੇ ਠੰਡਿਆਂ ਦੀਆਂ ਰੇੜ੍ਹੀਆਂ ਲਗੀਆਂ ਸਨ। ਜਥੇ ਵਾਲੇ ਸਭ ਲੋਕ ਦਬਾ ਦਬ ਗੱਟਾ ਗੱਟ ਬੋਤਲਾਂ ਪੀ ਰਹੇ ਸਨ। ਅਸਾਂ ਦੂਹਾਂ ਵੀ ਦੋ ਬੋਤਲਾਂ ਥਮਸ-ਅਪ ਦੀਆਂ ਪੀਤੀਆਂ, ਜਿਨਾਂ ਨੇ ਸਾਡੇ ਨੱਕ ਰਾਹੀ ਧੂੰ ਕਢ ਦਿੱਤਾ। ਖਿੜਕੀ ਚੋਂ ਵੇਖਿਆ ਇਕ ਸਰਦਾਰ ਜੀ ਤਿੰਨ ਤਿੰਨ ਬੋਤਲਾਂ ਦੋਹਾਂ ਹੱਥਾਂ ਵਿਚ ਤੇ ਦੋ ਬੋਤਲਾਂ ਆਪਣੀਆਂ ਬਗਲਾਂ ਵਿਚ ਦਬਾਈ ਵਾਹੋ ਦਾਈ ਆਈ ਜਾਣ ਕਿ ਪੈਰ ਥਿੜਕ ਗਿਆ ਤੇ ਉਹ ਚੋਫਾਲ ਮੂੰਦੜੇ ਮੂਹ ਡਿੱਗ ਪਏ। ਮੈਥੋਂ ਨਾ ਰਿਹਾ ਗਿਆ, ਕਹਿ ਹੀ ਦਿੱਤਾ "ਸਰਦਾਰ ਜੀ ਸੰਭਾਲ ਕੇ ਥੋੜੀਆਂ ਲੈ ਆਉਂਦੇ।"

"ਕਿਓਂ ਤੇਰੇ ਪੱਲਿਓਂ ਤਾਂ ਨਹੀਂ ਲਿਆਇਆ, ਪਾਕਿਸਤਾਨ ਸਰਕਾਰ ਨੇ ਘੱਲੀਆਂ ਨੇ, ਰੱਜ ਕੇ ਪੀਵਾਂਗੇ।" ਇਹ ਕਹਿੰਦੇ ਹੋਇਆਂ ਸਰਦਾਰ ਜੀ ਉਠੇ ਤੇ ਉਨੀਆਂ ਹੀ ਹੋਰ ਲੈ ਆਏ, ਕਿਓਂ ਕਿ ਅਗਲੀਆਂ ਤੇ ਕੁਝ ਟੁੱਟ ਗਈਆਂ ਤੇ ਕੁਝ ਪਲੇਟ ਫਾਰਮ ਤੋਂ ਥੱਲੇ ਡਿੱਗ ਪਈਆਂ। ਉਨਾਂ ਨੂੰ ਕੱਢਣ ਦੀ ਓਹਨਾਂ ਨੇ ਖੇਚਲ ਹੀ ਨਹੀਂ ਕੀਤੀ, ਜੇ ਆਪਣੀਆਂ ਹੁੰਦੀਆਂ ਤਾਂ ਖਤਰਾ ਮੁੱਲ ਲੈ ਕੇ ਵੀ ਉਹ ਬੋਤਲਾਂ ਕੱਢ ਲਈਆਂ ਜਾਣੀਆਂ ਸਨ।

"ਆਪਾਂ ਸਾਰੀ ਦੁਨੀਆ ਨੂੰ ਸੁਧਾਰਨ ਦਾ ਠੇਕਾ ਤਾਂ ਨਹੀਂ ਲਿਆ ਯਾਰ।" ਕਵੀ ਜੀ ਨੇ ਮੈਨੂੰ ਬਾਹੋਂ ਫੜ ਝੰਜੋੜ ਕੇ ਥੋੜਾ ਗੁੱਸੇ ਨਾਲ ਆਖਿਆ।"

ਲਾਹੌਰ ਜਿੰਦੋ ਬਾਰੇ ਮਸ਼ਹੂਰ ਸੀ "ਜਿਸ ਲਾਹੌਰ ਨਹੀਂ ਵੇਖਿਆ, ਉਹ ਜੰਮਿਆਂ ਹੀ ਨਹੀਂ। ਮੈਨੂੰ ਯਾਦ ਆਇਆ ਗੁਜਰਾਂ ਵਾਲੇ ਪੜਦਿਆਂ, ਅਸੀ ਕੁਝ ਵਿਦਿਆਰਥੀ ਸਕੂਲੋਂ ਨੱਸ ਕੇ ਲਾਹੌਰ ਵੇਖਣ ਆਏ ਸਾਂ ਤਾਕਿ ਏਸ ਦੁਨੀਆਂ ਤੋਂ ਬਿਨਾਂ ਜੰਮਿਆਂ ਹੀ ਨਾ ਤੁਰ ਜਾਈਏ।

ਗੱਡੀ ਨੇ ਫੇਰ ਵਿਸਲ ਮਾਰੀ ਤੇ ਸ੍ਰੀ ਨਨਕਾਣਾ ਸਾਹਿਬ ਨੂੰ ਚੱਲ ਪਈ। ਬਦਾਮੀ ਬਾਗ, ਸ਼ੇਖੂਪੁਰਾ ਦੇ ਕਈ ਸਟੇਸ਼ਨ ਆਏ ਪਰ ਗੱਡੀ ਸ੍ਰੀ ਨਨਕਾਣਾ ਸਾਹਿਬ ਤੋਂ ਉਰਾਂ ਕਿਸੇ ਵੀ ਸਟੇਸ਼ਨ ਤੇ ਨਾ ਰੁਕੀ।

ਗੱਡੀ ਦੇ ਰੁਕਦਿਆਂ ਹੀ ਸਾਰੀ ਗੱਡੀ ਵਿਚ ਖਲਬਲੀ ਮੱਚ ਗਈ। ਲੋਕ ਸਿਰਾਂ ਤੇ ਸਾਮਾਨ ਚੁੱਕੀ ਇਕ ਦੂਜੇ ਤੋਂ ਪਹਿਲਾਂ ਉਤਰਨ ਲਈ ਧੱਕੋ ਧੱਕੀ ਹੋ ਰਹੇ ਸਨ। "ਹੌਲਾ ਭਾਰ ਤੇ ਸਾਥ ਦੇ ਮੋਹਰੀ" ਵਾਲੀ ਗੱਲ ਅਸੀਂ ਆਪਣੇ ਬੈਗ ਮੋਢੇ ਤੇ ਪਾਏ ਤੇ ਛੇਤੀ ਹੀ ਉਤਰ ਗਏ।

ਉਤਰਦਿਆਂ ਹੀ ਗਿਆਨੀ ਮਹਿੰਦਰ ਸਿੰਘ ਜੀ ਆਪਣੇ ਜੱਥੇ ਸਮੇਤ ਕਵੀ ਜੀ ਨੂੰ ਮਿਲ ਪਏ। ਅਸੀਂ ਹਾਲੇ ਫਤੇ ਹੀ ਬੁਲਾ ਰਹੇ ਸਾਂ ਕਿ ਪਾਕਿਸਤਾਨ ਸਰਕਾਰ ਵੱਲੋਂ ਜੱਥੇ ਦਾ ਸੁਆਗਤ ਕਰਨ ਵਾਲੇ ਸਰਕਾਰੀ ਅਧਿਕਾਰੀ ਆ ਗਏ। ਅਸੀਂ ਬੜੇ ਹੈਰਾਨ ਹੋਏ ਜਦੋਂ ਉਹ ਸਾਰੇ ਫੁੱਲਾਂ ਦੇ ਹਾਰ ਸਾਡੇ ਗਲਾਂ ਵਿਚ ਪਾਈ ਜਾ ਰਹੇ ਸਨ। ਕਵੀ ਜੀ ਸਮਝ ਗਏ ਸਨ ਅਸਲੀ ਗੱਲ ਨੂੰ। ਸਾਡਾ ਬਹੁਤ ਵਧੀਆ ਚਿੱਟਾ ਬਾਣਾ ਵੇਖ ਕੇ ਉਹਨਾਂ ਸਾਨੂੰ ਹੀ ਜਥੇਦਾਰ ਸਮਝ ਲਿਆ ਸੀ। ਅਸੀਂ ਦੋਵੇਂ ਹੈ ਵੀ ਸਾਰਿਆਂ ਤੋਂ ਵਿਲੱਖਣ ਹੀ ਸਾਂ। ਗਿਆਨੀ ਮਹਿੰਦਰ ਸਿੰਘ ਹੀ ਦਰਅਸਲ ਸ਼੍ਰੋਮਣੀ ਕਮੇਟੀ ਵੱਲੋਂ ਏਸ ਯਾਤਰੂ ਜੱਥੇ ਦੇ ਜੱਥੇਦਾਰ ਨਿਯੁਕਤ ਹੋ ਕੇ ਆਏ ਸਨ। ਸਾਡੇ ਗਲਾਂ ਵਿਚ ਹਾਰ ਪੈਂਦੇ ਵੇਖ ਗਿਆਨੀ ਜੀ ਖਿਸਿਆਣੇ ਜਹੇ ਖੜੇ ਸਨ। ਕਵੀ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਫੁੱਲਾਂ ਦਾ ਹਾਰ ਆਪਣੇ ਗੱਲੋਂ ਲਾਹ ਕੇ ਗਿਆਨੀ ਜੀ ਦੇ ਗੱਲ ਪਾਣੇ ਸ਼ੁਰੂ ਕਰ ਦਿੱਤੇ। ਏਸੇ ਤਰਾਂ ਮੈਂ ਵੀ ਆਪਣੇ ਹਾਰ ਗਿਆਨੀ ਜੀ ਦੇ ਸਾਥੀਆਂ ਦੇ ਗੱਲ ਪਾਈ ਗਿਆ। ਹਾਰ ਆਉਂਦੇ ਗਏ ਤੇ ਅਸੀਂ ਏਸੇ ਤਰਾਂ ਅੱਗੇ ਤੋਰਦੇ ਗਏ।

ਅਖੀਰ ਪਾਕਿਸਤਾਨੀ ਮੁੱਖ ਅਧਿਕਾਰੀ ਨੇ ਕਵੀ ਜੀ ਨਾਲ ਹੱਥ ਮਿਲਾਉਂਦਿਆਂ ਕਿਹਾ "ਗਿਆਨੀ ਮਹਿੰਦਰ ਸਿੰਘ ਜੀ ਕੋਈ ਤਕਲੀਫ਼ ਤਾਂ ਨਹੀਂ ਹੋਈ ਰਾਹ ਵਿਚ?"

" ਤਕਲੀਫ਼ ਤਾਂ ਮੀਆਂ ਜੀ! ਰਸਤੇ ਵਿਚ ਬਿਲਕੁਲ ਹੀ ਨਹੀਂ ਹੋਈ, ਪਰ ਗਿਆਨੀ ਮਹਿੰਦਰ ਸਿੰਘ ਜੀ ਮੈਂ ਨਹੀਂ, ਇਹ ਹਨ।" ਕਵੀ ਜੀ ਨੇ ਹੱਸਦਿਆਂ ਹੱਸਦਿਆਂ ਭੁਲੇਖਾ ਕੱਢ ਦਿੱਤਾ। ਕਵੀ ਜੀ ਨੇ ਆਪਣਾ ਨਾਂ ਦੱਸਿਆ "ਮੈਂ ਤਾਂ ਪ੍ਰੀਤਮ ਸਿੰਘ ਕਵੀ ਹਾਂ।"

"ਤੁਸੀਂ ਪ੍ਰੀਤਮ ਸਿੰਘ ਕਵੀ ਹੋ? ਤੇ ਮੈਂ ਗਿਆਨੀ ਅਬਾਦੁੱਲਾ ਹਾਂ "ਸਤਿਜੁੱਗ ਦਾ ਖਾਸ ਕਾਲਮ ਨਵੀਸ।" ਅਧਿਕਾਰੀ ਨੇ ਕਵੀ ਜੀ ਨੂੰ ਜੱਫੀ ਵਿਚ ਲੈ ਗਿਆ। "ਤੁਸੀਂ ਸਤਿਜੁੱਗ ਦੇ ਸੰਪਾਦਕ ਹੋ। ਚਿੱਠੀਆਂ ਰਾਹੀ ਆਪਾਂ ਬਹੁਤ ਵਾਰੀ ਮਿਲੇ ਹਾਂ ਪਰ ਸਾਖਸ਼ਾਤ ਦਰਸ਼ਣ ਅੱਜ ਨਸੀਬ ਹੋਏ ਨੇ, ਤੁਸੀਂ ਆਪਣੀ ਸੁੰਦਰ ਲਿਖਾਈ ਵਰਗੇ ਹੀ ਸੁੰਦਰ ਤੇ ਬਾਂਕੇ ਨਾਮਧਾਰੀ ਹੋ। ਚੰਗਾ ਤੁਸੀਂ ਵੀ ਨਾਲ ਹੀ ਆਓ।"

ਕੱਚੇ ਜਹੇ ਹੁੰਦਿਆਂ ਗਿਆਨੀ ਜੀ ਇਹ ਸਭ ਕੁਝ ਸੁਣ ਰਹੇ ਸਨ। ਅਧਿਕਾਰੀਆਂ ਨੇ ਆਪਣੀ ਕਾਰਗੁਜ਼ਾਰੀ ਕੀਤੀ ਤੇ ਸਟੇਸ਼ਨ ਤੋਂ ਬਾਹਰ ਆ ਗਏ। ਗੁਰਦੁਆਰੇ ਜਾਣ ਲਈ ਬੱਸਾਂ ਆਈਆਂ ਖੜੀਆਂ ਸਨ, ਜੋ ਇੱਥੋਂ ਕਰੀਬ ਡੇਢ ਮੀਲ ਸੀ, ਬੱਸਾਂ ਵਿਚ ਬੈਠ ਅਸੀਂ ਜਦ ਤੁਰੇ ਤਾਂ ਅੱਗੇ ਅੱਗੇ ਬੈਂਡ ਵਾਲੇ ਧੁਨ ਵਜਾ ਰਹੇ ਸਨ। "ਅੱਜ ਦਿਨ ਵੱਡਭਾਗੀ ਆਇਆ, ਅੱਜ ਦਿਨ ਵੱਡਭਾਗੀ ਆਇਆ।"



Namdhari Elibrary NamdhariElibrary@gmail.com

ਬੱਸ ਵਿਚ ਬੈਠਾ ਮੈਂ ਗਿਆਨੀ ਅਬਾਦੁਲਾ ਬਾਰੇ ਸੋਚ ਰਿਹਾ ਸਾਂ। ਗਿਆਨੀ ਜੀ ਪੰਜਾਬੀ ਦੇ ਵਧੀਆ ਲਿਖਾਰੀ ਹਨ ਤੇ ਇਹਨਾਂ ਖੋਜ ਭਰਪੂਰ ਲੇਖ 'ਸਤਿਜੁੱਗ' ਹਫਤਾ ਵਾਰੀ ਤੇ ਮਾਸਿਕ ਵਿਚ ਛਪਦੇ ਰਹੇ ਸਨ। ਗਿਆਨੀ ਅਬਾਦੁਲਾ ਮੁਸਲਮਾਨਾਂ ਵਿਚੋਂ ਇਕ ਅਹਿਮਦੀਆ ਫਿਰਕੇ ਵਿਚੋਂ ਸਨ। ਅਹਿਮਦੀਆ ਫਿਰਕਾ ਚੂੰਕਿ ਨਾਮਧਾਰੀਆਂ ਵਾਂਗ ਜ਼ਿੰਦਾ ਰਸੂਲ (ਦੇਹਧਾਰੀ ਗੁਰੂ) ਨੂੰ ਹੀ ਮੰਨਦੇ ਸਨ, ਇਸ ਲਈ ਗਿਆਨੀ ਅਬਾਦੁਲਾ ਦੇ ਲੇਖ ਗੁਰਬਾਣੀ ਦੇ ਆਧਾਰ ਤੇ ਦੇਹਧਾਰੀ ਗੁਰੂ ਨੂੰ ਮੰਨਣਾ ਸਿੱਧ ਕਰਦੇ ਸਨ। ਮੈਂ ਆਪਣੇ ਆਪ ਨੂੰ ਬਹੁਤ ਵਡਭਾਗਾ ਸਮਝ ਰਿਹਾ ਸਾ। ਕਵੀ ਜੀ ਦੇ ਸਾਥ ਕਰਕੇ ਮੈਨੂੰ ਬਹੁਤ ਉੱਚੀਆਂ ਹਸਤੀਆਂ ਨਾਲ ਮਿਲਣ ਦਾ ਮੌਕਾ ਮਿਲ ਰਿਹਾ ਸੀ।

ਜਨਮ ਅਸਥਾਨ ਗੁਰਦੁਆਰਾ ਸਾਹਿਬ ਅੱਗੇ ਅਸੀ ਸਾਰੇ ਬੱਸਾਂ ਵਿਚੋਂ ਉਤਰ ਕੇ ਇਕ ਜਲੂਸ ਦੇ ਰੂਪ ਵਿਚ ਮੇਨ ਗੇਟ ਲੰਘ ਕੇ ਸੱਜੇ ਪਾਸੇ ਗੁਰੂ ਨਾਨਕ ਸਰਾਂ ਵੱਲ ਵੱਧੇ। ਪਾਕਿਸਤਾਨੀ ਅਧਿਕਾਰੀ ਜੱਥੇਦਾਰ ਮਹਿੰਦਰ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਸਮੇਤ ਸਾਡੇ ਦੋਹਾਂ ਦੇ ਇਕ ਪਾਸੇ ਲੈ ਗਏ, ਸਾਨੂੰ ਇਕ ਨਵੇਕਲਾ ਕਮਰਾ ਮਿਲ ਗਿਆ। ਸਰਾਂ ਦੇ ਵਿਚਾਲੇ ਟੂਟੀਆਂ ਤੋਂ ਮੂੰਹ ਹੱਥ ਧੋ ਕੇ ਅਸੀ ਆਪਣੇ ਕਮਰੇ ਵਿਚ ਆ ਗਏ। ਸਾਨੂੰ ਕਿਹਾ ਗਿਆ ਕੇ ਲੰਗਰ ਛੱਕ ਕੇ ਏਥੇ ਹੀ ਆ ਜਾਣਾਂ। ਅਸੀ ਕਮਰੇ ਨੂੰ ਤਾਲਾ ਲਾਕੇ ਲੰਗਰ ਵੱਲ ਚੱਲ ਪਏ।

ਲੰਗਰ ਛਕ ਕੇ ਅਸੀਂ ਆਪਣੇ ਕਮਰੇ ਵਿਚ ਆਏ, ਦੋ ਬਿਸਤਰੇ ਲੱਗੇ ਪਏ ਸਨ। ਥੱਕੇ ਹੋਏ ਸਾਂ ਦਿਨ ਦੇ। ਸੌਣਾ ਹੀ ਠੀਕ ਸਮਝਿਆ। ਮੰਜੇ ਤੇ ਲੇਟਦਿਆ ਹੀ ਨੀਂਦ ਆ ਗਈ ਤੇ ਨੀਂਦਰ ਰਾਣੀ ਦੀ ਗੋਦ ਵਿਚ ਸੁਖ ਆਸੀਰ ਹੋ ਗਏ।

*(.... ਚਲਦਾ)*

# ਚੋਣਵੇਂ ਪੰਜਾਬੀ ਰੇਖਾ-ਚਿੱਤਰ

ਬਲਵੰਤ ਗਾਰਗੀ ਦੇ ਲੇਖਕਾਂ ਬਾਰੇ ਲੇਖਾਂ ਨੂੰ ਰੇਖਾ ਚਿੱਤਰ ਕਿਹਾ ਗਿਆ। ਭਾਵ ਤਸਵੀਰ ਜਿਹਾ ਲੇਖ। ਗਾਰਗੀ ਦੀ ਕਲਮ ਵਿਚ ਚੁਸਤੀ ਸੀ ਅਤੇ ਉਹ ਆਪਣੇ ਲਿਖਤ ਨਾਇਕ ਲਿਖਦਿਆਂ ਚੂੰਢੀਆਂ ਵੀ ਵੱਢਦਾ ਅਤੇ ਚਟਖਾਰੇ ਵੀ ਲੈਂਦਾ। ਨਿੰਦਿਆ ਅਤੇ ਪਰਸੰਸਾ ਜਿਹੇ ਇਹਨਾਂ ਲੇਖਾਂ ਦਾ ਇਹ ਗੁਣ ਸੀ ਕਿ ਭਾਵੇਂ ਕੋਈ ਖੁਸ਼ ਹੋਵੇ ਭਾਵੇਂ ਨਾਰਾਜ਼ ਜਾਂ ਦੁਖੀ ਉਹ ਗਾਰਗੀ ਦੇ ਇਹਨਾਂ ਲੇਖਾਂ ਨੂੰ ਪੜਦਾ ਜ਼ਰੂਰ। ਹੋਰ ਵੀ ਬਹੁਤ ਸਾਰੇ ਲੋਕਾਂ ਨੇ ਲੇਖ ਲਿਖੇ ਜੋ ਆਪਣੀ ਰੋਚਕਤਾ ਅਤੇ ਬਹੁਪੱਖੀ ਗਿਆਨ ਕਰਕੇ ਰੇਖਾ ਚਿੱਤਰ ਹੀ ਕਹਾਏ। ਹੁਣ ਇਕ ਪੁਸਤਕ ਨੈਸ਼ਨਲ ਬੁੱਕ ਸ਼ਾਪ ਦਿਲੀ ਨੇ ਛਾਪੀ ਹੈ "ਚੋਣਵੇਂ ਪੰਜਾਬੀ ਰੇਖਾ-ਚਿੱਤਰ" ਜਿਸ ਵਿਚ ਪੰਜਾਬੀ ਦੇ ਬਹੁਤ ਮਸ਼ਹੂਰ ਤੇ ਘੱਟ ਮਸ਼ਹੂਰ ਲੇਖਕਾਂ ਨੇ ਸਿਰਕੱਢ ਹਸਤੀਆਂ ਅਤੇ ਆਮ ਲੋਕਾਂ ਬਾਰੇ ਜੋ ਸਿਰਕੱਢ ਤਾਂ ਹਨ ਪਰ ਮਸ਼ਹੂਰ ਨਹੀਂ। ਉਹਨਾਂ ਲੋਕਾਂ ਬਾਰੇ ਰੇਖਾ ਚਿੱਤਰ, ਲੇਖ ਛਾਪੇ ਹਨ। ਨਿੰਦਰ ਘੁਗਿਆਣਵੀ ਜਿਹੇ ਮਿਹਨਤੀ ਅਤੇ ਸਿਰੜੀ ਨੌਜਵਾਨ ਨੇ ਇਸ ਕਿਤਾਬ ਦਾ ਸੰਕਲਣ ਕੀਤਾ ਹੈ ਅਤੇ ਇਸ ਤਰ੍ਹਾਂ ਇਸ ੩੮੮ ਪੰਨਿਆਂ ਦੀ ਵਡ ਆਕਾਰੀ ਪੁਸਤਕ ਹੋਂਦ ਵਿਚ ਆਈ ਹੈ। ਇਸ ਪੁਸਤਕ ਵਿਚ ਲੇਖਕਾਂ ਦੇ ਊੜੇ ਐੜੇ ਦੇ ਕਰਮ ਅਨੁਸਾਰ ਜੇ ਗਲ ਕਰਨੀ ਹੋਵੇ (ਪੁਸਤਕ ਵਿਚ ਵੀ ਇਵੇਂ ਹੈ) ਤਾਂ ਅਜੀਤ ਕੌਰ ਦਾ 'ਭੌਲਾ ਬਾਦਸ਼ਾਹ' ਖੁਸ਼ਵੰਤ ਸਿੰਘ ਬਾਰੇ; ਅਮਰੀਕ ਗਿਲ ਦਾ ਬਲਵੰਤ ਗਾਰਗੀ ਬਾਰੇ; ਇਕਬਾਲ ਮਾਹਲ ਦਾ ਸੁਰਿੰਦਰ ਕੌਰ ਬਾਰੇ; ਸ. ਸੋਜ਼ ਦਾ ਸੰਤ ਇੰਦਰ ਸਿੰਘ ਚੱਕ੍ਰਵਰਤੀ ਬਾਰੇ; ਸੁਭਾਸ਼ ਪਰਿਹਾਰ ਦਾ ਬਾਬਾ ਲੱਖੀ ਰਾਮ ਬਾਰੇ ਸਤਵਿੰਦਰ ਕੌਰ ਕੁੱਸਾ ਦਾ ਸਵਰਗੀ ਕਰਮਜੀਤ ਸਿੰਘ ਕੁੱਸਾ ਬਾਰੇ; ਸਾਂਵਲ ਧਾਮੀ ਦਾ ਜੋਗਿੰਦਰ ਬਾਹਰਲਾ ਬਾਰੇ; ਹਰਭਜਨ ਸਿੰਘ ਹੁੰਦਲ ਦਾ ਗੁਰਦਿਆਲ ਬੱਲ ਬਾਰੇ; ਡਾ. ਹਰਭਜਨ ਸਿੰਘ ਦਿਓਲ ਦਾ ਉੱਡ ਉੱਡ ਚਿੜੀਏ ਨੀ ਲੇਖ ਸੰਨ ਸੰਤਾਲੀ ਵਿਚ ਸੰਗੀਤਕਾਰ ਦੀ ਤ੍ਰਾਸਦੀ ਬਾਰੇ; ਡਾ. ਕੁਲਬੀਰ ਸਿੰਘ ਕਾਂਗ ਦਾ ਹਜ਼ਾਰਾ ਸਿੰਘ ਗੁਰਦਾਸਪੁਰੀ ਬਾਰੇ; ਡਾ. ਕਰਨਜੀਤ ਸਿੰਘ ਦਾ ਬਾਬਾ ਬਲਵੰਤ ਬਾਰੇ; ਕਾਨ੍ਹਾ ਸਿੰਘ ਦਾ ਇਮਰੋਜ਼ ਬਾਰੇ; ਗੁਰਦੇਵ ਸਿੰਘ ਮਾਨ ਦਾ ਸੂਬਾ ਸਿੰਘ ਬਾਰੇ, ਗੁਲਜ਼ਾਰ ਸੰਧੂ ਦਾ ਗਿਆਨੀ ਜ਼ੈਲ ਸਿੰਘ ਬਾਰੇ; ਗੁਰਬਚਨ ਸਿੰਘ ਭੁੱਲਰ ਦਾ ਦਵਿੰਦਰ ਸਤਿਆਰਥੀ ਬਾਰੇ; ਗੁਰਮੁਖ ਸਿੰਘ ਸਹਿਗਲ ਦਾ ਲੇਖ ਗੁਰਮੇਲ ਮਡਾਹੜ ਦਾ ਤੇਜਵੰਤ ਮਾਨ ਬਾਰੇ; ਜਗਜੀਤ ਸਿੰਘ ਅਨੰਦ ਦਾ ਆਪਣੇ ਪਿਤਾ ਹੈਡਮਾਸਟਰ ਮਹਿਤਾਬ ਸਿੰਘ ਬਾਰੇ; ਜਗਦੀਸ਼ ਸਿੰਘ ਵਰਿਆਮ ਦਾ ਸੰਤ ਖਜਾਨ ਸਿੰਘ ਹਜ਼ੂਰੀ ਰਾਗੀ ਬਾਰੇ; ਜਸਬੀਰ ਭੁੱਲਰ ਦਾ ਅਮ੍ਰਿਤਾ ਪ੍ਰੀਤਮ ਬਾਰੇ. ਜਿੰਦਰ ਦਾ ਲੇਖ 'ਮੇਰੇ ਭਾਪਾ ਜੀ'; ਤਾਰਨ ਗੁਜਰਾਲ ਦਾ ਐਸ ਸੋਜ਼ ਬਾਰੇ; ਦਲੀਪ ਕੌਰ ਟਿਵਾਣਾ ਦਾ ਡਾ. ਗੁਲਵੰਤ ਸਿੰਘ ਬਾਰੇ; ਦਰਸ਼ਨ ਸਿੰਘ ਦਾ ਨਵਤੇਜ ਬਾਰੇ; ਨਿੰਦਰ ਘੁਗਿਆਣਵੀ ਦਾ ਸੰਤੋਖ ਸਿੰਘ ਧੀਰ ਅਤੇ ਜਸਦੇਵ ਸਿੰਘ ਜੱਸੋਵਾਲ ਬਾਰੇ; ਪ੍ਰੋ. ਪ੍ਰੀਤਮ ਸਿੰਘ ਦਾ ਭਾਈ ਜੋਧ ਸਿੰਘ ਬਾਰੇ; ਪ੍ਰਿੰਸੀਪਲ ਸਰਵਣ ਸਿੰਘ ਦਾ ਅਰਜਨ ਐਵਾਰਡੀ ਐਥਲੀਟ ਪਰਵੀਨ ਕੁਮਾਰ ਬਾਰੇ; ਪਰਗਟ ਸਿੰਘ ਸਿੱਧੂ ਦਾ ਜਸਬੀਰ ਭੁੱਲਰ ਬਾਰੇ; ਬਲਵੰਤ ਗਾਰਗੀ ਦਾ ਸ਼ਿਵ ਬਟਾਲਵੀ ਬਾਰੇ; ਮੋਹਨ ਭੰਡਾਰੀ ਦਾ ਐਕਟਰ ਸੁਰਿੰਦਰ ਸ਼ਰਮਾ ਬਾਰੇ; ਰਾਮ ਸਰੂਪ ਅਣਖੀ ਦਾ ਮਹਿੰਦਰ ਸਾਜਨ ਬਾਰੇ ਅਤੇ ਅੰਤ ਵਿਚ ਅੰਗਰੇਜ਼ੀ ਮੁਹਾਵਰੇ last but not the least. ਅਨੁਸਾਰ ਵਰਿਆਮ ਸਿੰਘ ਸੰਧੂ ਦਾ ਸਵ. ਹਰਭਜਨ ਹਲਵਾਰਵੀ ਬਾਰੇ ਲੇਖ ਹੈ। ਜਿਨ੍ਹਾਂ ਬਾਰੇ ਲਿਖਿਆ ਗਿਆ ਹੈ ਉਹ ਭਾਵੇਂ ਕੁਝ ਸਿਖਰ ਦੀਆਂ ਸ਼ਖਸੀਅਤਾਂ ਹਨ, ਕੁਝ ਲਿਖਣ ਵਾਲੇ ਸਿਖਰ ਦੀਆਂ ਹਸਤੀਆਂ ਹਨ। ਕੁਝ ਸਮਾਜ ਦੇ ਆਮ ਬੰਦੇ ਹਨ ਪਰ ਸਭ ਲਿਖਤਾਂ ਮੁਲਵਾਨ ਹਨ। ਇਕਲੇ ਇਕਲੇ ਰੇਖਾ ਚਿੱਤਰ ਨੂੰ ਪੜ੍ਹਣ ਤੋਂ ਹਟਣ ਨੂੰ ਜੀਅ ਨਹੀਂ ਕਰਦਾ। ਬਹੁਤ ਦਿਲਚਸਪ ਅਤੇ ਜਾਣਕਾਰੀ ਭਰਪੂਰ ਪੁਸਤਕ ਹੈ। ਛਾਪੀ ਨੈਸ਼ਨਲ ਬੁੱਕ ਸ਼ਾਪ ਪਲੇਈਅਰ ਗਾਰਡ ਮਾਰਕੀਟ ਚਾਂਦਣੀ ਚੌਕ ਦਿਲੀ-੬ (ਫੋਨ ੦੧੧-੨੩੨੭੮੩੯੨) ਅਤੇ ਕੀਮਤ ੩੫੦-੦੦ ਰੁਪਏ ਹੈ। ਨਿੰਦਰ ਘੁਗਿਆਣਵੀ ਫੋਨ-੦੧੬੩੯-੨੨੮੦੭੭, ਮੋ-੯੪੧੭੪-੨੧੭੦੦ ਦੀ ਸੁਖ ਨਾਲ ਉਂਨਤੀਵੀਂ ਪੁਸਤਕ ਹੈ।



Namdhari Elibrary NamdhariElibrary@gmail.com



# ਚੋਣਵੇਂ ਪੰਜਾਬੀ ਸ਼ਿਅਰ

*—ਰਮੇਸ਼ ਜਾਨੀ*

• ਰਾਮ ਸੋਨੇ ਦੇ, ਕ੍ਰਿਸ਼ਨ ਚਾਂਦੀ ਦੇ ਏਥੇ ਬਹੁਤ ਨੇ,
ਸਿਤਮ ਹੈ ਹਾਫ਼ਿਜ ਗਰੀਬਾਂ ਦਾ ਖ਼ੁਦਾ ਕੋਈ ਨਹੀਂ।

• ਨਕਲੀ ਦਵਾ ਨੇ ਖਾ ਲਏ ਰੋਗੀ ਦੇ ਫੇਫੜੇ,
ਤਪਦਿਕ ਰੋਗ ਲਾ ਗਿਆ ਟੀਕਾ ਬੁਖਾਰ ਦਾ।

• ਰਾਹ ਰੁਕ ਗਏ ਗਤੀ ਮੇਰੇ ਪੈਰਾਂ ਦੀ ਨਾਪਦੇ,
ਮੈਂ ਜੇ ਰੁਕਾ ਤਾਂ ਫਾਸਲਾ ਛਾਲਾਂ ਹੈ ਮਾਰਦਾ।

• ਕੁਤਰ ਕੇ ਦਿਲ ਆਪਣਾ ਮੈਂ ਜ਼ਖ਼ਮ ਡੂੰਘੇ ਭਰੇ ਨੇ,
ਲਹੂ ਮੇਰਾ ਲੋਕ ਪੀੜਾ ਦੀ ਦਵਾ ਬਣਦਾ ਗਿਆ।

• ਮਹਿਕ ਸ਼ਬਨਮ ਨੇ ਨਿਖਾਰੀ ਸੀ ਚਮਨ ਦੇ ਵਾਸਤੇ।
ਮਾਲੀਆਂ ਨੇ ਕਰ ਲਈ ਅਗਵਾਅ ਭਵਨ ਦੇ ਵਾਸਤੇ।

*— ਵਿਜੇ ਵਿਵੇਕ*

• ਮੈਂ ਜ਼ਿੰਦਾ ਸਾਂ, ਮੈਂ ਸਿਵਿਆਂ 'ਚੋਂ ਉਠਕੇ ਜਾਣਾ ਹੀ ਸੀ,
ਮੇਰੇ ਕੀ ਜੋ ਮੁਰਦੇ ਬਹਿ ਕੇ ਕਰ ਵਿਰਲਾਪ ਰਹੇ ਨੇ।

• ਸਾਡੇ ਕੋਲ ਅਕਾਸ਼ ਨਹੀਂ ਸੀ ਜਿਸਤੇ ਚੜ੍ਹਦੇ ਲਹਿੰਦੇ,
ਸਾਡੇ ਸੂਰਜ ਵੀ ਸਾਡੇ ਲਈ ਇਕ ਸੰਤਾਪ ਰਹੇ ਨੇ।

• ਪਾਰ ਉਤਰਨਾ ਦੂਰ ਉਨ੍ਹਾਂ ਤੋਂ ਡੁੱਬਿਆ ਵੀ ਨਹੀਂ ਜਾਣਾ,
ਮਨ ਹੀ ਮਨ ਜੋ ਸਾਗਰ ਦੀ ਗਹਿਰਾਈ ਨਾਪ ਰਹੇ ਨੇ।

• ਮੇਰੀ ਮੈਂ ਨੇ ਏਥੋਂ ਤੀਕਰ ਵੀ ਕਰਵਾਇਆ।
ਚੋਚਲਿਆਂ ਦੇ ਮੂੰਹ 'ਚੋਂ ਖੋਹ ਕੇ ਮੈਂ ਗਿਰਝਾਂ ਨੂੰ ਪਾਇਆ।

• ਮੈਂ ਤਾਂ ਇਕ ਆਵਾਜ਼ ਸੁਣੀ ਸੀ ਮੇਰਾ ਨਾ ਲੈਂਦੀ-ਸੀ,
ਮੈਂ ਕੀ ਜਾਣਾ ਮੈਨੂੰ ਕਿੱਸਨੇ ਕਿਹੜੀ ਜਗ੍ਹਾ ਬੁਲਾਇਆ।

*—ਪ੍ਰੀਤਮ ਸਿੰਘ ਰਾਹੀ*

• ਕਿਰਤੀ ਦੇ ਹੱਥਾਂ ਨੇ ਇਹ ਜੱਗ ਘੜਿਆ ਹੈ।
ਝੂਠ ਨੇ ਜਿਹੜੇ ਕਹਿੰਦੇ ਰੱਬ ਦੀ ਮਾਇਆ ਹੈ।

• ਲੋਕਾਂ ਨੇ ਤੇ ਰੱਬ ਵੀ ਵੰਡ ਲਏ,
ਇਹ ਮੇਰਾ ਹੈ, ਇਹ ਤੇਰਾ ਹੈ।

• ਕਤਲ ਕਿਸੇ ਦਾ ਵੀ ਹੈ ਲਹੂ ਮੇਰਾ ਹੈ,
ਫਰਕ ਨਾਵਾਂ ਦਾ ਹੈ, ਜਾਂ ਥਾਵਾਂ ਦਾ।

• ਮਸਲੇ ਰੋਟੀ ਕਪੜੇ ਤੇ ਮਕਾਨ ਦੇ ਉਲਝ ਗਏ ਇਤਨੇ,
ਅਰਥ ਹੁਣ ਰੱਖਦੀ ਨਹੀਂ ਕੋਈ ਵੀ ਪਿਆਰ ਦੀ ਗੱਲ।

• ਜਿਸਦੀ ਮਹਿਕ ਤੇ ਭੌਰੇ ਕੁਰਬਾਨ ਸੀਗੇ,
ਪੱਤੀ ਪੱਤੀ ਉਹ ਹੋਇਆ ਗੁਲਾਬ ਦਿਸਦਾ ਹੈ।

• ਕਹੀਏ ਜੋ ਵੀ ਕਹੀਏ ਪੂਰੇ ਈਮਾਨ ਨਾਲ।
ਮਨ ਜਿੱਤ ਲਈਏ ਸਭ ਦਾ ਸੱਚੀ ਜ਼ੁਬਾਨ ਨਾਲ।

*—ਸੁਰਜੀਤ ਜੱਜ*

• ਬੜਾ ਹੀ ਲਾਜ਼ਮੀ ਹੈ ਕੁਝ ਵਿਚਾਲੇ ਫਾਸਲਾ ਹੋਵੇ।
ਨਿਗਾਹਾਂ ਨੂੰ ਸ਼ਨਾਖ਼ਤ ਕਰਨ ਦਾ ਕੁਝ ਹੌਸਲਾ ਹੋਵੇ।

• ਸਲਾਮਤ ਰਹਿਣ ਫਿਰ ਸ਼ੀਸ਼ੇ, ਹਮੇਸ਼ ਤਿੜਕ ਜਾਵਣ ਦਾ,
ਕਿਤੇ ਜੇ ਪੱਥਰਾਂ ਤਾਈਂ ਵੀ ਥੋੜਾ ਤੌਖਲਾ ਹੋਵੇ।

• ਤਸੱਵਰ ਤਾਂ ਉਨ੍ਹਾਂ ਦੇ ਸਾਥ ਦਾ ਗੁਲਮੋਹਰ ਵਰਗਾ ਸੀ,
ਮਿਲੇ ਜਦ ਵੀ ਮਿਲੇ ਪਰ ਉਹ ਹਮੇਸ਼ਾਂ ਸਰਕੜੇ ਵਾਂਗੂੰ।

• ਖਿੱਚ ਲਈਏ ਲੀਕ ਓਥੇ ਕੁ ਖਲੋਇਆਂ ਜਿਸ ਜਗ੍ਹਾ,
ਬਿਨ ਕਿਸੇ ਸ਼ਰਮਿੰਦਗੀ ਦੇ ਨਜ਼ਰ ਝੁਕਦੀ ਰਹਿ ਸਕੇ।

• ਰੱਖ ਏਨੀ ਕੁ ਗੁੰਜਾਇਸ਼ ਜਦ ਕਦੇ ਚਾਹੇ ਉਦੋਂ,
ਰੁੱਸਿਆਂ ਪੈਰਾਂ ਦੀ ਘਰ ਨੂੰ ਪੈੜ ਮੁੜਦੀ ਰਹਿ ਸਕੇ।

• ਟੀਸ ਦੀ ਹਰ ਬਹਿਰ ਨੂੰ ਈਜਾਦ ਕਰਨਾ ਹੈ ਅਜੇ।
ਪੀੜ ਨੂੰ ਸ਼ਿਅਰਾਂ 'ਚ ਮੈਂ ਅਨੁਵਾਦ ਕਰਨਾ ਹੈ ਅਜੇ।

• ਠਹਿਰ ਜਾਵੋ ਮੈਂ ਜ਼ਰਾ ਛਾਵਾਂ ਦਾ ਹਾਣੀ ਹੋ ਲਵਾਂ,
ਜੇ ਤੁਸੀਂ ਹਰ ਬਿਰਖ ਨੂੰ, ਬਰਬਾਦ ਕਰਨਾ ਹੈ ਅਜੇ।

*ਪੇਸ਼ਕਾਰ- ਚਰਨ ਸੀਚੇਵਾਲਵੀ*
*੪੨੮, ਗੁਰੂਨਾਨਕਪੁਰਾ (ਵੈਸਟ)*
*ਡਾਕਖਾਨਾ-ਚੌਗਿੱਟੀ,*
*ਜਲੰਧਰ-੧੪੪੦੦੯*
*ਫੋਨ- ੦੧੮੧-੨੨੩੧੬੫੪*



Namdhari Elibrary NamdhariElibrary@gmail.com

# ਸਾਰੀ ਧਰਤੀ ਮੇਰੀ/ *—ਗੁਰਭਜਨ ਗਿੱਲ*



ਸਾਰੀ ਧਰਤੀ ਮੇਰੀ, ਕਿਉਂ ਮਹਿਮਾਨ ਬਣਾਂ,
ਮੈਂ ਤਾਂ ਏਥੇ ਆਇਆਂ, ਡੇਰਾ ਲਾਵਾਂਗਾ।
ਕਬਜ਼ੇ ਲਈ ਇਕ ਗਿੱਠ ਵੀ ਮੈਨੂੰ ਲੋੜ ਨਹੀਂ,
ਮੈਂ ਤਾਂ ਤੇਰ ਦਿਲ ਅੰਦਰ ਬਹਿ ਜਾਵਾਂਗਾ।

ਜੀਕਣ ਫੁੱਲ ਵਿਚ ਰੰਗ ਤੇ ਖ਼ੁਸ਼ਬੂ ਵੱਸਦੀ ਹੈ,
ਕਦਰ ਦਾਨ ਨੂੰ ਸਭ ਸਿਰਨਾਵੇਂ ਦੱਸਦੀ ਹੈ।
ਕੱਲ੍ਹ-ਮ-ਕੱਲ੍ਹੀ ਰੋਂਦੀ ਨਾਲੇ ਹੱਸਦੀ ਹੈ।
ਮੈਂ ਵੀ ਤੇਰ ਅੰਗ ਸੰਗ ਏਦਾਂ ਚਾਹਵਾਂਗਾ।

ਜਿਸ ਧਰਤੀ ਤੇ ਬਿਰਖ਼ ਬਰੂਟੇ ਦਿਸਦੇ ਨਹੀਂ।
ਅੱਖੀਆਂ ਵਿਚੋਂ ਅੱਥਰੂ ਚਸ਼ਮੇ ਰਿਸਦੇ ਨਹੀਂ।
ਦਰਦ ਵੇਖ ਕੇ ਦਿਲ ਦੇ ਛਾਲੇ ਫਿੱਸਦੇ ਨਹੀਂ।
ਮਾਰੂਥਲ ਨੂੰ ਮੈਂ ਹੁਣ ਜੀਉਣ ਸਿਖਾਵਾਂਵਾ।

ਚੱਲ ਧਰਤੀ ਨੂੰ ਕਹੀਏ, ਦਿਲ ਨਾ ਛੱਡ, ਮਾਏ।
ਕੀ ਹੋਇਆ ਜੇ ਪੁੱਤਰ ਤੇਰੇ ਨਹੀਂ ਆਏ।
ਤੇਰੇ ਹਿੱਸੇ ਜੇ ਹਟਕੋਰੇ ਹੀ ਆਏ।
ਮੈਂ ਤੇਰੇ ਘਰ ਵੇਖੀਂ ਰੌਣਕ ਲਾਵਾਂਗਾ

ਰਾਤੀਂ ਬੋਲਣ ਬੀਂਡੇ ਜੋ ਗ਼ਮਗੀਨ ਜਹੇ।
ਨਾ ਰੋਂਦੇ ਨਾ ਹੱਸਦੇ ਨਿਰੇ ਮਸ਼ੀਨ ਜਹੇ।
ਬੇਕਦਰਾਂ ਨੇ ਚੁੱਲ੍ਹੇ ਡਾਹੀ ਬੀਨ ਜਹੇ।
ਮੈਂ ਇਨ੍ਹਾਂ ਵਿਚ ਸੌਂਜਰੀ ਜਿੰਦ ਧੜਕਾਵਾਂਗਾ।

ਮੈਂ ਪਰਵਾਸੀ ਪੰਛੀ ਵਾਂਗ ਉਦਾਸ ਨਹੀਂ।
ਮੇਰੀਆਂ ਲੋੜਾਂ ਜੋ ਪੁੱਛਦੇ ਹੋ, ਖ਼ਾਸ ਨਹੀਂ।
ਪਰ ਇਹ ਘੋਰ ਉਦਾਸੀ ਮੈਨੂੰ ਰਾਸ ਨਹੀਂ।
ਮੈਂ ਪੌਣਾਂ ਦੇ ਪੈਰੀਂ ਝਾਂਜਰ ਪਾਵਾਂਗਾ।

ਖ਼ਾਰੇ ਪਾਣੀ ਅੱਥਰੂ ਦੇ ਵਿਚ ਅੰਤਰ ਹੈ।
ਹਰ ਹਾਉਕੇ ਦੀ ਆਪਣੀ ਹੋਂਦ ਸੁਤੰਤਰ ਹੈ।
ਜ਼ਿੰਦਗੀ ਨੂੰ ਪਹਿਚਾਨਣ ਦਾ ਇਹ ਮੰਤਰ ਹੈ।
ਇਸ ਧਰਤੀ ਦੇ ਲੋਕਾਂ ਨੂੰ ਸਮਝਾਵਾਂਗਾ।

ਚਾਰ ਦੀਵਾਰੀ ਅੰਦਰ ਪੰਛੀ ਵੱਸਦੇ ਨੇ।
ਸੁਪਨ ਵਿਹੂਣੇ ਭੇਤ ਨਾ ਦਿਲ ਦਾ ਦੱਸਦੇ ਨੇ।
ਧਰਤ ਬਰੇਤੀ ਤਪਦੀ, ਫਿਰ ਵੀ ਨੱਸਦੇ ਨੇ।
ਮੈਂ ਹੀ ਏਥੇ ਪਹਿਲਾ ਬਿਰਖ ਲਗਾਵਾਂਗਾ।

ਅੰਬਰ ਗੰਗਾ ਸੋਹਣੀ, ਜਲ ਦੀ ਆਸ ਨਹੀਂ।
ਸਦੀਆਂ ਤੋਂ ਜਿਸ ਦਿੱਤੀ ਕੋਈ ਧਰਵਾਸ ਨਹੀਂ।
ਸੱਜਣਾਂ ਬਾਝੋਂ ਫੁੱਲਾਂ ਵਿਚ ਵੀ ਬਾਸ ਨਹੀਂ।
ਸਾਥ ਦਏਂ ਤਾਂ ਫੁੱਲ ਵੀ ਮਹਿਕਣ ਲਾਵਾਂਗਾ।

ਦੂਰ ਦੂਰ ਤਕ ਰਾਤ ਵਿਛਾਈਆਂ ਚਾਨਣੀਆਂ।
ਤੇਰੇ ਮੇਰੇ ਬਾਝੋਂ ਕਿਸ ਨੇ ਮਾਨਣੀਆਂ।
ਕਿਸ ਨੇ ਰੀਝਾਂ ਵਾਂਗ ਚੰਦੋਏ ਤਾਨਣੀਆਂ।
ਸਾਹ ਸੁਰ ਕਰਕੇ ਐਸੀ ਤਾਨ ਸੁਣਾਵਾਂਗਾ।

ਹਰ ਧਰਤੀ ਦੀ ਵੱਖਰੀ ਦਰਦ ਕਹਾਣੀ ਹੈ।
ਮਾਰੂਥਲ ਦੀ ਪੀੜਾ ਕਿਸ ਨੇ ਜਾਣੀ ਹੈ?
ਇਸ ਦੀ ਪਿਆਸ ਨਿਰੰਤਰ ਲੱਭਦੀ ਪਾਣੀ ਹੈ।
ਇਸ ਦੀ ਗਾਥਾ ਸਾਗਰ ਨੂੰ ਸਮਝਾਵਾਂਗਾ।

ਰਾਂਝਾ ਵੰਝ ਨੂੰ ਵੰਝਲੀ ਜਿਵੇਂ ਬਣਾਉਂਦਾ ਹੈ।
ਸੁਰ ਸ਼ਹਿਜ਼ਾਦੀ ਹੋਠਾਂ ਨਾਲ ਛੁਹਾਉਂਦਾ ਹੈ।
ਉਸ ਪਲ ਮੈਨੂੰ ਤੇਰਾ ਚੇਤਾ ਆਉਂਦਾ ਹੈ।
ਪੱਥਰਾਂ ਨੂੰ ਵੇਖੀਂ ਮੈਂ ਬੋਲਣ ਲਾਵਾਂਗਾ।

ਸਾਰੀ ਧਰਤੀ ਮੇਰੀ, ਕਿਉਂ ਮਹਿਮਾਨ ਬਣਾਂ,
ਮੈਂ ਤਾਂ ਏਥੇ ਆਇਆਂ, ਡੇਰਾ ਲਾਵਾਂਗਾ।
ਕਬਜ਼ੇ ਲਈ ਇਕ ਗਿੱਠ ਵੀ ਮੈਨੂੰ ਲੋੜ ਨਹੀਂ,
ਮੈਂ ਤਾਂ ਤੇਰੇ ਦਿਲ ਅੰਦਰ ਬਹਿ ਜਾਵਾਂਗਾ।

*੧੧੩ ਐੱਫ. ਸ਼ਹੀਦ ਭਗਤ ਸਿੰਘ ਨਗਰ,*
*ਪੱਖੋਵਾਲ ਰੋਡ, ਲੁਧਿਆਣਾ।*
*gurbhajanpau@rediffmail.com*



Namdhari Elibrary NamdhariElibrary@gmail.com

## ਖਤਰੇ ਦੇ ਵਿਚ ਗਊ ਤੇ ਗਰੀਬ ਸੀ

*—ਸੰਤ ਸੰਧੂ*

\- ਵਤਨ ਗੁਲਾਮ, ਮੁੱਢ ਸੀ ਕਲੇਸ਼ ਦਾ
ਆ ਗਿਆ ਸੀ ਅੱਗੇ, ਸਿੰਘ ਦਸਮੇਸ਼ ਦਾ
ਰਾਮ ਸਿੰਘ ਘੜੀ ਜੁੱਗਤ ਅਜੀਬ ਸੀ
ਖ਼ਤਰੇ ਦੇ ਵਿਚ ਗਊ ਤੇ ਗਰੀਬ ਸੀ...

\- ਹਿੰਦੀਆਂ ਦੀ ਗਰੋ, ਲਾਹੁੰਦੇ ਪੱਤ ਮਿਤਰੋ
ਜ਼ੁਲਮ ਦੀ ਲਾਹ ਦੇਣੀ ਛੱਟ ਮਿਤਰੋ
ਹੱਕ ਵਾਲੀ ਲੈ ਕੇ, ਆ ਗਿਆ ਜਰੀਬ ਸੀ ਖਤਰੇ ...

\- ਲੱਗੀ ਹੋਈ ਵੇਖੀ, ਜਦੋਂ ਜੋਕ ਵੀਰਿਓ
ਕਰ ਲਏ ਇਕੱਠੇ, ਕੂਕੇ ਲੋਕ ਵੀਰਿਓ
ਰਾਮ ਵਰਿਆਮ ਦੇਸ਼ ਦਾ ਨਸੀਬ ਸੀ-ਖ਼ਤਰੇ...

\- ਗੋਰਿਆਂ ਦਾ ਚੈਨ ਸੀ ਹਰਾਮ ਹੋ ਗਿਆ
ਰਾਮ ਸਿੰਘ ਰਮ ਗਿਆ, ਰਾਮ ਹੋ ਗਿਆ
ਕੂਕਿਆਂ ਦੀ ਫੌਜ ਰਾਮ ਦੇ ਕਰੀਬ ਸੀ-ਖ਼ਤਰੇ...

\- ਰਾਮ ਸਿੰਘ ਬਲੀ ਸੂਰਮਾ ਦਲੇਰ ਸੀ
ਬੰਦਗੀ 'ਚ ਪੂਰਾ, ਹੌਸਲੇ 'ਚ ਸ਼ੇਰ ਸੀ
ਨਾਮ ਦਾ ਵਿਪਾਰੀ, ਨਾਮ ਦਾ ਤਬੀਬ ਸੀ-ਖ਼ਤਰੇ...

\- ਰਾਮ ਸਿੰਘ ਰਾਮ ਦਾ ਰਸੂਲ ਬਣਿਆ
ਮੀਰੀ ਪੀਰੀ ਗੁਣਾਂ ਨੂੰ ਕਬੂਲ ਬਣਿਆ
ਦਸਵੇਂ ਗੁਰਾਂ ਨੇ ਤੋਰੀ ਤਹਿਜ਼ੀਬ ਸੀ-ਖ਼ਤਰੇ...

\- ਜੱਗ ਵਿਚ ਲਾਹਾ ਲਵੋ ਖੱਟ ਕੂਕਿਓ
ਗੋਰਿਆਂ ਦੀ ਚੁੱਕ ਦੇਣੀ ਹੱਟ ਕੂਕਿਓ
ਅਣਖ 'ਚ ਢਲੀ ਹੋਈ ਤਰਤੀਬ ਸੀ-ਖ਼ਤਰੇ...

\- ਨਪੱਤਿਆਂ ਦੀ ਪੱਤ ਤੇ ਸੀ ਲਾਜ ਬਣਿਆ
ਰਾਮ ਸਿੰਘ ਨਾਮ ਦਾ ਜਹਾਜ਼ ਬਣਿਆ
ਕਥਨੀ ਦਾ ਪੂਰਾ ਕਰਨੀ ਅਜੀਬ ਸੀ-ਖ਼ਤਰੇ...

\- ਨਾਮ ਦੀ ਖ਼ੁਮਾਰੀ, ਕੂਕੇ ਨਹੀਂਓ ਝੁੱਕਦੇ
ਤੋਪਾਂ ਦੇ ਵੀ ਮੂਹਰੇ, ਕੂਕੇ ਜਾਣ ਢੁੱਕਦੇ
ਕੂਕਿਆਂ ਦੇ ਕਿੱਸੇ, ਗਾਉਂਦੇ ਨੇ ਅਦੀਬ ਜੀ
ਖ਼ਤਰੇ ਦੇ ਵਿਚ, ਗਊ ਤੇ ਗਰੀਬ ਸੀ।

## ਮਨ ਦਾ ਬੂਹਾ

*—ਸੁਰਿੰਦਰ ਰਾਮਪੁਰੀ*

ਕਿੰਨੇ ਚਿਰ ਤੋਂ ਬੰਦ ਪਿਆ ਹੈ
ਮਨ ਦਾ ਬੂਹਾ।

ਜਿੰਦਰੇ ਨੂੰ ਜੰਗਾਲ ਖਾ ਗਿਆ
ਚਾਬੀ ਕਿਧਰੇ ਗੁੰਮ ਗਈ ਹੈ।

ਬਹੁਕਰ ਕਰਨੀ ਹੈ
ਪੋਚਾ ਲਾਉਣਾ ਹੈ
ਜਾਲੇ ਵੀ ਲਾਹੁਣੇ ਨੇ।
ਅੰਦਰ ਜਾਣ ਦਾ ਰਸਤਾ ਨਹੀਂ ਦਿਸਦਾ
ਘੁੱਪ ਹਨੇਰਾ ਹੈ।

ਇਹ ਮਨ ਦਾ ਬੂਹਾ ਹੈ
ਅੰਦਰ ਨੂੰ ਖੁੱਲ੍ਹਦਾ ਹੈ
ਲੱਗਦੀ ਹੈ ਇਸਨੂੰ
ਚਿੰਤਨ ਦੀ ਚਾਬੀ।

ਇਹ ਸੱਚ ਦਾ ਬੂਹਾ ਹੈ
ਕਿੰਨੇ ਚਿਰ ਤੱਕ ਬੰਦ ਰਹੇਗਾ।

## ਮਨ ਦੀ ਗੰਗਾ

*—ਸੁਰਿੰਦਰ ਰਾਮਪੁਰੀ*

ਆਪਣੇ ਮੂਲ ਤੋਂ ਟੁੱਟ ਗਈ ਸੀ
ਬਣ ਗਈ ਮੈਂ ਧਾਰਾ

ਆਪਣਾ ਆਪ ਸੰਭਾਲ ਸਕੀ ਨਾ
ਮਸਤੀ ਭਰੇ ਵੇਗ ਵਿਚ
ਬੇ-ਪਛਾਣ ਰਾਹਾਂ 'ਤੇ
ਵਗ ਪਈ ਮੈਂ ਧਾਰਾ ਬਣਕੇ।

ਆਈ ਪਛਾਣ ਜਦੋਂ
ਆਪਣੇ ਹੀ ਆਪੇ ਦੀ
ਆਪਣੀ ਹੀ ਹੋਂਦ ਦੀ
ਸਾਹਮਣੇ ਸਮੁੰਦਰ ਸੀ।

ਵੇਗ ਜਦ ਮੱਠਾ ਹੋਇਆ
ਮਨ ਹੋ ਗਿਆ ਇਕਾਗਰ
ਮਨ ਦੀ ਗੰਗਾ
ਮੁੜ ਪਈ ਗੰਗੋਤਰੀ ਨੂੰ

ਮਨ ਦੀ ਧਾਰਾ,
ਰਾਧਾ ਹੋ ਗਈ।

*ਵੀ.ਪੀ.ਓ ਰਾਮਪੁਰ- ੧੪੧੪੧੮.*
*ਜ਼ਿਲ੍ਹਾ ਲੁਧਿਆਣਾ।*



Namdhari Elibrary NamdhariElibrary@gmail.com

## .ਗ਼ਜ਼ਲ

*—ਸਿਰੀ ਰਾਮ 'ਅਰਸ਼'*

ਸਜੀਆਂ ਨ ਉਂਝ ਰੌਣਕਾਂ ਨਗਰੀ 'ਚ ਭਾਰੀਆਂ।
ਸੱਜਣਾਂ ਬਗ਼ੈਰ ਸੁੰਞੀਆਂ ਗਲੀਆਂ ਨੇ ਸਾਰੀਆਂ।

ਕੈਦੀ ਉਨ੍ਹਾਂ ਨੇ ਤੈਨੂੰ ਬਣਾਉਣਾ ਹੈ ਇਸ ਲਈ,
ਵੱਖ ਵੱਖ ਤਰ੍ਹਾਂ ਦੇ ਜਾਲ ਨੇ ਲਾਏ ਸ਼ਿਕਾਰੀਆਂ।

ਸੋਚਾਂ ਮੈਂ, ਉਸ ਦੇ ਮਹਿਲ 'ਚ ਜੋਗੀ ਹੈ ਕਿਉਂ ਖੜਾ
ਨਾਥਾਂ ਨੇ ਦਰ 'ਤੇ ਜਿਸ ਦੇ ਸੀ ਮੁੰਦਰਾਂ ਉਤਾਰੀਆਂ।

ਸਾਡੇ ਗਲਾਂ 'ਚ ਪਾਟੀਆਂ ਲੀਰਾਂ ਨੂੰ ਦੇਖ ਕੇ,
ਮੰਦਿਰ ਦੇ ਕੋਲ ਜਾਣ ਨਾ ਦਿੱਤਾ ਪੁਜਾਰੀਆਂ।

ਸੂਰਜ ਨੂੰ ਕੀ ਪਤਾ ਹੈ ? ਹਨੇਰੇ ਦੇ ਸ਼ਹਿਰ ਵਿਚ,
ਘਰ ਘਰ 'ਚ ਕਿੰਜ ਪੁੱਜੀਆਂ ਕਿਰਨਾਂ ਵਿਚਾਰੀਆਂ।

ਸਰਦੀ ਦੇ ਨਾਲ ਜਦ ਮੇਰਾ ਆਪਾ ਸੀ ਜਮ ਰਿਹਾ,
ਤਦ ਮੈਂ ਸ਼ਮ੍ਹਾ ਦੇ ਆਸਰੇ ਰਾਤਾਂ ਗੁਜ਼ਾਰੀਆਂ।

ਮਮਤਾ ਦੀ ਜੋ ਅਸੀਸ ਨੂੰ ਛੱਡ ਦੂਰ ਤੁਰ ਗਿਆ,
ਕਿੱਥੋਂ ਮਿਲਣ ਫਿਰ ਉਸ ਨੂੰ ਛਾਵਾਂ ਉਧਾਰੀਆਂ।

*੨੦੪ ਸੈਕਟਰ ੬੫, ਮੁਹਾਲੀ*
*ਮੋਬਾਇਲ- ੯੮੮੮੪੫੨੨੬੪*

## ਆਪਣੀ ਸੋਚ ਆਪਣਾ ਨਜ਼ਰੀਆ

*—ਨੀਲਮ ਸੰਜੀਵ*

ਬੰਦਾ ਹੋਸ਼ ਕਰ, ਅਕਲ ਦੀ ਦਵਾ ਕਰ
ਮਾੜੇ ਕੰਮਾਂ ਵਿਚ ਪੈਕੇ ਜ਼ਿੰਦਗੀ ਬਰਬਾਦ ਨਾ ਕਰ।
ਜੇ ਇਸੇ ਤਰ੍ਹਾਂ ਕਰਦਾ ਰਹੇਂਗਾ ਤਾਂ ਯਾਦ ਰੱਖ
ਇਕ ਦਿਨ ਤੂੰ ਕੁੱਤੇ ਦੀ ਮੌਤ ਮਰੇਂਗਾ।

ਦੂਜੇ ਪਾਸੇ ਬਾਹਰ ਉਨਾਂ ਦੇ ਘਰ ਦਾ ਕੁੱਤਾ
ਆਪਣੇ ਕਤੂਰੇ ਨੂੰ ਸਮਝਾ ਰਿਹਾ ਸੀ
(ਬੰਦਾ ਭੌਂਕਦਾ ਰਹੀਂ
ਵੇਖੀਂ ਕਿਤੇ ਮਾਂ ਬੋਲੀ ਨੂੰ
ਨਜ਼ਰ ਅੰਦਾਜ਼ ਨਾ ਕਰੀਂ।
ਧਰਮ ਜਾਤ ਦੇ ਨਾਂ ਤੇ
ਦੰਗਾ ਫਸਾਦ ਨਾ ਕਰੀਂ।
ਜੇ ਅਜਿਹਾ ਕਰੇਂਗਾ
ਤਾਂ ਆਦਮੀ ਦੀ ਮੌਤ ਮਰੇਂਗਾ।)

*੧੯-ਸ਼ੂਗਰ ਮਿਲ*
*ਫਗਵਾੜਾ।*

## .ਗ਼ਜ਼ਲ

*—ਅਜੈਬ ਸਿੰਘ*

ਕਦਰ ਪੈ ਹੀ ਗਈ ਰੁਲਦਿਆਂ ਰੁਲਦਿਆਂ,
ਦਾਅ ਆ ਹੀ ਗਏ ਘੁਲਦਿਆਂ ਘੁਲਦਿਆਂ।

ਬਿਨਾਂ ਸਬਰ ਟੀਚੇ ਕਦੇ ਸਰ ਨਾ ਹੁੰਦੇ,
ਸਫਰ ਮੁੱਕ ਹੀ ਗਿਆ ਤੁਰਦਿਆਂ ਤੁਰਦਿਆਂ।

ਪੈਂਡਾ ਇਸ਼ਕ ਦਾ ਸੀ ਬਿਖੜਾ ਬੜਾ,
ਕੰਡੇ ਭੁਰਦੇ ਗਏ ਭੁਰਦਿਆਂ ਭੁਰਦਿਆਂ।

ਝਨਾਂ ਦੇ ਇਹ ਪਾਣੀ ਦੀ ਤਾਸੀਰ ਹੈ,
ਇਸ਼ਕ ਤਰਦਾ ਰਿਹਾ ਡੁਬਦਿਆਂ ਡੁਬਦਿਆਂ।

ਬੜਾ ਅਕਲ ਨੇ ਇਸ਼ਕੋਂ ਪੱਲਾ ਛੁਡਾਇਆ,
ਦਿਲ ਹੀ ਧਸਦਾ ਗਿਆ ਝੁਰਦਿਆਂ ਝੁਰਦਿਆਂ।

ਉਮਰ ਭਰ ਜਿਨਾ ਬੀਤੀ ਨੂੰ ਸਹਿੰਦਾ ਰਿਹਾ,
ਦਿਲ ਦੀ ਕਹਿ ਹੀ ਗਿਆ ਮਰਦਿਆਂ ਮਰਦਿਆਂ।

*ਡੀ.ਸੀ. ਚੌਂਕ*
*ਕਪੂਰਥਲਾ।*

## ਗੀਤ

*—ਪ੍ਰੋ. ਕੁਲਵੰਤ ਜਗਰਾਉਂ*

ਸ਼ਾਮ ਢਲੀ ਘਰ ਆ ਵੇ ਸੱਜਣਾ।
ਤੱਤੜੀ ਨੂੰ ਗਲ ਲਾ ਵੇ ਸੱਜਣਾ।

ਰੋਸਾ, ਗੁੱਸਾ ਗਿਲਾ ਭੁਲਾ ਕੇ
ਰੂਹ ਦੀ ਪਿਆਸ ਬੁਝਾ ਵੇ ਸੱਜਣਾ।

ਸਾਡੇ ਵਿਚ ਜੋ ਦੀਵਾਰਾਂ ਨੇ
ਮਿਲ ਕੇ ਦਈਏ ਢਾਹ ਵੇ ਸੱਜਣਾ।

ਤੂੰ ਓਥੇ, ਮੈਂ ਏਥੇ ਤੜਫਾਂ
ਜੀਵਨ ਦਾ ਕੀ ਭਾਅ ਵੇ ਸੱਜਣਾ

ਵਸਲ ਬਿਨਾਂ ਜਿੰਦ ਮੁੱਕਦੀ ਜਾਵੇ
ਸੁੱਕ ਚਲੇ ਸਭ ਚਾਅ ਵੇ ਸੱਜਣਾ।

ਜ਼ਖ਼ਮ ਅਵੱਲੇ ਤੜਫਾਉਂਦੇ ਨੇ
ਪਿਆਰ ਦੇ ਫੰਬੇ ਲਾ ਵੇ ਸੱਜਣਾ।

ਤੈਥੋਂ ਮੈਂ ਕੁਝ ਹੋਰ ਨਾ ਮੰਗਾਂ
ਦੂਰ ਨਾ ਦਿਲ ਤੋਂ ਜਾ ਵੇ ਸੱਜਣਾ।

*੪- ਸ਼ਹੀਦ ਕਰਨੈਲ ਸਿੰਘ ਨਗਰ ਫੇਜ਼-੨*
*ਪੱਖੋਵਾਲ ਰੋਡ ਲੁਧਿਆਣਾ, ਫੋਨ- ੦੧੬੧-੨੫੬੧੪੩੩*



Namdhari Elibrary NamdhariElibrary@gmail.com

# ਪੁਸਤਕ-ਪਾਠਕ ਯੋਗ ਵਿਧਾ

*—ਕਰਤਾਰ ਸਿੰਘ ਨੀਲਧਾਰੀ*

ਪੰਜਾਬੀ ਭਾਸ਼ਾ ਦੇ ਪਾਠਕਾਂ ਅਤੇ ਪੁਸਤਕਾਂ ਵਿਚ ਪਾੜਾ ਵੱਧਣ ਦਾ ਰੋਣ ਯਥਾਰਥ ਪਰਕ ਹੈ। ਇਸੇ ਵਿਸ਼ੇ ਦੀ ਸਾਰੀ ਕਲਮ ਕਵਾਇਦਾਂ ਵਿਚ ਸਮੱਸਿਆ ਦੇ ਮੂਲ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ। ਪੁਸਤਕਾਂ ਦੀ ਅਨਾਪ ਸ਼ਨਾਪ ਕੀਮਤਾਂ ਅਤੇ ਪੁਸਤਕ ਪ੍ਰਚਾਰ ਵਿਚ ਸਦਾਕਤ ਦੀ ਕੰਮੀ ਪਾਠਕਾਂ ਨੂੰ ਪੁਸਤਕਾਂ ਤੋਂ ਦੂਰ ਕਰ ਰਹੀ ਹੈ। ਟੀਵੀ ਆਦਿਕ ਪ੍ਰਸਾਰ ਮਾਧਿਅਮਾਂ ਦਾ ਆਸਰਾ ਲੈ ਕੇ ਸਾਰੇ ਸਮਾਜ ਸੁਧਾਰਕ ਤੇ ਧਰਮ ਪ੍ਰਚਾਰਕ ਆਪਣੇ ਪ੍ਰਵਚਨਾਂ ਨੂੰ ਛਾਪ ਕੇ ਹਜ਼ਾਰਾਂ ਦੀ ਗਿਣਤੀ ਦੇ ਸੰਸਕਰਣ ਛਪਵਾਉਂਦੇ ਹਨ। ਪੰਜਾਬੀ ਵਿਚ ਭਾਈ ਸੰਤ ਸਿੰਘ ਮਸਕੀਨ ਦੇ ਦੇਹਾਂਤ ਤੋਂ ਬਾਦ ਵੀ ਟੀਵੀ ਰਿਲੇ ਹੁੰਦੇ ਪ੍ਰਵਚਨ ਵੀ ਕਿਤਾਬੀ ਰੂਪ ਵਿਚ ਪ੍ਰਕਾਸ਼ਕਾਂ ਦੀ ਆਰਥਿਕ ਖੁਸ਼ਹਾਲੀ ਬਣੇ ਹੋਏ ਹਨ। ਹਰੇਕ ਸਰਕਾਰ ਵਾਂਗ ਪੰਜਾਬ ਸਰਕਾਰ ਨੇ ਭਾਸ਼ਾ ਵਿਭਾਗ ਤੇ ਸਾਹਿਤ ਅਕਾਦਮੀ ਸਥਾਪਿਤ ਕਰਕੇ ਮਨਚਾਹੇ ਵਿਅਕਤੀਆ ਨੂੰ ਰਿਓੜੀਆਂ ਵੰਡਣ ਦਾ ਢਕੋਸਲਾ ਬਣਾਇਆ ਹੀ ਸਿੱਧ ਕੀਤਾ ਹੈ। ਵੱਖ ਵੱਖ ਯੂਨੀਵਰਸਿਟੀਆਂ ਵੀ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਦਾ ਦਾਵਾ ਕਰਦੀਆਂ ਹਨ ਪਰ ਸਬਸਿਡੀ ਕੇਵਲ ਖੋਜ ਪੱਤਰਾਂ ਵਾਲੇ ਪਰਚਿਆਂ ਲਈ ਹੀ ਦੇਂਦੀਆਂ ਹਨ। ਨਵਾਂ ਲੇਖਕ ਦਰ ਦਰ ਤੇ ਠੋਕਰਾਂ ਖਾਂਦਾ ਰਿਹਾ ਤੇ ਨਵਾਂ ਪਾਠਕ ਟੀਵੀ ਤੋਂ ਮਨੋਰੰਜਨ ਲੈਕੇ ਸੁਥਰੀ ਨਿੱਗਰ ਕਿਤਾਬਾਂ ਦੀ ਕੀਮਤ ਦੇਖ ਕੇ ਦੜ ਵੱਟ ਜਾਂਦਾ ਹੈ। ਲਾਇਬ੍ਰੇਰੀਆਂ ਦੇ ਤਾਲ ਦੇ ਦਾਵੇ ਦਾ ਢਕੋਸਲਾ ਦੇਖਣਾ ਹੋਵੇ ਤਾਂ ਚੰਡੀਗੜ੍ਹ ਦੀ ਸੈਂਟਰਲ ਲਾਇਬ੍ਰੇਰੀ ਦਾ ਪੰਜਾਬੀ ਸੈਕਸ਼ਨ ਦਾ ਕਬੜਾਖਾਣਾ ਦੇਖ ਲਵੋ।

ਪੰਜਾਬੀ ਪਾਠਕਾਂ ਦੀ ਪੀੜ ਨੂੰ ਸਮਝਣ ਲਈ ਅਤੇ ਪਠਨ ਭੁੱਖ ਦੀ ਤ੍ਰਿਪਤੀ ਲਈ ਭਾਸ਼ਾ ਵਿਭਾਗ (ਪਟਿਆਲਾ) ਬਣਾਇਆ ਗਿਆ ਸੀ। ਚੰਡੀਗੜ੍ਹ ਵਿਚ ਇਸਦਾ ਸਟੋਰ ਸੈਕਟਰ ੧੭ ਤੋਂ ਸੈਕਟਰ ੩੨ ਵਿਚ ਬੇਸਮੈਂਟ ਵਿਚ ਪੰਜਾਬ ਸਟੇਟ ਯੂਨੀਵਰਸਿਟੀ ਬੁਕ ਦੇ ਅਧੀਨ ਧੂੜ ਫੱਕ ਰਿਹਾ ਹੈ। ੧੯ ਫਰਵਰੀ ੨੦੦੭ ਨੂੰ ਇਸ ਸਟੋਰ ਵਿਚ ਜਾਂ ਕੇ ਕਿਤਾਬਾਂ ਦਾ ਹਾਲ ਦੇਖ ਕੇ ਰੋਣਾ ਹੀ ਆਇਆ। ਭਾਸ਼ਾ ਵਿਭਾਗ ਨੂੰ (ਦੂਰ) ਬਾਸਾ (ਮਤਿ) ਵਿਭਾਗ ਕਹਿਣਾ ਉਚਿਤ ਹੋਵੇਗਾ। ਪੰਜਾਬ ਕੋਸ਼ (ਦੋ ਭਾਗ) ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੁਕਤਤਕਰਾ ਤੋਂ ਬਗੈਰ ਕੋਈ ਨਵਾਂ ਪ੍ਰਕਾਸ਼ਨ ਨਜ਼ਰ ਨਹੀਂ ਆਇਆ। ਬਾਕੀ ਸਾਰੀਆਂ ਪੁਸਤਕਾਂ ਬੜੀ ਬੇਤਰਤੀਬੀ ਨਾਲ ਧੂੜ ਫੱਕ ਰਹੀਆਂ ਹਨ ਤੇ ਚੁਕਦੇ ਦੇਖਦੇ ਹੱਥ ਤੌਲੀਆ ਬੁਰੀ ਤਰ੍ਹਾਂ ਗੰਦਾ ਹੋ ਗਿਆ। ਭਾਸ਼ਾ ਵਿਭਾਗ ਦੀਆਂ ਛਪੀਆਂ ਪੁਸਤਕਾਂ ਛਪਾਈ ਤੇ ਕਾਗਜ਼ ਪਖੋਂ ਕੋਈ ਚੰਗੀ ਦਿੱਖ ਨਹੀਂ ਰਖਦੀਆਂ ਰਹੀਆਂ ਪਰ ਬਾਕੀ ਸਟਾਕ ਦਾ ਹਾਲ ਹੈ ਜਿਵੇਂ ਕੋਹੜੀ ਨੂੰ ਖਾਜ। ਗਿਆਨੀ ਲਾਲ ਸਿੰਘ ਤੇ ਡਾ. ਜੀਤ ਸਿੰਘ ਸੀਤਲ ਦੀ ਡਾਇਰੈਕਟਰ ਸ਼ਿਪ ਸਮੇਂ ਤੇ ਜਨ ਸਾਹਿਤ (ਸਾਹਿਤ) ਤੇ ਪੰਜਾਬੀ ਦੂਨੀਆ ਖੋਜਦੇ ਸਿਖਰ ਵੀ ਜਿਵੇਂ ਮੁੱਕ ਗਏ। ਪੰਜਾਬੀ ਦੂਨੀਆ ਦੇ ਦੋ-ਮਾਹੀ ਵਿਸ਼ੇਸ਼ਾਂਕ ਆਪਣੀ ਵਿਸ਼ੇਸ਼ ਪਹਿਚਾਨ ਤੇ ਉਪਯੋਗਿਤਾ ਰਖਦੇ ਹੁੰਦੇ ਸਨ। ਇਕ ਘੰਟਾ ਧੂੜ ਫੱਕ ਕੇ ਪੰਜਾਬੀ ਦੂਨੀਆ ਦਾ ਪਿਆਰਾ ਸਿੰਘ ਪਦਮ ਵਿਸ਼ੇਸ਼ਾਂਕ (ਨਵੰਬਰ ੨੦੦੧-ਅਪ੍ਰੈਲ ੨੦੦੨) ਛਿਮਾਹੀ ਪੋਥੀ (੩×੬=੧੮) ਅਤੇ ਜਨ ਸਾਹਿਤ ਦਾ (ਅਕਤੂਬਰ ਨਵੰਬਰ ੨੦੦੬) ਅੰਮ੍ਰਿਤਾ ਪ੍ਰੀਤਮ ਵਿਸ਼ੇਸ਼ ਅੰਕ (੩×੨=੬) ਲੈ ਕੇ ਮੁੜ ਆਇਆ। ਜਨਸਾਹਿਤ ਦੀ ਪਾਠਕਾਂ ਦੀ ਡਾਕ (ਜਨ ਅਵਾਜ਼) ਵਿਚ ਡਾ. ਤੇਜਵੰਤਮਾਨ ਸਿੰਘ ਨੇ ਲਿਖਿਆ ਹੈ-"ਭਾਸ਼ਾ ਵਿਭਾਗ ਦੇ ਪਿਛਲੇ ੧੦-੧੨ ਸਾਲਾਂ ਦੇ ਸਮੇਂ ਵਿਚ ਇਹ ਪਹਿਲੀ ਵਾਰ ਹੈ ਕਿ ਰਸਾਲੇ ਸਮੇਂ ਸਿਰ ਪ੍ਰਕਾਸ਼ਤ ਹੋਏ ਹਨ।" ਸ੍ਰੀ ਹਮਦਰਦ ਵੀਰ ਨੌਸ਼ਹਿਰਵੀ ਨੇ ਲਿਖਿਆ ਹੈ-"ਵਿਸ਼ੇਸ਼ ਅੰਕ ਵੱਧ ਤੋਂ ਵੱਧ ਦੋ ਮਹੀਨੇ ਦਾ ਕੱਢ ਰਹੇ ਹੋ। ਪਹਿਲਾਂ ਵਾਂਗ ਨਹੀਂ ਕਿ ਜਨ ਸਾਹਿਤ ਜਾਂ ਪੰਜਾਬੀ ਦੂਨੀਆ ਛੇ-ਛੇ ਮਹੀਨੇ ਅੱਠ ਅੱਠ ਮਹੀਨੇ ਰੋਕ ਕੇ ਇਕ ਭਾਰਾ ਅੰਕ ਕੱਢ ਲਿਆ ਤੇ ਬਸ", ਉਪਰ ਖਰੀਦੇ ਦੋ ਅੰਕ ਇਸ ਲਿਖਤ ਦੀ ਤਸਦੀਕ ਕਰਦੇ ਹੋਏ ਭਾਸ਼ਾ ਵਿਭਾਗ ਦੀ ਤ੍ਰਸਦੀ ਦਸ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਬੁੱਕ ਕਲਬ ਦੇ ਮੈਂਬਰ (੧੯੮੩ ਵਿਚ ੫/-ਫੀਸ ਤੇ ੨੦੦੬ ਵਿਚ ੧੦੦/-ਫੀਸ) ਬਣਾਕੇ ੫੦% ਡਿਸਕਾਊਂਟ ਦੇਂਦੀ ਹੈ। ਪਰ ਪਤਾ ਨਹੀਂ ਕਿਤਾਬਾਂ ਦੇ ਰੇਟ ਕਿਵੇਂ ਨਿਸ਼ਚਿਤ ਕੀਤੇ ਜਾਂਦੇ ਹਨ? ੧੯੯੮ ਵਿਚ ਛਪੀ ੮੦/- ਦੀ ਕਿਤਾਬ ੨੦੦੫ ਸੰਸਕਰਣ ੨੫੦-੩੦੦/ ਦੀ ਕਿਵੇਂ ਹੋ ਗਈ ਜਦ ਕੇ ਪੇਪਰ-ਛਪਾਈ ਦਾ ਰੇਟ ਤਾਂ ਇਨਾਂ ਨਹੀਂ ਵਧਿਆ? ਇਸ ਯੂਨੀਵਰਸਿਟੀ ਨੇ ਬੜੀਆਂ ਉਮਦਾ ਕਿਤਾਬਾਂ ਜ਼ਰੂਰ ਛਾਪੀਆਂ ਹਨ। ਪਿਛਲੀਂ ਦਿਨ ੧੫ ਸੈਕਟਰ ਦੀ ਪੁਰਾਣੀ ਕਿਤਾਬਾਂ ਦੀ ਮਾਰਕੀਟ ਵਿਚ ਐਨਸਾਈਕਲੋਪੀਡੀਆ ਆਫ ਸਿਖਿਜ਼ਮ-ਹਰਿਬੰਸ ਸਿੰਘ-ਦੇ ਤਿੰਨ ਭਾਗ ਵਿਕਣ ਲਈ ਰੁਲਦੇ ਵੇਖੇ। ਭੇਟ ਪ੍ਰਾਪਤ ਕਰਤਾ ਨੇ ਪਹਿਲੇ ਭਾਗ ਦਾ ਉਹ ਵਰਕਾ ਅੱਧਾ ਪਾੜ ਦਿੱਤਾ ਸੀ ਜਿਥੇ ਪ੍ਰਾਪਤ



Namdhari Elibrary NamdhariElibrary@gmail.com

ਕਰਤਾ ਤੇ ਭੇਟ ਕਰਤਾ ਦਾ ਨਾਮ ਪਤਾ ਲਗ ਸਕਦਾ ਸੀ। ਯੂਨੀਵਰਸਿਟੀ ਦੇ ਆਪਣੇ ਅਮੁੱਲੇ ਖੋਜ ਪ੍ਰਕਾਸ਼ਨ ਬਹੁਤ ਹੀ ਘੱਟ ਕੀਮਤ ਦੇ ਦਿੱਤੇ ਜਾਂਦੇ ਹਨ। ਤਸਦੀਕ ਲਈ ਨਵੰਬਰ ੨੦੦੬ ਵਿਚ ਚੰਡੀਗੜ੍ਹ ਬੁਕ ਫੇਅਰ ਵਿਚ ਜੋ ਯੂਨੀਵਰਸਿਟੀ ਦੇ ਸਟਾਲ ਤੋਂ ਖਰੀਦੇ, ਉਨ੍ਹਾਂ ਦੇ ਵੇਰਵੇ ਨੋਟ ਕਰਨੇ ਜ਼ਰੂਰੀ ਹਨ। ਨਾਨਕ ਪ੍ਰਕਾਸ਼ ਪਤ੍ਰਿਕਾ-1 ਭਗਤ ਬਾਣੀ ਵਿਸ਼ੇਸ਼ ਅੰਕ (ਕੁਲ ੨੬੪ ਪੰਨੇ) ੨੦੦੫ ਮੁਲ ੨੦) ਪੇਪਰ ਬੈਕ ੨੫੦ ਕਾਪੀਆਂ ਛਪੀਆਂ।

੨. ਵਿਸ਼ਵ ਧਰਮ ਵਿਸ਼ੇਸ਼ ਅੰਕ (੩੯੯ ਪੰਨੇ)-ਜੂਨ ੨੦੦੫ ਮੁੱਲ ੫੦) ਪੇਪਰਬੈਰ ੫੦੦ ਕਾਪੀਆਂ ਛਪੀਆਂ।

੩. ਸ੍ਰੀ ਗੁਰੂ ਗ੍ਰੰਥ ਸਾਹਿਬ-ਅੰਕ ( ੧੯੬ ਪੰਨੇ) ੨੦੦੩ ਮੁਲ ੬੦)-ਪੱਕੀ ਜਿਲਦ-੨੫੦ ਕਾਪੀਆਂ, ਛਪੀਆਂ।

੪. ਖੋਜ ਪਤ੍ਰਿਕਾ ਗੋਲਡਨ ਜੁਬਲੀ ਵਿਸ਼ੇਸ਼ ਅੰਕ (੬੯੨ ਪੰਨੇ) ਮੁੱਲ ੧੦੦) ਪੱਕੀ ਜਿਲਦ-੧੧੦੦ ਕਾਪੀਆਂ-੨੦੦੨। ਬੁਕ ਕਲਬ ਦੇ ਮੈਂਬਰ ਦੇ ਤੌਰ ਤੇ ੫੦% ਡਿਸਕਾਉਂਟ ਕਟੌ-ਖਰਚ ਕਿੰਨਾ ਰਿਹਾ ? ਗਿਣ ਲਵੋ।

ਪੰਜਾਬ ਵਿਚ ਛੇ ਯੂਨੀਵਰਸਿਟੀਆਂ ੨੫੦ ਕਾਲਜ ਅਤੇ ੧੦.੨ ਦੇ ਸੈਂਕੜੇ ਸਕੂਲਾਂ ਵਿਚ ਤੇ ਹੋਰ ਪਠਨ ਰੁਚੀਆਂ ਵਾਲੇ ਟੀਚਰ ਦੇ ਰੂਪ ਵਿਚ ੨੫੦ ਜਾਂ ੫੦੦ ਪਾਠਕ ਵੀ ਨਹੀਂ ਮਿਲਦੇ ਜੋ ਇਹ ਪਰਚੇ ੩-੪ ਸਾਲ ਬਾਦ ਵੀ ਥੋਕ ਵਿਚ ਪਏ ਦੇਖੇ ਗਏ ਹਨ। ਯੂਨੀਵਰਸਿਟੀ ਵਲੋਂ ਛਪੀ ਪੁਸਤਕਾਂ ਦੇ ਕਾਗਜ਼ ਦੀ ਕਵਾਲਟੀ ਅਤੇ ਪੰਨਿਆਂ ਦੇ ਆਧਾਰ ਤੇ ਕਿਤਾਬਾਂ ਦੀ ਛਪੀ ਕੀਮਤ ਵਿਚ ਨਿਆਂਸ਼ੀਲਤਾ ਤੇ ਲੌਜਿਕ ਦੀ ਪਾਰਦਰਸ਼ਿਤਾ ਦਾ ਅਹਿਸਾਸ ਹੋਣ ਦੇ ਨਾਲ ਪਾਠਕ ਵੀ ਜ਼ਰੂਰ ਆਕਰਸ਼ਿਤ ਹੁੰਦੇ ਰਹਿਣਗੇ।

ਨਵੰਬਰ ੨੦੦੬ ਦੇ ਬੁਕ ਫੇਅਰ ਵਿਚ ਸਾਹਿਤ ਅਕਾਦਮੀ ਦੇ ਸਟਾਲ ਤੇ ਦੂਜੀ ਭਾਸ਼ਾਵਾਂ ਦੇ ਪੰਜਾਬੀ ਅਨੁਵਾਦ ਅੱਧੇ ਮੁਲ ਤੇ ਵੀ ਲੈਣ ਨੂੰ ਕੋਈ ਤਿਆਰ ਨਹੀਂ ਸੀ। ਇਹ ਵੀ ਤ੍ਰਾਸਦੀ ਹੈ ਵਿਸ਼ੇ ਵਿਸ਼ੇਸ਼ ਦੇ ਚਾਹਵਾਨ ਕਈ ਪਾਠਕਾਂ ਨੂੰ ਮਨ ਮਾਨਿਕ ਵਿਸ਼ੇ ਦੀ ਕਿਤਾਬਾਂ ਦਿਨ ਵਿਚ ਦੀਵਾ ਲੈ ਕੇ ਨਹੀਂ ਲਭ ਰਹੀਆਂ। ਪਾਠਕਾਂ ਨੂੰ ਪੁਸਤਕਾਂ ਤੋਂ ਦੂਰ ਕਰਨ ਵਿਚ ਪਬਲਿਸ਼ਰਾਂ ਦੀ ਹਿੱਸੇਦਾਰੀ ਵੀ ਘੱਟ ਨਹੀਂ, ਸਗੋਂ ਅਨਾਪ ਸ਼ਨਾਪ ਕੀਮਤਾਂ ਮੱਧਮ ਵਰਗੀ ਪਾਠਕਾਂ ਨੂੰ ਪ੍ਰੇਤ ਬਾਧਾ ਲਗਦੀਆਂ ਹਨ।

ਸਾਰੇ ਪਾਸੇ ਨਜ਼ਰਾਂ ਮਾਰ ਕੇ ਆਸ ਦੀ ਕਿਰਣਾਂ ਲਈ ਵੱਖ-ਵੱਖ ਸਾਹਿਤ ਸਭਾਵਾਂ ਵੱਲ ਹੀ ਨਜ਼ਰ ਪੈਂਦੀ ਹੈ। ਲੇਖਕ ਆਪਣੀ ਲਿਖਤ ਨੂੰ ਕੰਪਿਊਟਰ ਟਾਈਪ ਸੈਟਿੰਗ (ਖਰਚਾ ੧੦/-ਪੰਨਾ) ਕਰਾ ਕੇ ਲੇਜ਼ਰ ਟਾਈਪ ਸੈਂਟਰ ਕੋਲੋਂ ਸੀਡੀ ਕਢਾ ਕੇ ਵੀ ਬੇਨਤੀ ਜਾਂ ਇਕਰਾਰ ਕਰ ਲਵੇ ਐਨੇ ਸਮੇਂ ਲਈ ਉਹ ਸੈਟਿੰਗ ਸਾਫ ਨਹੀਂ ਕਰੇਗਾ। ਅਜੇਹੀ ਟਾਈਪਸੈਟ ਕਿਤਾਬ ਦੇ ੪-੫ ਫੋਟੋਕਾਪੀਆਂ ਕਰਾਉਣ ਲਈ ੨੫ ਪੇਜ (ਦੋ ਪੇਜ ਦੇ ਕਾਜ਼ ਦੇ ੫੦ ਪੈਸੇ) ਖਰਚਾ ਆਵੇਗਾ। ਇਹ ੪-੫ ਸੈਟ ਸਾਹਿਤ ਸਭਾ ਦੇ ਵਿਦਵਾਨ ਨਿਰਪੱਖ ਢੰਗ ਨਾਲ ਸੋਧ, ਸਮੀਖਿਆ ਤੇ ਸੁਧਾਰ ਕਰਕੇ ਸਭਾ ਨੂੰ ਛਪਵਾਣ ਲਈ ਸੌਂਪਦੇ ਹੋਏ ਪਾਠਕ ਪਸੰਦ ਦੀ ਸੰਭਾਵਨਾਵਾਂ ਵੀ ਦਸਣ ਸਕਦੇ ਹਨ। ਇਹ ਸਮੇਂ ਦੀ ਨਾਜ਼ੁਕ ਮੰਗ ਹੈ ਜੇਕਰ ਸਾਹਿਤ ਪਾਠਕ ਹੀ ਨਾ ਰਹੇ ਤਾਂ ਸਾਹਿਤ ਸਭਾਵਾਂ ਦੀ ਹੋਂਦਾਂ ਤੇ ਵੀ ਸਵਾਲੀਆਂ ਨਿਸ਼ਾਨ ਲਗ ਜਾਏਗਾ। ਬਹੁਤੀਆਂ ਸਾਹਿਤ ਸਭਾਵਾਂ ਮਠਾਧੀਸ਼ਾਂ ਦੀ ਜਗੀਰਾਂ ਬਣੀਆਂ ਹੋਈਆਂ ਹਨ ਇਸ ਲਈ ਸੰਵਿਧਾਨਿਕ ਪਰਿਵਰਤਨ ਕਰਕੇ ਕਿਸੇ ਵੀ ਮੁਖੀ ਨੂੰ ਲਗਾਤਾਰ ਦੋ ਵਾਰਾਂ ਤੋਂ ਵੱਧ ਪੀਠਾਸੀਨ ਹੋਣ ਤੋਂ ਵਰਜਿਆ ਜਾਵੇ। ਇਨ੍ਹਾਂ ਸਾਹਿਤ ਸਭਾਵਾਂ ਦੀ ਮੈਂਬਰਸ਼ਿਪ ਦੇ ਨਿਯਮ ਲਚੀਲੇ ਕੀਤੇ ਜਾਣ ਅਤੇ ਪਾਟੋ ਧਾੜ ਤੇ ਅਖਾੜੇਬਾਜ਼ੀ ਦੇ ਸਾਰੇ ਬੂਹੇ ਬੰਦ ਕਰਕੇ ਨਵੇਂ ਪ੍ਰਬੰਧ ਪ੍ਰਕਾਸ਼ ਨੂੰ ਸਰਬ ਸਾਂਝਾ ਕੀਤਾ ਜਾਵੇ।

ਬਾਜ਼ਾਰ ਵਿਚ ਪੇਪਰ ਦੇ ਰੇਟ, ਛਪਾਈ ਦੇ ਰੇਟ ਤੇ ਜਿਲਦ ਦੇ ਰੇਟ ਬੜੀ ਆਸਾਨੀ ਨਾਲ ਪਤਾ ਕਰਕੇ ਮੁਕਾਬਲਤਨ ਘੱਟ ਤੋਂ ਘੱਟ ਰੇਟ ਤੇ ਕਿਤਾਬਾਂ ਦੀ ਛਪਾਈ ਕਰਾਣੀ ਸੰਭਵ ਹੈ। ਮੇਰਾ ਯਕੀਨ ਹੀ ਨਹੀਂ ਸਗੋਂ ਨਿਸ਼ਚਿਤ ਮਣਨਾ ਹੈ ਕਿ ਇਕ ਕਿਤਾਬ ਦੀ ੧੧੦੦ ਛਾਪ ਦਾ ਖਰਚਾ ਟਾਈਪ ਸੈਟਿੰਗ ਤੋਂ ਬਾਦ ੧੦ ਪੈਸੇ ਪੇਜ ਤੋਂ ਵੱਧ ਨਹੀਂ ਪੈਣਾ ਚਾਹੀਦਾ ਤੇ ਇਸ ਤਰ੍ਹਾਂ ਕੋਈ ਵੀ ਕਿਤਾਬ ੨੦ ਪੈਸੇ ਦੇ ਹਿਸਾਬ ਨਾਲ ਵਿਕਰੀ ਲਈ ਰਖੀ ਜਾ ਸਕਦੀ ਹੈ। ਵਿਕਰੀ ਦਾ ਪ੍ਰਬੰਧ ਵੀ ਸਾਹਿਤ ਸਭਾਵਾਂ ਵਿਚ ਆਪਸੀ (ਬਰਾਬਰ ਮੁੱਲ ਦੇ) ਆਦਾਨ ਪ੍ਰਦਾਨ (ਵਟਾਂਦਰੇ) ਅਤੇ ਲੇਖਕਾਂ ਦੇ ਸਾਮੂਹਿਕ ਪ੍ਰਯਾਸ ਨਾਲ ਸਫਲ ਹੋ ਸਕਦਾ ਹੈ। ਸਿਰਫ ਪਹਿਲਾ ਕਦਮ ਸਹੀ ਦਿਸ਼ਾ ਵਲ ਪੁੱਟ ਕੇ ਹੀ ਪਾਠਕਾਂ ਦੇ ਕਾਫਲੇ ਪੁਸਤਕਾਂ ਵਲ ਪ੍ਰੇਰੇ ਜਾ ਸਕਦੇ ਹਨ।

**ਛੋਟੀਆਂ ਗੱਲਾਂ**

—ਮੂਰਖਾਂ ਭਾਣੇ ਵੱਡੀ ਤੋਂ ਵੱਡੀ ਗੱਲ ਕੋਈ ਅਰਥ ਨਹੀਂ ਰੱਖਦੀ ਪਰ ਵੇਖਣ ਜਾਂ ਸਮਝਣ ਵਾਲਿਆਂ ਲਈ ਬਿਰਛ ਦੇ ਨਿੱਕੇ ਜਹੇ ਪੱਤੇ ਦਾ ਬੂਟੇ ਲੈਣਾ ਵੀ ਅਰਥ ਰੱਖਦਾ ਹੈ।

—ਹਰ ਇਕ ਚੀਜ਼ ਦੀ ਯੋਗ ਥਾਂ ਹੈ, ਛੋਟੀ ਚੀਜ਼ ਕੋਈ ਨਹੀਂ, ਛੋਟੀ ਸਾਡੀ ਸਮਝ ਹੈ ਜੋ ਏਸ ਦੁਨੀਆ ਦੀ ਅਪਾਰ ਤੇ ਅਸਗਾਹ ਵਡਿਆਈ ਦੀਆਂ ਬਰੀਕੀਆਂ ਨਹੀਂ ਸਮਝਦੀ।

*—ਲਾਲ ਸਿੰਘ ਕਮਲਾ ਅਕਾਲੀ*



Namdhari Elibrary NamdhariElibrary@gmail.com

# ਗੁਰਮਤਿ ਸੰਗੀਤ ਤੇ ਸ਼ਾਸਤਰੀ ਸੰਗੀਤ ਵਿਚ ਸਿੱਖ ਸਾਰੰਗੀ ਵਾਦਨ

*— ਡਾ. ਗੁਰਦਿੱਤ ਸਿੰਘ*

ਸਾਰੰਗੀ ਭਾਰਤ ਦਾ ਮਹੱਤਵਪੂਰਨ ਸਾਜ਼ ਹੈ। ਸਾਰੰਗੀ ਦੇ ਨਾਮ ਉੱਪਰ ਕਈ ਲੋਕ ਸਾਜ਼ ਵੀ ਮਿਲਦੇ ਹਨ, ਜਿਵੇਂ ਸਿੰਧੀ ਸਾਰੰਗੀ, ਜੋਗੀਆ ਸਾਰੰਗੀ, ਧਾਨੀ ਸਾਰੰਗੀ, ਗੁਜਰਾਤਨ ਸਾਰੰਗੀ, ਅਲਬੂ ਸਾਰੰਗੀ ਆਦਿ।[1] ਪੰਜਾਬ ਵਿਚ ਵੀ ਲੋਕ ਗਾਇਨ ਵਿਚ ਇਕ ਸਾਰੰਗੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਨਾਲ ਢੱਡ ਨਾਮ ਦੇ ਅਵਨੱਧ ਸਾਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨੂੰ 'ਢੱਡ-ਸਾਰੰਗੀ' ਵੀ ਕਿਹਾ ਜਾਂਦਾ ਹੈ। ਦੋਵੇਂ ਸਾਜ਼ ਪੰਜਾਬ ਦੇ ਲੋਕ ਗੀਤਾਂ ਵਿਚ ਇਕੱਠੇ ਵੱਜਦੇ ਹਨ। ਪੰਜਾਬ ਵਿਚ ਢਾਡੀ ਜਥੇ ਸਿੱਖਾਂ ਦੇ ਧਾਰਮਿਕ ਮੰਚ ਉਪਰ ਇਸ ਨਾਲ ਵਾਰ ਗਾਇਨ ਕਰਦੇ ਹਨ। ਪਰ ਗੁਰਮਤਿ ਸੰਗੀਤ (ਰਾਗਾਤਮਕ ਸ਼ਬਦ ਕੀਰਤਨ) ਅੰਦਰ ਇਸ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ।

ਡਾ. ਗੁਰਨਾਮ ਸਿੰਘ ਲਿਖਦੇ ਹਨ, "ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਉੱਤੇ ਵਾਚੀਏ ਤਾਂ ਵੱਖ-ਵੱਖ ਕਾਲਾਂ ਵਿਚ ਪ੍ਰਚੱਲਤ ਪ੍ਰਮੁੱਖ ਸਾਜ਼ ਰਬਾਬ ਸਾਰੰਦਾ, ਤਾਊਸ, ਦਿਲਰੁਬਾ, ਮਿਰਦੰਗ, ਜੋੜੀ (ਤਬਲਾ), ਢੱਡ, ਸਾਰੰਗੀ ਆਦਿ ਵਿਸ਼ੇਸ਼ ਰਹੇ ਹਨ। ਇਹਨਾਂ ਸਾਜ਼ਾਂ ਨੂੰ ਅਸੀਂ ਸ਼ਬਦ ਕੀਰਤਨ ਦੀਆਂ ਵੱਖ ਵੱਖਰੀਆਂ ਪ੍ਰਣਾਲੀਆਂ ਅਨੁਸਾਰ ਵੀ ਵੰਡ ਸਕਦੇ ਹਾਂ। ਜਿਵੇਂ ਕਿ ੧. ਸ਼ਬਦ ਕੀਰਤਨ ਦੀ ਰਾਗਾਤਮਕ ਪਰੰਪਰਾ ਦੇ ਨਾਲ ਰਬਾਬ, ਸਰੰਦਾ, ਤਾਊਸ, ਦਿਲਰੁਬਾ, ਤਾਨਪੁਰਾ, ਮਿਰਦੰਗ, ਪਖਾਵਜ ਜੋੜੀ ਵਰਗੇ ਸਾਜ਼ ਪ੍ਰਯੋਗ ਹੁੰਦੇ ਰਹੇ। ੨. ਵਾਰ ਗਾਇਨ ਦੀ ਲੋਕ ਸੰਗੀਤਕ ਪਰੰਪਰਾ ਨਾਲ ਢੱਡ ਸਾਰੰਗੀ ਦਾ ਪ੍ਰਯੋਗ ਸੰਗੀਤ ਇਤਿਹਾਸ ਦਾ ਹਿੱਸਾ ਹੈ।"[2]

ਡਾ. ਸਾਹਿਬ ਨੇ 'ਸਾਰੰਗੀ' ਨੂੰ ਸ਼ਬਦ ਕੀਰਤਨ ਦੀ ਰਾਗਾਤਮਕ ਪਰੰਪਰਾ 'ਚ ਰੱਖਣ ਦੀ ਬਜਾਏ ਲੋਕ ਸੰਗੀਤਕ ਪਰੰਪਰਾ ਅਧੀਨ ਰੱਖਿਆ ਹੈ, ਭਾਵ ਕਿ 'ਸਾਰੰਗੀ' ਦਾ ਰਾਗਾਤਮਕ ਸ਼ਬਦ ਕੀਰਤਨ ਵਿਚ ਪ੍ਰਚਲਨ ਨਹੀਂ ਹੈ।

ਡਾ. ਜਸਬੀਰ ਸਿੰਘ 'ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਪਰੰਪਰਾ' ਬਾਰੇ ਲਿਖਦੇ ਹਨ, "ਇੱਥੇ ਰਬਾਬ ਦੇ ਨਾਲ-ਨਾਲ ਸਾਰੰਦਾ, ਤਾਊਸ, ਦਿਲਰੁਬਾ, ਵਾਇਲਨ ਆਦਿ ਤੰਤੀ ਸਾਜ਼ ਤਾਂ ਵਜਾਏ ਜਾਂਦੇ ਹਨ, ਪਰ ਸਾਰੰਗੀ ਆਦਿ ਵਜਾਉਣ ਦੀ ਆਗਿਆ ਨਹੀਂ। ਇਹ ਸਾਜ਼ ਭਾਵੇਂ ਸੁਰੀਲਾ ਹੈ ਪਰ ਆਪਣੀ ਭਰਵੀਂ ਅਵਾਜ਼ ਕਾਰਨ ਸਹਿਜ ਭਾਵ ਨੂੰ ਕਾਇਮ ਰੱਖਣ ਦੇ ਅਸਮਰਥ ਹੈ।"[3]

ਡਾ. ਸਾਹਿਬ ਨੇ ਸਾਰੰਗੀ ਦੀ ਮਨਾਹੀ ਦਾ ਸਪੱਸ਼ਟ ਕਾਰਨ ਤਾਂ ਨਹੀਂ ਦੱਸਿਆ; ਪਰ ਜੇ ਇਸ ਦੀ ਭਰਵੀਂ ਅਵਾਜ਼ ਦਾ ਅੜਿੱਕਾ ਮੰਨ ਲਈਏ ਤਾਂ ਇਹ ਵੀ ਠੀਕ ਨਹੀਂ। ਸਾਰੰਗੀ ਹਰ ਤਰ੍ਹਾਂ ਦੇ ਭਾਵ ਪ੍ਰਗਟ ਕਰਨ ਲਈ ਸਮੱਰਥ ਹੈ। ਇਸ ਕਰਕੇ ਇਹ ਸ਼ਾਸਤਰੀ, ਉਪ-ਸ਼ਾਸਤਰੀ ਅਤੇ ਸੁਗਮ ਸੰਗੀਤ ਲਈ ਢੁੱਕਵੀਂ ਹੈ। ਡਾ. ਬਾਰਟਨ ਦੁਆਰਾ ਸਾਜ਼ ਨੂੰ ਸਰਵੋਤਮ ਘੋਸ਼ਿਤ ਕਰਨ ਦੇ ਸਾਰੇ ਸੱਤ ਪਹਿਲੂਆਂ 'ਤੇ ਸਾਰੰਗੀ ਖਰੀ ਉੱਤਰਦੀ ਹੈ ਤੇ ਧਰੁਪਦ, ਖਿਆਲ, ਠੁਮਰੀ, ਟੱਪਾ, ਸੁਗਮ ਸੰਗੀਤ ਆਦਿ ਲਈ ਢੁੱਕਵਾਂ ਸਾਜ਼ ਹੈ।[4]

ਸਾਬਕਾ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਤੇ ਸਾਬਕਾ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕਿਰਪਾਲ ਸਿੰਘ ਲਿਖਦੇ ਹਨ, "ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਇਨ੍ਹਾਂ ਸਾਜ਼ਾਂ ਦੀ ਮਨਾਹੀ ਹੈ : ਮੁਰਲੀ (ਬੰਸਰੀ) ਨਗੋਜ਼ੇ, ਇਕਤਾਰਾ, ਸਾਰੰਗੀ।"[5]

ਜਥੇਦਾਰ ਜੀ ਨੇ ਸਾਰੰਗੀ ਦੀ ਮਨਾਹੀ ਦਾ ਵਰਣਨ ਤਾਂ ਕੀਤਾ ਹੈ ਪਰ ਕਾਰਨ ਨਹੀਂ ਦੱਸਿਆ।

ਮੋਨਿਕਾ ਮੇਹਰਾ ਅਨੁਸਾਰ, 'सारंगी' का सम्बन्ध वेश्या समाज के साथ होने के कारण उसके प्रति समाज में घृणा व्याप्त थी। ऐसे समय में 'सारंगी' से मिलते-जुलते वाद्य 'सारिन्दा' का आविष्कार हुआ।[6]

ਸਾਰੰਦਾ ਦਾ ਅਵਿਸ਼ਕਾਰ ਤੀਸਰੇ ਪਾਤਸ਼ਾਹ ਸਤਿਗੁਰੂ ਅਮਰਦਾਸ ਜੀ ਦੇ ਸਮੇਂ ਹੋਇਆ। ਭਾਵ ਸਾਰੰਗੀ ਵੇਸਵਾਵਾਂ ਦਾ ਸੰਗੀਤ ਸਾਜ਼ ਹੋਣ ਕਾਰਨ, ਉਸੇ ਸਮੇਂ ਤੋਂ ਸਿੱਖਾਂ ਦੇ ਗੁਰਬਾਣੀ ਸੰਗੀਤ ਤੋਂ ਅਵੇਸਲਾ ਰਿਹਾ। ਕੋਈ ਸਮਾਂ ਸੀ, ਜਦੋਂ ਸਾਰੰਗੀ ਵਾਦਕ ਕੋਠਿਆਂ ਉੱਪਰ ਖੜ੍ਹੇ ਹੋ ਕੇ ਸਾਰੰਗੀ ਨੂੰ ਲੱਕ ਨਾਲ ਬੰਨ੍ਹ ਕੇ ਜਾਂ ਕਮਰੇ ਦੇ ਇਕ ਕੋਨੇ ਵਿਚ ਬੈਠ ਕੇ ਅਪਮਾਨਜਨਕ ਸਥਿਤੀ ਵਿਚ ਤਵਾਇਫ਼ਾਂ ਨਾਲ ਸੰਗਤ ਕਰਦੇ ਸਨ। ਅੱਜ ਹਾਲਾਤ ਬਦਲ ਗਏ ਹਨ। ਪਿਛਲੇ ਪੰਜ-ਛੇ ਦਹਾਕਿਆਂ ਵਿਚ ਦੇਸ਼ ਦੇ ਨਾਮਵਰ ਸਾਰੰਗੀ ਵਾਦਕਾਂ ਨੇ ਆਪਣੀ ਕਠਿਨ ਸਾਧਨਾ ਨਾਲ ਸਾਰੰਗੀ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਮੁਕਤ ਵਾਦਨ ਦੇ ਰੂਪ ਵਿਚ ਪ੍ਰਤਿਸ਼ਠਿਤ ਕਰਨ ਵਿਚ ਕਾਮਯਾਬੀ ਪ੍ਰਾਪਤ ਕੀਤੀ ਹੈ।[7]

ਸਤਿਗੁਰੂ ਜੀ ਨੇ (ਸਤਿਗੁਰੂ ਜਗਜੀਤ ਸਿੰਘ ਨੇ ਸੰ.) ਇਸ ਸਾਜ਼ ਦੀਆਂ ਖੂਬੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਨੂੰ ਕੀਰਤਨ ਵਿਚ ਸਤਿਕਾਰਯੋਗ ਸਥਾਨ ਦਿੱਤਾ। ਆਪ ਜੀ ਨੇ ਸੁਰਜੀਤ ਸਿੰਘ ਨੂੰ ਪੰ. ਰਾਮ ਨਰਾਇਣ ਜੀ ਤੋਂ ਸਾਰੰਗੀ ਦੀ ਸਿੱਖਿਆ ਦਿਵਾਈ ਅਤੇ ਇਸਨੂੰ ਆਪਣੇ ਕੀਰਤਨ ਵਿਚ ਸ਼ਾਮਿਲ ਕੀਤਾ। ਸਤਿਗੁਰੂ ਜੀ ਦੇ ਦਰਬਾਰ ਤੋਂ ਬਾਹਰ ਸਾਰੰਗੀ ਨਾਲ ਕੀਰਤਨ ਕਰਨ ਵਾਲਿਆਂ 'ਚ ਸ੍ਰੀ ਸ਼ਮਿੰਦਰਪਾਲ ਸਿੰਘ[8] (ਆਕਾਸ਼ਬਾਣੀ ਜਲੰਧਰ ਦੇ ਕਲਾਕਾਰ) ਅਤੇ ਸ੍ਰੀ ਸੁਰਿੰਦਰ ਸਿੰਘ (ਲੰਡਨ) ਦੇ ਨਾਮ ਆਉਂਦੇ ਹਨ, ਇਹ ਦੋਵੇਂ ਵਿਅਕਤੀ ਭਾਵੇਂ ਗੈਰ ਨਾਮਧਾਰੀ ਹਨ, ਪਰ ਇਹਨਾਂ ਦੋਵਾਂ ਦੁਆਰਾ ਸਾਰੰਗੀ ਨਾਲ ਕੀਰਤਨ ਕਰਨ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਿੱਧੇ ਤੇ ਅਸਿੱਧੇ ਰੂਪ ਵਿਚ ਯੋਗਦਾਨ ਹੈ। ਸ੍ਰੀ ਸ਼ਮਿੰਦਰਪਾਲ



Namdhari Elibrary NamdhariElibrary@gmail.com

ਨੂੰ ਸਤਿਗੁਰੂ ਜੀ ਨੇ ਸਾਰੰਗੀ ਦੀ ਸਿੱਖਿਆ ਉਸਤਾਦ ਸਾਬਰੀ ਖਾਂ ਸਾਹਿਬ ਤੋਂ ਦਿਵਾਈ। ਉਨ੍ਹਾ ਦੀ ਸਿੱਖਿਆ ਦਾ ਪ੍ਰਬੰਧ ਤੇ ਰਹਿਣ-ਸਹਿਣ ਦਾ ਮੁੱਢਲਾ ਖਰਚਾ ਵੀ ਸਤਿਗੁਰੂ ਜੀ ਨੇ ਚੁੱਕਿਆ ਸੀ। ਸਾਰੰਗੀ ਦੀ ਸਿੱਖਿਆ ਦਿਵਾਈ ਤਾਂ ਹੀ ਉਹ ਅੱਜ ਕੀਰਤਨ ਕਰਨ ਦੇ ਯੋਗ ਬਣੇ। ਸਾਰੰਗੀ ਨਾਲ ਕੀਰਤਨ ਕਰਨ ਵਾਲੇ ਦੂਸਰੇ ਵਿਅਕਤੀ ਸੁਰਿੰਦਰ ਸਿੰਘ ਹਨ, ਇਹ ਸਤਿਗੁਰੂ ਜੀ ਦੀ ਸ਼ਿਸ਼ ਪਰੰਪਰਾ ਦੀ ਦੂਸਰੀ ਪੀੜ੍ਹੀ 'ਚੋਂ ਹਨ। ਸਤਿਗੁਰੂ ਜੀ ਦੇ ਸ਼ਗਿਰਦ ਸੁਰਜੀਤ ਸਿੰਘ ਤੋਂ ਇਹਨਾਂ ਨੇ ਸਾਰੰਗੀ ਦੀ ਸਿੱਖਿਆ ਲਈ। ਸਤਿਗੁਰੂ ਜੀ ਦੁਆਰਾ ਕੀਰਤਨ ਵਿਚ ਸਾਰੰਗੀ ਵਾਦਨ ਦੇ ਯਤਨਾਂ ਦਾ ਹੀ ਨਤੀਜਾ ਨਿਕਲਿਆ ਕਿ ਆਪ ਜੀ ਦੇ ਸ਼ਗਿਰਦ ਨੇ ਅੱਗੇ ਚੇਲਾ ਤਿਆਰ ਕੀਤਾ ਜਿਹੜਾ ਵਿਦੇਸ਼ਾਂ ਵਿਚ ਕੀਰਤਨ ਕਰ ਰਿਹਾ ਹੈ। ਸ੍ਰੀ ਸੁਰਜੀਤ ਸਿੰਘ ਦੇ ਸ਼ਗਿਰਦ ਰਣਬੀਰ ਸਿੰਘ ਤੇ ਤਿਰਲੋਚਨ ਸਿੰਘ (ਲਾਲੀ) ਵੀ ਸਾਰੰਗੀ ਨਾਲ ਗਾ ਕੇ ਕੀਰਤਨ ਕਰਦੇ ਹਨ।

ਜੂਨੀਅਰ ਗਰੁੱਪ 'ਚੋਂ ਵਰਤਮਾਨ ਸਮੇਂ ਸਤਿਪਾਲ ਸਿੰਘ, ਕਰਮ ਸਿੰਘ ਸਪੁੱਤਰ ਕੁਲਦੀਪ ਸਿੰਘ, ਕਰਮ ਸਿੰਘ ਸਪੁੱਤਰ ਕਸ਼ਮੀਰ ਸਿੰਘ, ਜੈ ਸਿੰਘ ਆਦਿ ਹੋਰ ਛੋਟੇ ਬੱਚੇ ਸਾਰੰਗੀ ਨਾਲ ਖ਼ੁਦ ਗਾ ਕੇ ਕੀਰਤਨ ਕਰਦੇ ਹਨ ਤਾਂ ਲੋਕ ਹੈਰਾਨ ਰਹਿ ਜਾਂਦੇ ਹਨ।

ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੱਕ ਕਿਸੇ ਸਿੱਖ ਸਾਰੰਗੀਵਾਦਕ ਦਾ ਨਾਮ ਨਹੀਂ ਮਿਲਦਾ। ਸ੍ਰੀ ਸੁਰਜੀਤ ਸਿੰਘ ਦੀ ਸਾਰੰਗੀ ਦੇ ਨਾਲ ਹੀ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਸਿੱਖਾਂ ਦਾ ਪਰਵੇਸ਼ ਹੋਇਆ।[9] ਸੁਰਜੀਤ ਸਿੰਘ ਦੇਸ਼ ਦੇ ਦਿੱਲੀ, ਬੰਗਲੋਰ, ਚੰਡੀਗੜ੍ਹ, ਭੋਪਾਲ, ਔਰੰਗਾਬਾਦ, ਜੰਮੂ ਅਤੇ ਜਲੰਧਰ ਆਦਿ ਸ਼ਹਿਰਾਂ ਵਿਚ ਸਫਲ ਇਕੱਲਾ ਵਾਦਨ ਕਰ ਚੁੱਕੇ ਹਨ। ਵਿਦੇਸ਼ਾਂ 'ਚੋਂ ਕੀਨੀਆ, ਇੰਗਲੈਂਡ, ਥਾਈਲੈਂਡ ਵਿਚ ਸਾਰੰਗੀ ਦੇ ਇਕੱਲੇ ਵਾਦਨ ਤੋਂ ਇਲਾਵਾ ਉਸਤਾਦ ਸਲਾਮਤ ਅਲੀ ਖਾਂ, ਪੰ. ਰਾਜਨ-ਸਾਜਨ ਮਿਸ਼ਰਾ ਆਦਿ ਨਾਲ ਸੰਗਤ ਕਰ ਚੁੱਕੇ ਹਨ। ਲੰਡਨ ਦੇ ਪ੍ਰਸਿੱਧ ਸੰਗੀਤ ਸੰਯੋਜਕ ਰੋਬਰਟ ਪਲਾਂਟ ਦੇ ਸੰਗੀਤ ਸੰਯੋਜਨ ਨਾਲ ਸੀ.ਡੀ. ਅਤੇ ਐਲ. ਪੀ. ਰਿਕਾਰਡਜ਼ ਵਿਚ ਵਜਾ ਚੁੱਕੇ ਹਨ।

ਸ਼ਮਿੰਦਰਪਾਲ ਸਿੰਘ ਆਕਾਸ਼ਵਾਣੀ ਦੇ ਕਲਾਕਰ ਹਨ। ਸ੍ਰੀ ਜਸਪਾਲ ਸਿੰਘ ਰੰਧਾਵਾ (ਕੈਨੇਡਾ) (ਸ਼ਗਿਰਦ ਸੁਲਤਾਨ ਖਾਂ) ਤੇ ਰਣਬੀਰ ਸਿੰਘ ਵੀ ਕੁਸ਼ਲ ਸਾਰੰਗੀ ਵਾਦਕ ਹਨ। ਸਾਰੰਗੀ ਦੀ ਸਿਖਲਾਈ ਲਈ ਪਹਿਲਾਂ ਸ੍ਰੀ ਸੁਰਜੀਤ ਸਿੰਘ (ਸ਼ਗਿਰਦ ਪੰ. ਰਾਮ ਨਰਾਇਣ) ਅਤੇ ਅੱਜ-ਕੱਲ੍ਹ ਸ੍ਰੀ ਪ੍ਰਭੂ ਸਹਾਇ (ਸ਼ਗਿਰਦ ਸਵਰਗੀ ਹਨੂਮਾਨ ਮਿਸ਼ਰਾ) ਨੂੰ ਨਿਯੁਕਤ ਕੀਤਾ ਹੈ। 'ਪ੍ਰਭੂ' ਜੀ ਦੇ ਸ਼ਗਿਰਦਾਂ 'ਚੋਂ ਸਤਿਪਾਲ ਸਿੰਘ ਅਤੇ ਕਰਮ ਸਿੰਘ (ਸਪੁੱਤਰ ਕੁਲਦੀਪ ਸਿੰਘ) ਨੇ ਹਰਿਬੱਲਭ ਸੰਗੀਤ ਸੰਮੇਲਨ ਵਿਚ ਇਸਟਰੂਮੈਂਟ ਮਿਊਜ਼ਿਕ ਪ੍ਰਤੀਯੋਗਤਾ 'ਚੋਂ ਕ੍ਰਮਵਾਰ ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਹਨਾਂ ਤੋਂ ਇਲਾਵਾ ਕਰਮ ਸਿੰਘ (ਸਪੁੱਤਰ ਕਸ਼ਮੀਰ ਸਿੰਘ), ਜੈ ਸਿੰਘ, ਹਰਦੀਪ ਸਿੰਘ (ਲੁਧਿਆਣਾ), ਗੁਰਭਗਤ ਸਿੰਘ, ਲਖਵਿੰਦਰ ਸਿੰਘ (ਮੰਡੀ), ਪ੍ਰਭਜੋਤ ਸਿੰਘ (ਲੁਧਿਆਣਾ), ਹਰਵਿੰਦਰ ਸਿੰਘ (ਹਿੰਦਾ), ਸ਼ੰਮੀ, ਪਿਆਰਾ ਸਿੰਘ, ਦਰਸ਼ਨ ਸਿੰਘ (ਮਾਛੀਵਾੜਾ) ਆਦਿ ਸ਼ਾਸਤਰੀ ਸੰਗੀਤ ਦੀ ਸਿੱਖਿਆ ਲੈ ਰਹੇ ਹਨ।

ਡਾ. ਸੁਰੇਸ਼ਵ੍ਰਤ ਰਾਏ ਸਾਰੰਗੀ ਪ੍ਰਤੀ ਚਿੰਤਾ ਪ੍ਰਗਟ ਕਰਦੇ ਲਿਖਦੇ ਹਨ, "अगले पाँच या दस वर्षों में जब सारंगी-वादकों की वर्तमान पीढ़ी चूक जाएगी, तब सारंगी की जगह लेने वाले ढूँढ़ने की असल समस्या खड़ी होगी और तब सारंगी बजाने वाले ढूँढ़ने पर भी नहीं मिलेंगे।"[10]

ਦੇਸ਼ ਪਾਂਡੇ ਤੇ ਰਾਤਾਂਜਨਕਰ ਅਨੁਸਾਰ, 'ऐसी सम्भावना है कि वीणा और मृदंग की भान्ति सारंगी भी प्रचलन से बाहर हो जाएगी।[11]

ਡਾ. ਬਾਵਰਾ ਅਨੁਸਾਰ, ' भारत में गिनती के सारंगी वादक दिखाई पड़ते हैं और पंजाब में इनका सर्वथा अभाव हो गया है।[12]

ਪੰਜਾਬ ਵਿਚ ਸਾਰੰਗੀ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਹੇਠ ਹੀ ਸੁਣਨ ਨੂੰ ਮਿਲਦੀ ਹੈ। ਉਪਰੋਕਤ ਲੇਖਕਾਂ ਦੀ ਚਿੰਤਾ ਜਾਇਜ਼ ਹੈ, ਪਰ ਸਤਿਗੁਰੂ ਜੀ ਨੇ ਅਪ੍ਰਚਲਿਤ ਹੋ ਰਹੇ ਇਸ ਸਾਜ਼ ਦੀ ਸਿੱਖਿਆ ਦਾ ਪ੍ਰਬੰਧ ਕਰਕੇ ਚਿੰਤਾ ਘਟਾਉਣ ਦਾ ਯਤਨ ਕੀਤਾ ਹੈ।

**ਟਿੱਪਣੀਆਂ ਤੇ ਹਵਾਲੇ :-**


1. संगीत (पत्रिका), नवम्बर २००२, पृष्ठ-२५
2. ਅੰਮ੍ਰਿਤ ਕੀਰਤਨ (ਪੱਤ੍ਰਿਕਾ), ਜੂਨ-੨੦੦੨, ਪੰਨਾ. ੬
3. ਗੁਰਮਤਿ ਪ੍ਰਕਾਸ਼ (ਪੱਤ੍ਰਿਕਾ), ਅਕਤੂਬਰ-੧੯੯੧, ਪੰਨਾ ੨੨
4. संगीत (पत्रिका) नवम्बर, २००२, पृष्ठ-२६
5. ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, ਪੰਨਾ. ੨੨੭
6. संगीत (पत्रिका) गुरमति संगीत अंक, जनवरी-फरवरी १९९७, पृष्ठ-१०५
7. संगीत (पत्रिका) सहस्राब्दी अंक, पृष्ठ-९८
8. ਅੰਮ੍ਰਿਤ ਕੀਰਤਨ (ਪੱਤ੍ਰਿਕਾ), ਫਰਵਰੀ-੨੦੦੪, ਪੰਨਾ ੨੧
9. ਸ੍ਰੀ ਸੁਰਜੀਤ ਸਿੰਘ ਸਾਰੰਗੀ, ਭੇਂਟ ਵਾਰਤਾ (੦੯-੩-੨੦੦੪, ਸ੍ਰੀ ਭੈਣੀ ਸਾਹਿਬ)
10. संगीत (पत्रिका) नवम्बर २००२, पृष्ठ-३०
11. वही, पृष्ठ-२८
12. भारतीय संगीत की उत्पति एवं विकास, डा. जोगिन्द्र बावरा, पृष्ठ-२३४





Namdhari Elibrary NamdhariElibrary@gmail.com

# ਸੰਗੀਤ ਵਿਚ ਨਿਬੱਧ ਅਤੇ ਅਨਿਬੱਧ ਦੀ ਕਲਪਨਾ ਅਤੇ ਸਿਰਜਣਾਤਮਕਤਾ

*—ਨੀਰਜ*
*ਲੈਕਚਰਾਰ ਸੰਗੀਤ ਸਾਜ਼*
*ਸੈਂਟ ਸੋਲਜਰ ਕਾਲਜ, ਬਸਤੀ ਦਾਨਿਸ਼ਮੰਦਾਂ, ਜਲੰਧਰ*

ਜੀਵਨ ਤੋਂ ਪਹਿਲਾ ਕੁਦਰਤ ਸਿਫਰ ਸੀ। ਸਭ ਤੋਂ ਪਹਿਲਾਂ ਬ੍ਰਹਿਮਾਂਡ ਦੀ ਰਚਨਾ ਵਿਚ ਧਰਤੀ ਉਪਰ ਜੀਵਨ ਦਾ ਆਰੰਭ ਹੋਇਆ। ਇਸ ਸਭ ਦਾ ਸਿਰਜਣਹਾਰ ਪ੍ਰਮਾਤਮਾ ਹੈ। ਪ੍ਰਮਾਤਮਾ ਦੀ ਸਿਰਜਣਾਤਮਕਤਾ ਵਿੱਚ ਸੌਰ ਮੰਡਲ ਵਿੱਚ ਇਕ ਸੂਰਜ ਅਤੇ ਨੌਂ ਗ੍ਰਹਿਾਂ ਦੀ ਸਿਰਜਣਾ ਹੋਈ। ਕੁਦਰਤ ਦੀ ਸਿਰਜਣਾ ਤੋਂ ਬਾਅਦ ਸਾਡੇ ਸਰੀਰ ਦੀ ਸਿਰਜਣਾ ਪੰਜਾਂ ਤੱਤਾਂ ਨਾਲ ਮਿਲ ਕੇ ਹੋਈ। ਮਨੁੱਖ ਵਿੱਚ ਪੰਜ ਗਿਆਨ ਇਦੰਰੀਆ ਦਾ ਸਿਰਜਣ ਹੋਇਆ। ਜਿਸ ਤਰਾਂ ਕਲਾ ਜਗਤ ਵਿਚ ਪੰਜ ਕਲਾਵਾਂ ਦਾ ਸਿਰਜਣ ਹੋਇਆ। ਜਿਨ੍ਹਾ ਵਿੱਚ ਕਾਵਿ ਕਲਾ, ਚਿੱਤਰਕਲਾ, ਵਾਸਤੂਕਲਾ, ਸੰਗੀਤ ਕਲਾ ਅਤੇ ਮੂਰਤੀ ਕਲਾ ਆਦਿ ਲਲਤਿ ਕਲਾਵਾਂ ਨੂੰ ਸ਼ਾਮਿਲ ਕਰਦੇ ਹਾਂ। ਸਿਰਜਣਾਤਮਕਤਾ ਜਾਂ ਰਚਨਾਤਮਕਤਾ ਦਾ ਚਿੰਤਨ ਸਭ ਤੋਂ ਉੱਚ ਕੋਟੀ ਦਾ ਚਿੰਤਨ ਹੈ। ਰਚਨਾਤਮਕ ਚਿੰਤਨ ਮਨੁੱਖ ਦੇ ਹਿਤ ਦੇ ਉਦੇਸ਼ ਨੂੰ ਲੈ ਕੇ ਨਵੀ ਰਚਨਾ ਦੇ ਲਈ ਕੀਤਾ ਜਾਂਦਾ ਹੈ।

ਸਿਰਜਣ ਇੱਕ ਇਸ ਤਰ੍ਹਾਂ ਦੀ ਕਿਰਿਆ ਹੈ ਜਿਸ ਵਿਚ ਸਿਰਜਣਹਾਰ ਲੀਨ ਹੋਕੇ ਕਲਾ ਦੀ ਪੂਜਾ ਕਰਦਾ ਹੈ ਸਿਰਜਣ ਨੂੰ ਤੱਪਸਿਆ ਮੰਨਿਆ ਗਿਆ ਹੈ।

ਕਲਾ ਦੇ ਖੇਤਰ ਵਿਚ ਸਿਰਜਣਾਤਮਕਤਾ ਦੀ ਆਪਣੀ ਵੱਖਰੀ ਜਗ੍ਹਾ ਹੈ। ਦੂਸਰੀਆਂ ਲਲਿਤ ਕਲਾਵਾਂ ਦੀ ਤਰ੍ਹਾਂ ਕਲਾਕਾਰ ਸੰਗੀਤ ਕਲਾ ਵਿਚ ਵੀ ਆਪਣੀ ਕਲਪਨਾ ਸ਼ਕਤੀ ਨਾਲ ਨਵੇਂ-ਨਵੇਂ ਸਿਰਜਣ ਕਰਦਾ ਹੈ। ਸਿਰਜਣ ਦਾ ਕੰਮ ਕਲਾਕਾਰ ਦੀ ਕਲਪਨਾ ਸ਼ਕਤੀ ਅਤੇ ਉਸਦੀ ਯੋਗਤਾ ਤੇ ਨਿਰਭਰ ਕਰਦਾ ਹੈ। ਹਰੇਕ ਕਲਾਕਾਰ ਦੀ ਕਲਪਨਾ ਸ਼ਕਤੀ, ਤਜਰਬਾ ਅਤੇ ਅਭਿਆਸ ਵੱਖਰਾ-ਵੱਖਰਾ ਹੁੰਦਾ ਹੈ। ਜਿਸਦੇ ਅਧਾਰ ਤੇ ਉਹ ਸਿਰਜਣ ਦਾ ਕੰਮ ਕਰਦਾ ਹੈ।

ਸੰਗੀਤ ਦਾ ਮਾਧਿਅਮ ਧਵਨਿ ਬਹੁਤ ਹੀ ਸੂਖਮ ਹੈ। ਇਸਦੀ ਸਿਰਜਣਾ ਨਾਦ ਤੋਂ ਹੋਈ ਹੈ। ਨਾਦ ਬ੍ਰਹਮ ਹੈ ਭਾਵ ਨਾਦ ਬ੍ਰਹਮ ਤੋਂ ਹੀ ਸਾਰੀ ਕੁਦਰਤ ਦੀ ਰਚਨਾ ਹੈ। ਸੰਗੀਤ ਵਿਚ ਅਵਾਜ਼ ਹੀ ਨਾਦ ਦੀ ਸਿਰਜਣਹਾਰ ਹੈ। ਨਾਦ ਸੁਰ ਦਾ ਸਿਰਜਣਹਾਰ ਹੈ ਜਿਸ ਨਾਲ ਸੰਗੀਤ ਕਲਾ ਨਾਦਾਤਮਕ ਹੋ ਜਾਂਦੀ ਹੈ। ਅਵਾਜ਼ ਹੀ ਸੰਗੀਤ ਨੂੰ ਉਜਾਗਰ ਕਰਨ ਦਾ ਇਕੋ ਸਾਧੰਨ ਹੈ। ਭਾਵੇਂ ਉਹ ਕੰਠ ਸੰਗੀਤ ਹੋਵੇ ਜਾਂ ਵਾਦ ਸੰਗੀਤ ਅਵਾਜ਼ ਇਕ ਇਸ ਤਰ੍ਹਾਂ ਦਾ ਤੱਤ ਹੈ ਜੋ ਹਰ ਜਗ੍ਹਾਂ ਤੇ ਹੈ ਇਸ ਲਈ ਨਾਦ ਅਵਾਜ ਦਾ ਇਕ ਮਜਬੂਤ ਰੂਪ ਹੈ। ਜਦੋਂ ਅਵਾਜ਼ ਵਿੱਚ ਠਹਿਰਾਵ, ਇਕਰੂਪਤਾ, ਅਟੁੱਟ ਅਤੇ ਗਿਣੇ ਹੋਏ ਅੰਦੋਲਣ ਹੋਣ ਤਾਂ ਸੰਗੀਤ ਮਈ ਅਵਾਜ਼ ਜਾਂ ਨਾਦ ਦੀ ਸਿਰਜਣਾ ਹੁੰਦੀ ਹੈ।

ਸ਼ਾਸਤਰਕਾਰਾਂ ਦੇ ਮੁਤਾਬਿਕ ਨਾਦ ਦੀ ਸਿਰਜਣਾ :- ਸੰਗੀਤ ਰਤਨਾਕਰ ਵਿੱਚ ਨਾਦ ਦੀ ਸਿਰਜਣਾ ਲਈ ਇਸ ਤਰ੍ਹਾਂ ਕਿਹਾ ਗਿਆ ਹੈ।

''नकारं प्राणातामानं दकारमनलं विदु:।

जात: प्राणाग्नि संयोगात्तेन नादोऽभिधीयते॥''

"ਨਾਦ ਸ਼ਬਦ ਵਿਚ ਦੋ ਅੱਖਰ ਹਨ 'ਨ' ਅਤੇ 'ਦ'। ਇਸ ਵਿਚ 'ਨ' ਪ੍ਰਾਣ ਦਾ ਸੂਚਕ ਹੈ ਅਤੇ 'ਦ' ਅੱਗ ਦਾ। ਪ੍ਰਾਣ ਤੋਂ ਭਾਵ ਹਵਾ ਅਤੇ ਅੱਗ ਤੋਂ ਭਾਵ ਗਰਮੀ। ਇਨ੍ਹਾਂ ਦੋਹਾਂ ਮੇਲ-ਨਾਲ ਨਾਦ ਦਾ ਸਿਰਜਣ ਹੁੰਦਾ ਹੈ।"[1] (ਅਨੁਵਾਦ ਸ਼ਲੋਕ ਸੰਖਿਆ ੬ ਸੰਗੀਤ ਰਤਨਾਕਰ) "ਬ੍ਰਹਦੇਸ਼ੀ ਵਿਚ ੨੨-੩ ਸਲੋਕ ਅਨੁਸਾਰ ਮਤੰਗ ਨੇ ਨਾਦ ਦੀ ਸਿਰਜਣਤਾ ਦੋ ਪਦਾਰਥਾਂ ਨਕਾਰ ਅਤੇ ਦਕਾਰ ਨਾਲ ਮੰਨੀ ਹੈ।[2] ਨਾਦ ਸਿਰਜਣਤਾ ਦੇ ਇਸ ਸ਼ਾਸਤਰ ਕਥਨ ਨਾਲ ਸਾਫ ਹੋ ਜਾਂਦਾ ਹੈ ਕਿ ਨਾਦ ਸ਼ਬਦ ਦੀ ਸਿਰਜਣਾ 'ਨਦ' ਧਾਤੂ ਤੋਂ ਹੋਈ ਹੈ। ਜਿਸ ਦਾ ਅਰਥ ਹੈ ਅਵਿਅਕਤ ਆਵਾਜ਼। ਇਸ ਅਵਿਅਕਤ ਆਵਾਜ਼ ਦੇ ਦੋ ਵਿਅਕਤ ਰੂਪ ਹਨ। ਆਹਤ ਨਾਦ, ਅਨਾਹਤ ਨਾਦ। ਸੰਗੀਤ ਲਈ ਲਾਭਦਾਇਕ ਆਹਤਨਾਦ ਅਵਾਜ਼ ਨੂੰ ਪੈਦਾ ਕਰਕੇ ਉਹਨਾ ਨੂੰ ਸਿਰਜਨਾਤਮਕ ਰੂਪ ਦਿੰਦੀ ਹੈ। ਸੰਗੀਤ ਵਿਚ ਇਹਨਾਂ ਪੈਦਾ ਹੋਈਆਂ ਜਾਂ ਸਿਰਜੀਆਂ ਹੋਈਆਂ ਆਵਾਜਾਂ ਨੂੰ ਹੀ ਸ਼ਰੂਤੀ ਅਤੇ ਸਵਰ ਮੰਨਿਆ ਜਾਂਦਾ ਹੈ।

**ਸ਼ਰੂਤੀ** — ਰੰਜਕਤਾ ਦੀ ਕਸੌਟੀ ਤੇ ਸਿਰਜਤ ਜਾਂ ਪੈਦਾ ਹੋਈ ਸੰਗੀਤ ਲਈ ਲਾਭਦਾਇਕ ਨਾਦ ਜਾਂ ਅਵਾਜ਼ ਜਿਹੜੀ ਕੰਨ ਨਾਲ ਸਾਫ ਸੁਣੇ ਜਿਹੜੀ ਰੰਜਕ ਅਤੇ ਕੰਨ, ਮਨ ਅਤੇ ਆਤਮਾ ਨੂੰ ਸੁੱਖ ਦੇਵੇ, ਅਨੰਦ ਦੇਵੇ ਉਹੀ ਸ਼ਰੂਤੀ ਹੈ।

**ਸਵਰ**- ਸੰਗੀਤ ਦਾ ਨਿਵੇਕਲਾ ਰੂਪ ਹੈ। ਜਿਸਦਾ ਸਿਰਜਕ ਸ਼ਰੂਤੀ ਅਤੇ ਨਾਦ ਹੁੰਦਾ ਹੈ। ਨਾਦ ਨਾਲ ਸ਼ਰੂਤੀ ਅਤੇ ਸ਼ਰੂਤੀਆਂ ਨਾਲ ਸਵਰ ਪੈਦਾ ਹੁੰਦੇ ਹਨ। ਸਵਰ ਦੀ ਸਿਰਜਣਾਤਮਕਤਾ ਲਈ ਘੱਟ ਤੋਂ ਘੱਟ ਦੋ ਸ਼ਰੂਤੀਆਂ ਦਾ ਹੋਣਾ ਜ਼ਰੂਰੀ ਹੈ। ਸਵਰ ਦੀ ਹੋਂਦ



Namdhari Elibrary NamdhariElibrary@gmail.com

ਪ੍ਰਕਿਰਿਤੀ ਦੀ ਹੋਂਦ ਦੇ ਨਾਲ ਹੀ ਮੰਨੀ ਜਾਂਦੀ ਹੈ। ਜੱਦ ਪ੍ਰਕ੍ਰਿਤੀ ਦੀ ਸਿਰਜਣਾ ਹੋਈ ਉਦੋਂ ਹਰੇਕ ਚੀਜ਼ ਦੀ ਅਵਾਜ਼ ਵਿਚ, ਪੱਤਿਆਂ ਦੀ ਸਰਸਰਾਹਟ ਵਿਚ, ਹਵਾ ਦੀ ਸੰਨਸੰਨੀ ਵਿਚ, ਝਰਣਿਆਂ ਦੀ ਕਲ-ਕਲ ਵਿਚ ਇਕ ਸਿਰਜਣ ਸਵਰ ਹੈ।

ਇਤਿਹਾਸਕ ਪੱਖ ਨਾਲ ਵੇਖਿਆ ਜਾਏ ਤਾਂ ਸੁਰ ਸਿਰਜਣਾ ਦਾ ਇਤਿਹਾਸ ਉਨਾ ਹੀ ਪੁਰਾਣਾ ਹੈ ਜਿੰਨ੍ਹਾਂ ਨਾਦ ਅਤੇ ਸ਼ਰੁਤੀ ਦਾ। ਅੱਜ ਦਾ ਸੰਗੀਤ ਜਿਨ੍ਹਾਂ ਸਵਰਾਂ ਤੇ ਟਿਕਿਆ ਹੋਇਆ ਹੈ ਉਹ ਸੱਤ ਸੁਰ ਸਾਡੇ ਸੰਗੀਤ ਵਿਚ ਪ੍ਰਕ੍ਰਿਤੀ ਰਚਨਾ ਦੇ ਨਾਲ ਹੀ ਸਿਰਜਕ ਸਨ। ਵੈਦਿਕ ਸਮੇਂ ਤੋਂ ਲੈ ਕੇ ਇਨ੍ਹਾਂ ਸਿਰਜਣਾਤਮਕ ਸਵਰਾਂ ਦੇ ਨਾਵਾਂ ਵਿਚ ਬਦਲਾਵ ਹੁੰਦਾ ਹੋਇਆ ਅੱਜ ਇਹ ਸਤ ਸ਼ੁਧ ਸੁਰਾਂ ਦੀ ਵਿਆਖਿਆ ਪ੍ਰਾਪਤ ਕਰਕੇ ਪਕੇ ਤੌਰ ਤੇ ਸਿਰਜਕ ਸੰਗੀਤ ਦਾ ਅਧਾਰ ਬਣ ਗਏ ਹਨ।

ਸੰਗੀਤ ਦੇ ਸੱਤ ਸੁਰਾਂ ਦੀ ਸਿਰਜਣਾ ਵਿਚ ਕਈ ਵਿਦਵਾਨਾਂ ਦੇ ਅਨੁਸਾਰ ਪਹਿਲੇ ਪੰਜ ਸੁਰ ਹੀ ਪ੍ਰਧਾਨ ਸਨ ਅਤੇ ਬਾਕੀ ਦੇ ਗੌਣ ਰੂਪ ਵਿਚ ਹੀ ਸਨ। ਸਾਮਗਾਨ ਵਿਚ ਸਿਰਜਿਤ ਪਹਿਲੇ, ਦੂਜੇ, ਤੀਜੇ, ਚੌਥੇ ਅਤੇ ਮੰਦਰ ਇਹਨਾਂ ਪੰਜ ਸੁਰਾਂ ਨੂੰ ਹੀ ਮੁੱਖ ਮੰਨਿਆ ਜਾਂਦਾ ਹੈ। ਕਰੁਸ਼ਟ ਅਤੇ ਅਤਿ ਸਵਾਰਯ ਇਹ ਦੋਨੋ ਸਿਰਜਤ ਸੁਰ ਗੌਣ ਹਨ। ਗੰਧਰਵ ਗਾਣ ਵਿਚ ਸਿਰਜਤ ਪੰਜ ਸੁਰਾਂ ਦੇ ਨਾਮ ਲੜੀ ਵਾਰ ਮਧਿਅਮ, ਗੰਧਾਰ, ਰਿਸ਼ਭ, ਸ਼ਡਜ ਅਤੇ ਨਿਸ਼ਾਦ ਹਨ। ਸ਼ੈਵਗਾਨ ਵਿਚ ਲੜੀਵਾਰ ਸ਼ਡਜ, ਰਿਸ਼ਭ, ਗੰਧਾਰ, ਮਧਿਅਮ ਅਤੇ ਪੰਚਮ ਇਨ੍ਹਾਂ ਸੁਰਾਂ ਨੂੰ ਮੁੱਖ ਅਤੇ ਧੈਵਤ ਅਤੇ ਨਿਸ਼ਾਦ ਨੂੰ ਗੌਣ ਮੰਨਿਆ ਗਿਆ ਹੈ। ਮੁੱਖ ਅਤੇ ਗੌਣ ਇਹਨਾਂ ਦੋਹਾਂ ਦੇ ਮੇਲ ਨਾਲ ਸੱਤ ਸੁਰਾਂ ਨੂੰ ਸਿਰਜਿਆ ਗਿਆ। ਉਹਨਾਂ ਦੇ ਖੇਤਰ ਵਿਚ ਦੋ ਵਿਚਾਲੇ ਸਿਰਜਤ ਸੁਰ ਵੀ ਆਉਂਦੇ ਹਨ। ਜਿਹੜੇ ਅੰਤਰ ਅਤੇ ਕਾਕਲੀ ਦੇ ਨਾਮਾਂ ਨਾਲ ਮਸ਼ਹੂਰ ਹਨ। ਇਸ ਤੋਂ ਇਲਾਵਾ ਰਿਸ਼ਭ, ਧੈਵਤ ਅਤੇ ਮਧਿਅਮ ਦੇ ਸਿਰਜਤ ਵਿਕਰਿਤ ਰੂਪਾਂ ਨੂੰ ਮਿਲਾ ਕੇ ਸਥੂਲਮਾਨ ਨਾਲ ਸੰਗੀਤ ਵਿਚ ਬਾਰਾਂ ਸਵਰ ਮੰਨੇ ਗਏ ਹਨ।

ਵੈਦਿਕ ਯੁਗ ਵਿਚ ਹੀ ਸਿਰਜਤ ਸੁਰਾਂ ਦੀਆਂ ਤਿੰਨ ਸਿਰਜਣਾਤਮਕ ਅਵਸਥਾਵਾਂ ਪ੍ਰਾਪਤ ਹੁੰਦੀਆਂ ਹਨ। ਉਦਾਤ, ਅਨੁਦਾਤ ਅਤੇ ਸਵਰਿਤ। ਅਸਲ ਵਿਚ ਇਨ੍ਹਾਂ ਤਿੰਨਾਂ ਸੁਰਾਂ ਤੋਂ ਉਚੀ ਅਵਾਜ ਲਈ ਸ਼ੁਰੂ ਤੋਂ ਉਦਾਤ, ਅਨੁਦਾਤ ਸੰਗਿਆਵਾਂ ਦਾ ਪ੍ਰਯੋਗ ਕਰਕੇ ਦੋ ਹੋਰ ਸੁਰਾਂ ਦੀ ਸਿਰਜਣਾ ਕੀਤੀ ਗਈ। ਜਿਵੇਂ ਜਿਵੇਂ ਸਾਮ ਸੰਗੀਤ ਦਾ ਵਿਕਾਸ ਹੋਇਆ ਉਵੇਂ ਹੀ ਸੱਤ ਸੁਰਾਂ ਦੀ ਕਰੁਸ਼ਟ, ਪਹਿਲਾ, ਦੂਜਾ, ਤੀਜਾ ਆਦਿ ਸਿਰਜਨਾਤਮਕ ਸੰਗਿਆਵਾਂ ਪ੍ਰਯੋਗ ਹੋਣ ਲੱਗ ਪਈਆਂ।

ਗ੍ਰਾਮ— ਪ੍ਰਯੋਗ ਕੀਤੇ ਗਏ ਸੱਤ ਸੁਰਾਂ ਤੋਂ ਪੁਰਾਣੇ ਅਤੇ ਨਵੇਂ ਸਵਰ ਗ੍ਰਾਮ ਦੀ ਸਿਰਜਣਾ ਸਮੇਂ ਦੇ ਮੁਤਾਬਿਕ ਗ੍ਰਾਮ, ਸਵਰ, ਸਪਤਕ ਨੂੰ ਬਨਾਉਣ ਦੀ ਪਰਕਿਰਿਆ ਅਲੱਗ ਰਹੀ ਹੈ। ਸਪਤਕ ਦੇ ਘੇਰੇ ਦੀ ਸਿਰਜਣਾ ਸਪਤਕ ਦੀਆਂ 22 ਸ਼ਰੁਤੀਆਂ ਦੇ ਨਾਲ ਹੇਠ ਲਿਖੇ ਨਿਯਮ ਦੁਆਰਾ ਹੋਈ।

चतुश्चतुश्चतुश्चैव षडज मध्यम पंचमा

द्वै-द्वै निषाद गंधारौ त्रिस्त्री ऋषभ धैवतो।' (नाट्शास्त्र)

ਸ਼ਡਮ, ਮਧਮ ਅਤੇ ਪੰਚਮ ਦੀਆਂ ਚਾਰ-ਚਾਰ ਸ਼ਰੁਤੀਆਂ ਰਿਸ਼ਭ ਅਤੇ ਧੈਵਤ ਦੀਆਂ ਤਿੰਨ-ਤਿੰਨ ਸ਼ਰੁਤੀਆਂ ਅਤੇ ਗੰਧਾਰ ਅਤੇ ਨਿਸ਼ਾਦ ਦੀਆਂ ਦੋ ਦੋ ਸ਼ਰੁਤੀਆਂ ਹਨ (ਅਨੁਵਾਦ ਸਲੋਕ ਨਾਟਯ ਸ਼ਾਸ਼ਤਰ)। ਭਾਰਤੀ ਦ੍ਰਿਸ਼ਟੀਕੋਣ ਅਨੁਸਾਰ ਆਦਿ ਜਾਂ ਮੂਲ (ਮੁੱਖ) ਸ਼ੁਧ ਸੁਰ ਸਪਤਕ ਉਹ ਹੈ ਜਿਸਦੇ ਮੱਧ ਵਾਲੇ ਸਵਰ ਸਪਤਕ ਦੇ ਪਹਿਲੇ ਅਤੇ ਅਖੀਰਲੇ ਸਵਰ ਦੇ ਠੀਕ ਵਿਚੋਂ ਵਿਚ ਹੋਣ। ਇਸ ਸਪਤਕ ਦੇ ਪਹਿਲੇ ਅਤੇ ਅਖੀਰਲੇ ਤ੍ਰਿਕਾਂ ਦਾ ਸਿਰਜਣ ਚਾਰ ਸ਼ਰੁਤੀ, ਤਿੰਨ ਸ਼ਰੁਤੀ ਅਤੇ ਦੋ ਸ਼ਰੁਤੀ ਸਵਰਾਂ ਨਾਲ ਹੋਇਆ ਅਤੇ ਇਹ ਤ੍ਰਿਕ ਆਪਸ ਵਿਚ ਸੰਵਾਦੀ ਹੋਣ ਸਪਤਕ ਵਿਚ ੧੩ ਸ਼ਰੁਤੀ ਅੰਤਰ ਤਿੰਨ ਵਾਰ, ੯ ਸ਼ਰੁਤੀ ਅੰਦਰ ਦੋ ਵਾਰ ਅਤੇ ਸੱਤ ਸ਼ਰੁਤੀ ਅੰਤਰ ੧ ਵਾਰ ਆਵੇ।

| | | | | | | | |
|---|---|---|---|---|---|---|---|
| ਸ | ਰੇ | ਗ਼ਾ | ਮਾ | ਪਾ | ਧਾ | ਨੀ | ਸਾਂ |
| 4 | 3 | 2 | 4 | 4 | 3 | 2 | 4 |

ਭਾਵ ਸ਼ਡਜ ਗ੍ਰਾਮ ਮੂਲ ਆਦਿ ਜਾਂ ਸ਼ੁਧ ਸਵਰ ਸਪਤਕ ਵਿਚਾਲੇ ਸਵਰ ਮਧਿਅਮ ਆਦਿ ਸਵਰ ਤੋਂ ੯ ਸ਼ਰੁਤੀ ਬਾਅਦ ਅਤੇ ਅਖੀਰਲਾ ਸਵਰ ਨਿਸ਼ਾਦ ਤੋਂ ੯ ਸ਼ਰੁਤੀ ਪਹਿਲਾਂ ਹੈ। ਮਧਿਅਮ ਤੋਂ ਪਹਿਲਾ ਅਤੇ ਬਾਅਦ ਵਾਲੇ ਦੋਹਾ ਤ੍ਰਿਕਾਂ ਸਾ ਰੇ ਗਾ ਅਤੇ ਪਾ ਧਾ ਨੀ ਦਾ ਸਿਰਜਣ ਸ਼ਡਜ ਪੰਚਮ ਭਾਵ ਨਾਲੋ ਸੰਵਾਦੀ ਹੈ। ਭਾਵ ਇਸ ਸਪਤਕ ਵਿਚ ਸ਼ਡਜ ਪੰਚਮ ਭਾਵ ਤਿੰਨ ਵਾਰ ਨੌ ਸ਼ਰੁਤੀ ਅੰਤਰ ਸ਼ਡਜ ਮਧਿਅਮ ਭਾਵ ਸਾ ਮਾ ਅਤੇ ਮਾ ਹੀ ਵਿਚ ਦੋ ਵਾਰ ਅਤੇ ਮਧਿਅਮ ਧੈਵਤ ਭਾਵ ਭਾਵ ਸੱਤ ਸ਼ਰਤੀ ਅੰਤਰ ਮਾ ਧਾ ਇੱਕ ਵਾਰ ਹੀ ਆਉਂਦਾ ਹੈ। ਇਸ ਤਰ੍ਹਾਂ ਇਹ ਸਪਤਕ ਸ਼ਡਜ ਗ੍ਰਾਮ ਦਾ ਮੂਲ ਅਤੇ ਸ਼ੁੱਧ ਸਪਤਕ ਹੈ। ਇਸ ਪਰਕਿਰਿਆ ਦੁਆਰਾ ਸ਼ੁੱਧ ਅਤੇ ਮੂਲ ਸਪਤਕ ਦੀ ਸਿਰਜਣਾ ਨਾਲ ਇਹ ਸਪਤਕ ਸ਼ਡਜ ਗ੍ਰਾਮ ਸਿਰਜਣਾਤਮਕ ਰੂਪ ਨਾਲ ਪੈਦਾ ਹੋਇਆ।

ਗ੍ਰਾਮ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਜਿਹੜਾ ਇਕ ਸਵਰ ਸਪਤਕ ਵਾਚਕ ਹੈ। ਜਦੋਂ ਸਪਤਕ ਵਿਚ ਸ਼ਰੁਤੀਆਂ ਇਕ ਸੁਚਾਰੂ ਢੰਗ ਨਾਲ ਰੱਖੀਆਂ ਜਾਂਦੀਆਂ ਹਨ ਤਾਂ ਗ੍ਰਾਮ ਦੀ ਸਿਰਜਣਾ ਹੁੰਦੀ ਹੈ। ਸੁਚਾਰੂ ਢੰਗ ਵਿਚ ਜੇਕਰ ਕੁੱਝ ਬਦਲਿਆ ਜਾਵੇ ਤਾਂ ਗ੍ਰਾਮ ਬਦਲ ਕੇ ਸਿਰਜਨਾਤਮਕਤਾ ਰੂਪ ਧਾਰ ਲੈਂਦਾ ਹੈ। ਗ੍ਰਾਮ ਸੰਵਾਦੀ ਸੁਰਾਂ ਦਾ ਉਹ ਸਮੂਹ ਹੈ ਜਿਸ ਵਿਚ ਸ਼ਰੁਤੀਆਂ ਸੁਚਾਰੂ ਰੂਪ ਵਿਚ ਹੁੰਦੀਆਂ ਹਨ। ਜਿਹੜਾ ਮੂਰਛਨਾ, ਤਾਨ, ਵਰਣ, ਅਲੰਕਾਰ ਆਦਿ ਦਾ ਸਿਰਜਕ ਹੋਵੇ ਭਾਵ ਸ਼ਰੁਤੀ ਸਵਰ ਸਮੂਹ ਤੋਂ ਹੀ ਗ੍ਰਾਮ ਦਾ ਸਿਰਜਣ ਹੋਇਆ।



Namdhari Elibrary NamdhariElibrary@gmail.com

ਪ੍ਰਾਚੀਨ ਕਾਲ ਤੋਂ ਹੀ ਸ਼ਡਜ ਗ੍ਰਾਮ, ਮਧਿਅਮ ਗ੍ਰਾਮ ਅਤੇ ਗੰਧਾਰ ਗ੍ਰਾਮ ਇਨ੍ਹਾਂ ਤਿੰਨਾਂ ਗ੍ਰਾਮਾਂ ਦਾ ਉਲੇਖ ਮਿਲਦਾ ਹੈ। ਨਾਟਯ ਸ਼ਾਸਤਰ ਵਿਚ ਦੋ ਗ੍ਰਾਮਾਂ ਦਾ ਹੀ ਉਲੇਖ ਮਿਲਦਾ ਹੈ- ਸ਼ਡਜ ਗ੍ਰਾਮ ਅਤੇ ਮਧਿਅਮ ਗ੍ਰਾਮ।

**ਸੰਗੀਤ ਵਿਚ ਨਿਬੱਧ ਅਤੇ ਅਨਿਬੱਧ ਸਿਰਜਣਾਤਮਕਤਾ—** ਸੰਗੀਤ ਵਿਚ ਰਾਗ ਦੇ ਕ੍ਰਮਵਾਰ ਵਿਕਾਸ ਵਿਚ ਅਲਾਪ, ਤਾਨ, ਮੀਂਡ, ਗਮਕ, ਮੁਰਕੀ, ਕੰਣ ਆਦਿ ਅਨੇਕਾਂ ਮੁੱਖ ਤਕਨੀਕਾਂ ਦਾ ਪ੍ਰਯੋਗ ਸੰਪੂਰਨ ਵਾਦਨ ਸ਼ੈਲੀ ਦੇ ਨਿਯਮਾਂ ਦੇ ਮੁਤਾਬਿਕ ਕਰਦੇ ਹੋਏ ਅਨੇਕਾਂ ਤਰ੍ਹਾਂ ਦੇ ਚਮਤਕਾਰ ਅਤੇ ਬਚਿਤੱਰਤਾ ਵਿਖਾਉਂਦੇ ਹੋਏ ਆਪਣੀ ਕਲਪਨਾ ਨਾਲ ਰਾਗ ਰੂਪੀ ਭਵਨ ਨੂੰ ਤਿਆਰ ਕਰਨ ਲਈ ਸੰਗੀਤਕਾਰਾਂ ਦੁਆਰਾ ਕਠੋਰ ਤੱਪ ਰਾਹੀ ਬਣਿਆ ਅਲੱਗ-ਅਲੱਗ ਗਾਇਨ, ਵਾਦਨ, ਤਕਨੀਕ ਨੂੰ ਰਾਗ ਕ੍ਰਮਵਾਰ ਵਿਕਾਸ ਲਈ ਕਲਪਨਾ ਕਰਕੇ ਸਿਰਜਣਾ ਕੀਤੀ ਜਾਂਦੀ ਹੈ। ਸੰਗੀਤ ਦੀ ਇਸ ਸਿਰਜਣਾਤਮਕ ਕਿਰਿਆ ਨੂੰ ਦੋ ਭਾਗਾਂ ਵਿਚ ਵੰਡਿਆਂ ਜਾਂਦਾ ਹੈ।

**1. ਅਨਿਬੱਧ ਕਿਰਿਆ 2. ਨਿਬੱਧ ਕਿਰਿਆ**

**1. ਅਨਿਬੱਧ ਕਿਰਿਆ—** ਤਾਲ ਤੋਂ ਬਿਨ੍ਹਾਂ ਰਾਗ ਦਾ ਕ੍ਰਮਵਾਰ ਵਿਕਾਸ ਅਨਿਬੱਧ ਕਿਰਿਆ ਦੀ ਸ਼੍ਰੇਣੀ ਵਿਚ ਆਉਂਦਾ ਹੈ। ਜਿਸ ਵਿਚ ਅਲਾਪ, ਜੋੜ ਅਲਾਪ ਆਦਿ ਦੇ ਹੇਠਾਂ ਮੀਂਡ, ਕ੍ਰਿਨਤਨ, ਕੰਣ, ਘੱਟਕਾ, ਮੁਰਕੀ, ਜ਼ਮਜ਼ਮਾ ਆਦਿ ਤਕਨੀਕੀ ਕਿਰਿਆਵਾਂ ਤੋਂ ਅਲਾਵਾ ਗਾਇਕ ਵਾਦਕ ਦੀਆਂ ਆਪਣੀਆਂ ਕਲਪਨਾਵਾਂ ਵੀ ਵੱਸੀਆਂ ਹੁੰਦੀਆਂ ਹਨ।

**2. ਨਿਬੱਧ ਕਿਰਿਆ—** ਨਿਬੱਧ ਯੋਜਨਾ ਵਿਚ ਲੈਅ ਅਤੇ ਤਾਲ ਨਾਲ ਰਾਗ ਦੇ ਕ੍ਰਮਵਾਰ ਵਿਕਾਸ ਕਰਨ ਲਈ ਗਾਇਨ ਦੀਆਂ ਅਲੱਗ ਅਲੱਗ ਸ਼ੈਲੀਆਂ ਬੰਦਿਸ਼ ਦੇ ਨਾਲ ਖਿਆਲ, ਧਰੁਪਦ, ਠੁਮਰੀ ਆਦਿ ਅਤੇ ਵਾਦਨ ਦੀ ਸ਼ੈਲੀ ਗੱਤ ਦੇ ਹੇਠਾ ਬੰਦਿਸ਼, ਵਿਲੰਬਤ ਲੈਅ ਦੀ ਗੱਤ ਅਤੇ ਕਿਰਿਆਵਾਂ ਲੈਅਕਾਰੀ, ਗੱਤਕਾਰੀ, ਛੰਦ, ਦਰੁਤਗਤ, ਤਾਨ, ਝਾਲਾ ਆਦਿ ਵਾਦਨ ਵਿਧੀਆਂ ਭਾਵ ਤਕਨੀਕ ਦੀ ਕਲਪਨਾ ਸਿਰਜਣਾਤਮਕਤਾ ਨੂੰ ਪ੍ਰਾਪਤ ਹੁੰਦੀ ਹੈ।

**ਫੁਟ ਨੋਟ :-**

1. 'ਸੰਗੀਤ ਰਤਨਾਕਰ' ਸ਼ਲੋਕ ਗਿਣਤੀ-6 ਸੰਪਾਦਿਤ ਪੰ ਸੁਬਰਮਨਿਅਮ ਸ਼ਾਸਤਰੀ ਪਹਿਲਾ ਖੰਡ, ਪੰਨਾ-64
2. ਬ੍ਰਹਦੇਸ਼ੀ-22-3 (ਅਨੁਵਾਦ)
3. ਭਰਤੋਕਤ ਸ਼ੁੱਧ, ਵਿਕਰੀਤ ਅਤੇ ਸੂਖਮ ਸਵਰ (ਲੇਖ) ਸੁਆਮੀ ਕਿਰਪਾਲਾ ਨੰਦ ਜੀ ਮਹਾਰਾਜ "ਸੰਗੀਤ ਪ੍ਰਤੀਕਾ" ਅਕਤੂਬਰ-1960 ਪੰਨਾ-3

## ਵਰਿਆਮ ਦੇ ਮੈਂਬਰ ਧਿਆਨ ਦੇਣ

ਵਰਿਆਮ ਦੇ ਪਾਠਕ ਮੈਂਬਰਾਂ ਨੂੰ ਚਿਠੀਆਂ ਰਾਹੀਂ ਵੀ ਸੂਚਿਤ ਕੀਤਾ ਜਾ ਰਿਹਾ ਹੈ ਕਿ ਆਪਣੇ ਬਕਾਏ ਚੰਦੇ ਜਲਦੀ ਭੇਜਣ। ਕਈ ਗੁਰਮੁਖ ਪਿਆਰਿਆਂ ਦੇ ਚੰਦੇ ਬੇਧਿਆਨੀ ਜਾਂ ਘੌਲ ਘੌਲ ਵਿਚ ਕਈ ਕਈ ਸਾਲਾਂ ਦੇ ਵੀ ਹੋ ਗਏ ਹਨ। ਇਸ ਵਿਚ ਅਸੀਂ ਆਪਣਾ ਵੀ ਕਸੂਰ ਮੰਨਦੇ ਹਾਂ ਪਰ ਸਟਾਫ ਦੀ ਘਾਟ ਦੀ ਮਜਬੂਰੀ ਕਰਕੇ ਸਾਡੇ ਵਲੋਂ ਚਿਠੀਆਂ ਰਾਹੀਂ ਜਾਂ ਟੈਲੀਫੋਨਾਂ ਰਾਹੀਂ ਸੂਚਤ ਕਰਨ ਵਿਚ ਵੀ ਦੇਰੀ ਹੋ ਹੀ ਜਾਂਦੀ ਹੈ।

ਜੇ ਇਹ ਚੰਦੇ ਆਪਣੇ ਆਪ ਆ ਜਾਇਆ ਕਰਨ ਤਾਂ ਸਾਨੂੰ ਪਰਚੇ ਵਿਚ ਇਹ ਲਿਖਣ ਨਾ ਪਵੇ ਪਰ ਮਜਬੂਰੀ ਵੱਸ ਪਰਚੇ ਕੇ ਕੀਮਤੀ ਕਾਲਮ ਇਸ ਕੰਮ ਵਾਸਤੇ ਵਰਤਣੇ ਪੈ ਰਹੇ ਹਨ। ਪਰਚਾ ਜਾਰੀ ਰੱਖਣ ਵਾਸਤੇ ਪਾਠਕਾਂ ਦਾ ਵੇਲੇ ਸਿਰ ਜਾਂ ਵੇਲੇ ਤੋਂ ਪਹਿਲਾਂ ਚੰਦੇ ਦੀ ਰਕਮ ਆਉਣੀ ਜ਼ਰੂਰੀ ਹੈ। ਰਕਮ ਮਨੀ ਆਰਡਰ ਰਾਹੀਂ ਜਾਂ Wariam ਦੇ ਨਾਮ ਡਰਾਫਟ ਜਾਂ ਦਸਤੀ ਨਕਦ ਜਮਾਂ ਕਰਾਈ ਜਾਵੇ।

ਅਸੀਂ ਅੱਸੂ ਦੇ ਮੇਲੇ ਤਕ ਜ਼ਰੂਰ ਉਡੀਕ ਕਰਾਂਗੇ ਉਸ ਤੋਂ ਬਾਦ ਚੰਦਾ ਨਾ ਆਉਣ ਕਰਕੇ ਪਰਚਾ ਰੋਕਣ ਦੀ ਮਜ਼ਬੂਰੀ ਹੋਵੇਗੀ। ਉਮੀਦ ਹੈ ਸਾਰੇ ਪਾਠਕ ਮੈਂਬਰ ਇਹ ਨੌਬਤ ਨਹੀਂ ਆਉਣ ਦੇਣਗੇ। ਸਹਿਯੋਗ ਦਿਉ ਸੇਵਾ ਲਉ ਜੀ।

ਧੰਨਵਾਦ ਸਹਿਤ

*—ਸੰਪਾਦਕ ਵਰਿਆਮ*



Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

OPP. : INDUSTRIAL ESATE,

JAMMU CANTT.



Namdhari Elibrary NamdhariElibrary@gmail.com

# ਉੱਡਨ-ਖਟੋਲੇ ਦਾ ਸਫ਼ਰ

*—ਬਲਦੇਵ ਮਾਧੋਪੁਰੀ*

ਪੁਰਾਣੇ ਸਮਿਆਂ ਵਿਚ ਕਿਸੇ ਰਾਜੇ ਕੋਲ 'ਬਿਬਾਨ' ਜਾਂ 'ਉਡਨ-ਖਟੋਲਾ' ਹੁੰਦਾ ਸੀ, ਜਿਸ ਦਾ ਇਸਤੇਮਾਲ ਉਹ ਉਸ ਵੇਲੇ ਕਰਦਾ ਸੀ ਜਦੋਂ ਉਸਨੇ ਕਿਸੇ ਦੂਸਰੀ ਥਾਂ ਤੇ ਖਾਸ ਵਜਾ ਲਈ ਜਾਣਾ ਹੁੰਦਾ ਸੀ। ਜਾਂ ਵਿਸ਼ੇਸ਼ ਪ੍ਰਾਹੁਣੇ ਨੂੰ ਛੱਡਣਾ ਹੁੰਦਾ ਸੀ।

ਜਿਸ ਵੇਲੇ ਸ੍ਰੀ ਰਾਮ ਚੰਦਰ ਜੀ ਨੇ ਰਾਵਣ ਉਤੇ ਜਿੱਤ ਪ੍ਰਾਪਤ ਕੀਤੀ ਸੀ, ਅਤੇ ਰਾਵਣ ਦੇ ਭਰਾ ਭਵੀਖਣ ਨੂੰ ਲੰਕਾ ਦਾ ਰਾਜ ਸੰਭਾਲ ਦਿੱਤਾ ਸੀ, ਤਾਂ ਭਵੀਖਣ ਨੇ ਸ੍ਰੀ ਰਾਮ ਚੰਦਰ ਜੀ ਨੂੰ ਇਕ ਖਾਸ 'ਬਿਬਾਨ' ਰਾਹੀਂ ਸਮੇਤ ਸੀਤਾ ਜੀ ਤੇ ਲਛਮਣ ਜੀ ਨੂੰ ਵਾਪਸ ਉਨ੍ਹਾਂ ਦੀ ਨਗਰੀ ਅਯੁਧਿਆ ਛੱਡਣ ਦਾ ਉਪਰਾਲਾ ਕੀਤਾ ਸੀ। 'ਉਡਨ ਖਟੋਲੇ' ਦੀਆਂ ਬਾਤਾਂ ਵੀ ਅਕਸਰ ਪੁਰਾਣੇ ਕਥਾ-ਕਹਾਣੀਆਂ ਵਿਚ ਪੜ੍ਹਦੇ-ਰਹਿੰਦੇ ਹਾਂ।

ਇਕ ਧਾਰਨਾ ਇਹ ਵੀ ਬਣੀ ਹੋਈ ਹੈ ਕਿ ਇਨਸਾਨ ਜਦ ਇਸ ਧਰਤੀ ਉਤੇ ਜਨਮ ਲੈ ਕੇ ਬਹੁਤ ਸਾਰੇ ਚੰਗੇ-ਮੰਦੇ ਕਰਦਾ ਹੈ, ਤਾਂ ਉਸਦੇ ਕੰਮਾਂ ਦਾ ਲੇਖਾ-ਜੋਖਾ ਧਰਮ ਰਾਜ ਦੀ ਕਚਹਿਰੀ ਵਿਚ ਜਾ ਕੇ ਹੁੰਦਾ ਹੈ। ਜਿਸਨੇ ਆਪਣੀ ਸਾਰੀ ਜ਼ਿੰਦਗੀ ਕੋਈ ਚੰਗਾ ਕੰਮ ਨਹੀਂ ਕੀਤਾ ਹੁੰਦਾ ਅਤੇ ਨਾ ਹੀ ਰੱਬ ਨੂੰ ਚੇਤੇ ਕੀਤਾ ਹੁੰਦਾ ਹੈ...ਮਰਨ ਉਪਰੰਤ ਉਸਨੂੰ ਧਰਮ ਰਾਜ ਦੇ ਯਮਦੂਤ ਝੋਟੇ ਤੇ ਬਿਠਾ ਕੇ, ਕਈ ਕਿਸਮ ਦੀਆਂ ਸਜ਼ਾਵਾਂ ਦਿੰਦੇ ਹੋਏ ਯਮਲੋਕ ਲੈ ਜਾਂਦੇ ਹਨ।...ਅਤੇ ਜਿਸ ਇਨਸਾਨ ਨੇ ਇਸ ਮਾਤ-ਲੋਕ ਵਿਚ ਜਨਮ ਲੈਕੇ ਪ੍ਰਮਾਤਮਾ ਦਾ ਖੂਬ ਸਿਮਰਨ ਕੀਤਾ ਹੋਵੇ ਤੇ ਆਮ ਲੋਕਾਂ ਨੂੰ ਕਿਸੇ ਕਿਸਮ ਦਾ ਦੁੱਖ ਨਾ ਦੇ ਕੇ ਪਿਆਰ ਵੰਡ ਕੇ ਦਿਲ ਜਿੱਤਿਆ ਹੋਵੇ ਤੇ ਸਹਾਇਤਾ ਕੀਤੀ ਹੋਵੇ,... ਧਰਮ ਰਾਜ ਉਸ ਨੂੰ ਮਰਨ ਉਪਰੰਤ ਬਿਬਾਨ ਤੇ ਬਿਠਾ ਕੇ ਸਵਰਗ ਲੋਕ ਵਿਚ ਭੇਜ ਦਿੰਦਾ ਹੈ।

ਦਰਅਸਲ ਇਹ ਦੋ ਪੁਰਾਣੇ ਸ਼ਬਦ-'ਬਿਬਾਨ' ਤੇ 'ਉਡਨ-ਖਟੋਲਾ' ਮੈਨੂੰ ਉਸ ਵੇਲੇ ਚੇਤੇ ਆ ਰਹੇ ਸਨ, ਜਦ ਮੈਂ ਅੰਮ੍ਰਿਤਸਰ ਤੋਂ ਬਰਮਿੰਘਮ (ਯੂ.ਕੇ.) ਜਾਣ ਲਈ ਹਵਾਈ ਜਹਾਜ਼ ਵਿਚ ਬੈਠ ਕੇ ਸਮੁੰਦਰਾਂ ਨੂੰ ਪਾਰ ਕਰਦੇ ਹੋਏ ਨੇ ਇਕ ਨਵੀਂ ਧਰਤੀ ਤੇ ਉਤਰਨਾ ਸੀ। ਬਿਬਾਨ ਤੇ ਉਡਨ-ਖਟੋਲੇ ਨੂੰ ਹੀ ਅੱਜ ਸਾਇੰਸ ਦੇ ਜੁਗ ਵਿਚ 'ਐਰੋ-ਪਲੇਨ' ਜਾਂ 'ਹਵਾਈ ਜਹਾਜ਼' ਕਹਿੰਦੇ ਹਨ। ਭਾਵ ਹਵਾ ਵਿਚ ਉਡਨ ਵਾਲਾ ਯੰਤਰ।

ਨਿੱਕਿਆਂ ਹੁੰਦਿਆਂ ਹਵਾਈ ਜਹਾਜ਼ ਉੱਡਦਾ ਤਾਂ ਕਈ ਵਾਰ ਵੇਖਿਆ ਸੀ, ਪਰ ਉਸਨੂੰ ਕਦੇ ਉਤਰਦਾ-ਚੜ੍ਹਦਾ ਨਹੀਂ ਸੀ ਵੇਖਿਆ। ਜਹਾਜ਼ ਵਿਚ ਸਵਾਰੀ ਕਰਨ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਹਾਂ, ਤਿੰਨ ਕੁ ਦਹਾਕੇ ਹੋ ਗਏ ਹਨ, ਜਦ ਮੈਂ ਆਪਣੇ ਛੋਟੇ ਭਰਾ ਨੂੰ ਦਿੱਲੀ ਦੇ ਪਾਲਮ ਹਵਾਈ ਅੱਡੇ ਉਤੇ ਜਹਾਜ਼ੇ ਚੜ੍ਹਾਉਣ ਗਿਆ ਸੀ। ਉਦੋਂ ਜ਼ਰੂਰ ਜਹਾਜ਼ ਚੜ੍ਹਦੇ-ਉਤਰਦੇ ਦੇਖੇ ਸਨ, ਕਿਉਂਕਿ ਓਦੋਂ ਹਵਾਈ ਅੱਡਾ ਖੁਲ੍ਹਾ ਜਿਹਾ ਹੀ ਹੁੰਦਾ ਸੀ।

ਹਵਾਈ ਜਹਾਜ਼ ਵਿਚ ਬੈਠ ਕੇ ਉੱਡਣਾ ਹਰ ਬੰਦੇ ਦੀ ਕਿਸਮਤ ਵਿਚ ਨਹੀਂ ਹੈ। ਇਹ ਉੱਡਣਾ ਉਸਨੂੰ ਹੀ ਨਸੀਬ ਹੁੰਦਾ ਹੈ, ਜਿਸਦੇ ਕਰਮਾਂ ਵਿਚ ਲਿਖਿਆ ਹੋਵੇ। ਪਹਿਲੋਂ-ਪਹਿਲ ਤਾਂ ਸਮੁੰਦਰੀ ਜਹਾਜ਼ਾਂ ਵਿਚ ਹੀ ਸਮੁੰਦਰੋਂ ਪਾਰ ਦੇ ਮੁਲਕਾਂ ਨੂੰ ਜਾ ਹੁੰਦਾ ਸੀ, ਜਿਸਨੂੰ ਕਈ ਮਹੀਨੇ ਲੱਗ ਜਾਂਦੇ ਸਨ, ਪਰ ਅੱਜਕਲ੍ਹ ਸਮਾਂ ਬਦਲ ਗਿਆ ਹੈ, ਸਮੁੰਦਰੀ ਜਹਾਜ਼ਾਂ ਦੀ ਸਪੀਡ ਵੀ ਬੜੀ ਤੇਜ਼ ਹੋ ਗਈ ਹੈ, ਜਿਸ ਕਰਕੇ ਹਫਤੇ ਕੁ ਵਿਚ ਹੀ ਵਲੈਤ ਪਹੁੰਚ ਹੋ ਜਾਂਦਾ ਹੈ। ਤੇ ਹਵਾਈ ਜਹਾਜ਼ ਤਾਂ ਕੁਝ ਕੁ ਘੰਟਿਆਂ ਵਿਚ ਹੀ ਵਲੈਤ ਜਾ ਕੇ ਉਤਰ ਜਾਂਦਾ ਹੈ। ਬੰਦਾ ਇਵੇਂ ਸਮਝਦਾ ਹੈ, ਜਿਵੇਂ ਪੰਛੀ ਉਡ ਕੇ ਇਕ ਦਰਖਤ ਤੋਂ ਦੂਜੇ ਦਰਖਤ ਤੇ ਜਾ ਬੈਠਦਾ ਹੈ।

ਆਪਣੇ ਮੁਲਕ ਤੋਂ ਇਲਾਵਾ ਦੂਜੇ ਮੁਲਕ ਭਾਵੇਂ ਉਹ ਲਾਗੇ ਹੀ ਹੋਣ, ਦੂਰ-ਦੁਰਾਡੇ ਦੇ ਮੁਲਕਾਂ ਜਾਂ ਸਮੁੰਦਰੋਂ ਪਾਰ ਦੇ ਮੁਲਕਾਂ ਨੂੰ ਜਾਣ ਵਾਸਤੇ ਵੀਜ਼ਾ ਲੈਣਾ ਜ਼ਰੂਰੀ ਹੁੰਦਾ ਹੈ। ਇਸ ਵੀਜ਼ੇ ਦੀ ਪ੍ਰਾਪਤੀ ਲਈ ਬੰਦੇ ਨੂੰ ਕਈ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ, ਤਾਂ ਜਾਕੇ ਉਸ ਮੁਲਕ ਵਿਚ ਪੈਰ ਧਰ ਸਕੀਦਾ ਹੈ। ਵੀਜ਼ਾ ਪ੍ਰਾਪਤ ਕਰ ਕੇ ਹੀ ਹਵਾਈ ਜਹਾਜ਼ ਵਿਚ ਚੜ੍ਹ ਹੁੰਦਾ ਹੈ। ਜਹਾਜ਼ ਦੇ ਝੂਟੇ ਨੂੰ ਤਰਸਦਾ ਮੈਂ ਪਹਿਲਾਂ ਵੀ ਤਿੰਨ ਵਾਰ ਟਰਾਈ ਕਰ ਚੁੱਕਾ ਸੀ, ਹੁਣ ਜਾ ਕੇ ਇਹ ਝੂਟਾ ਮਿਲਿਆ ਹੈ।

ਹਵਾਈ ਜਹਾਜ਼ ਵਿਚ ਚੜ੍ਹਨ ਵਾਲੇ ਹਰ ਨਵੇਂ ਬੰਦੇ ਨੂੰ ਇਹ ਤੌਖਲਾ ਹੁੰਦਾ ਹੈ ਕਿ ਖਬਰੇ ਕਿੱਦਾਂ ਮੈਂ ਆਪਣਾ ਇਹ ਸਫ਼ਰ ਪੂਰਾ ਕਰਨਾ ਹੈ? ਕਿਤੇ ਕੋਈ ਗਲਤੀ ਨਾ ਹੋ ਜਾਏ, ਜਿਸ ਕਰਕੇ ਮੈਂ ਇਥੇ ਹੀ ਨਾ ਰਹਿ ਜਾਵਾਂ? ਜਾਂ ਕਿਤੇ ਇਹ ਨਾ ਹੋਵੇ, ਜਿਥੇ ਜਾ ਕੇ ਜਹਾਜ਼ ਨੇ ਰਸਤੇ ਵਿਚ ਕੁਝ ਦੇਰ ਲਈ ਅਟਕਣਾ ਹੈ, ਓਥੇ ਹੀ ਭੁੱਲ ਜਾਵਾਂ? ਇਸ ਕਰਕੇ ਉਹ ਆਪਣਾ ਸਾਥ ਭਾਲਦਾ ਹੈ, ਜਿਹੜਾ ਕਿ ਉਸਨੂੰ ਪਾਰ ਲੰਘਾ ਦੇਵੇ।

"ਅੱਛਾ ਬਈ... ਹੁਣ ਮੈਂ ਚੱਲਿਆਂ!" ਏਨੀ ਗੱਲ ਕਹਿ ਕੇ ਮੈਂ ਏਅਰਪੋਰਟ ਛੱਡਣ ਆਇਆਂ ਤੋਂ ਜੁਦਾ ਹੋ ਗਿਆ! ਹੁਣ ਮੈਂ



Namdhari Elibrary NamdhariElibrary@gmail.com

ਇਕੱਲਾ ਜਿ· ਸਾਂ। ਸਮਾਨ ਧੂੰਹਦਾ ਏਅਰਪੋਰਟ ਦੇ ਅੰਦਰ ਚਲਾ ਗਿਆ। ਛਾਣਬੀਣ ਤੋਂ ਬਾਅਦ ਕੁਝ ਹੌਂਸਲਾ ਹੋਇਆ- "ਚਲੋ ਇਥੋਂ ਤਾਂ ਲੰਘੇ, ਅੱਗੇ ਦੇਖੀ ਜਾਊ!" ਜਹਾਜ਼ ਲੇਟ ਸੀ, ਸਭ ਮੁਸਾਫ਼ਰ ਵੇਟਿੰਗ ਹਾਲ ਵਿਚ ਬੈਠ ਗਏ। ਹੋਰਨਾਂ ਵੱਲ ਵੇਖ ਕੇ, ਆਪਣਾ ਹੈਂਡ-ਬੈਗ ਕੋਲ ਰੱਖਕੇ ਕੁਰਸੀ ਤੇ ਬੈਠ ਗਿਆ। ਆਸੇ-ਪਾਸੇ ਸਭ ਸੁਆਰੀਆਂ ਤੇ ਨਿਗ੍ਹਾ ਮਾਰੀ-ਭਾਂਤ-ਸੁਭਾਂਤੇ ਪਹਿਰਾਵਿਆਂ ਵਿਚ ਸਭ ਲੋਕ ਬੈਠੇ ਗੱਲਾਂ ਕਰੀ ਜਾ ਰਹੇ ਸਨ। ਸਭ ਸੁਆਰੀਆਂ ਵਿਚੋਂ ਇਕੱਲਾ ਹੀ ਇਕ ਚਿੱਟੀ ਪਗੜੀ ਵਾਲਾ "ਨਾਮਧਾਰੀ ਸਿਘ" ਨਜ਼ਰ ਆਇਆ! ਬਸ ਫੇਰ ਕੀ ਸੀ, ਸੋਚਿਆ ਹੁਣ ਗੱਲ ਬਣ ਗਈ। ਝੱਟ ਉਸ ਨਾਲ ਜਾ ਮੁਲਾਕਾਤ ਕੀਤੀ- "ਸਤਿ ਸ੍ਰੀ ਅਕਾਲ ਸਰਦਰ ਸਾਹਿਬ ਜੀਓ... ਮੈਂ ਵੀ ਬਰਮਿੰਘਮ ਜਾ ਰਿਹਾਂ। ਪਹਿਲੀ ਵਾਰ ਸਫਰ ਕਰ ਰਿਹਾਂ, ਮੇਰੀ ਕੁਝ ਮੱਦਦ ਕਰੋਗੇ ?" ਏਨੀ ਗੱਲ ਕਹਿਕੇ ਮੈਂ ਉਸਨੂੰ ਆਪਣੇ ਬਾਰੇ ਜਾਣਕਾਰੀ ਦਿੱਤੀ। ਜਾਣਕਾਰੀ ਸੁਣ ਕੇ ਉਹ ਏਨੇ ਖੁਸ਼ ਹੋਏ ਕਿ ਪੁੱਛੋ ਹੀ ਨਾ!

"ਆਓ ਆਓ ਕਿਉਂ ਨਹੀਂ, ਮੈਂ ਤੇਰੀ ਮਦਦ ਜ਼ਰੂਰ ਕਰਾਂਗਾ। ਤੇਰਾ ਬੈਗ ਕਿਥੇ ਆ, ਉਸਨੂੰ ਲੈ ਆ...ਮੇਰੇ ਨਾਲ ਬੈਠ ਜਾ।...ਬੋਰਡਿੰਗ ਕਾਰਡ ਦਿਖਾ...ਤੇਰੀ ਤਾਂ ਸੀਟ ਵੀ ਮੇਰੇ ਨਾਲ ਦੀ ਹੀ ਹੈ। ਚੰਗਾ ਹੋਇਆ!" ਬੋਰਡਿੰਗ ਕਾਰਡ ਦਿਖਾ ਕੇ, ਮੈਂ ਆਪਣਾ ਹੈਂਡ ਬੈਗ ਵੀ ਉਸ ਕੋਲ ਲਿਆ ਕੇ, ਨਾਲ ਵਾਲੀ ਕੁਰਸੀ ਤੇ ਬੈਠ ਗਿਆ। ਬਹੁਤ ਸਾਰੀਆਂ ਗੱਲਾਂ ਕਰਦੇ ਰਹੇ। ਏਨੇ ਚਿਰ ਨੂੰ ਸਾਹਮਣੇ ਟੈਲੀ ਸਕਰੀਨ ਤੇ ਅਨਾਊਂਸ ਹੋਇਆ- "ਜਹਾਜ਼ ਆਉਣ ਵਿਚ ਅਜੇ ਹੋਰ ਦੇਰ ਹੋ ਜਾਏਗੀ, ਇਸ ਕਰਕੇ ਸਵਾਰੀਆਂ ਨੂੰ ਖਾਣਾ ਇਥੇ ਹੀ ਦਿੱਤਾ ਜਾਏਗਾ...ਆਪਣੀ ਟਿਕਟ ਦਿਖਾ ਕੇ ਸਾਹਮਣੀ ਦੁਕਾਨ ਤੋਂ ਖਾਣਾ ਲੈ ਸਕਦੇ ਹੋ! ਤੇ ਨਾਲ ਕੌਫੀ ਵੀ।"

ਏਨੀ ਗੱਲ ਸੁਣਦਿਆਂ ਹੀ ਹੰਗਾਮਾ ਜਿਹਾ ਮਚ ਗਿਆ- ਜਿਹੜੇ ਲੋਕ ਕਈ ਵਾਰ ਜਹਾਜ਼ ਦਾ ਸਫਰ ਕਰ ਚੁੱਕੇ ਸਨ, ਉਚੀ ਉਚੀ ਰੋਲਾ ਪਾ ਰਹੇ ਸਨ-"ਜੇ ਜਹਾਜ਼ ਲੇਟ ਆਉਣਾ ਸੀ ਤਾਂ ਸਾਨੂੰ ਪਹਿਲਾਂ ਕਿਉਂ ਨਹੀਂ ਦੱਸਿਆ...ਅਸੀਂ ਘਰੋਂ ਹੀ ਲੇਟ ਤੁਰਦੇ...ਅਸੀਂ ਜਹਾਜ਼ ਵਾਲਿਆਂ ਤੇ ਕਲੇਮ ਕਰਾਂਗੇ...ਸਾਡਾ ਕਿਰਾਇਆ ਸਾਨੂੰ ਦਿੱਤਾ ਜਾਵੇ ਅਸੀਂ ਕਿਸੇ ਹੋਰ ਜਹਾਜ਼ ਵਿਚ ਚਲੇ ਜਾਂਵਾਗੇ।" ਵਿਚੋਂ ਹੀ ਇਕ ਲੇਡੀ ਨੇ ਬਾਹਵਾਂ ਉੱਚੀਆਂ ਕਰਕੇ ਕਿਹਾ-"ਜਿਸ ਜਿਸਨੇ ਕਲੇਮ ਕਰਨਾ ਹੈ, ਇਧਰ ਮੇਰੇ ਕੋਲ ਆ ਜਾਓ!"

ਮੈਂ ਸੋਚਿਆ, ਪੈ ਗਿਆ ਪੁਆੜਾ, ਹੁਣ ਕਿੱਦਾਂ ਹੋਏਗੀ ? ਮੈਂ ਤਾਂ ਕੀ, ਮੇਰੇ ਵਰਗੇ ਹੋਰ ਵੀ ਕਈ ਹੋਣਗੇ, ਜਿਨ੍ਹਾਂ ਨੇ ਪਹਿਲੀ ਵਾਰ ਸਫਰ ਕਰਨਾ ਹੈ, ਕੀ ਬਣੇਗਾ ਸਾਡਾ! ਕਿਤੇ ਕਲੇਮ ਦੇ ਚੱਕਰ ਵਿਚ ਫਸ ਕੇ ਹੀ ਨਾ ਇਥੇ ਰਹਿ ਜਾਈਏ!

ਲਾਗੇ ਬੈਠੇ ਸਰਦਾਰ ਜੀ ਸਭ ਕੁਝ ਦੇਖ ਸੁਣ ਰਹੇ ਸਨ, ਮੈਨੂੰ ਕਹਿਣ ਲੱਗੇ, " ਤੂੰ ਚਿੰਤਾ ਨਾ ਕਰ, ਇਸ ਤਰ੍ਹਾਂ ਕਈ ਵਾਰ ਹੋ ਜਾਂਦਾ ਹੈ। ਰੌਲਾ-ਰੂਲਾ ਪਾ ਕੇ ਲੋਕ ਚੁੱਪ ਕਰ ਜਾਂਦੇ ਹੁੰਦੇ ਆ। ਆ ਆਪਾਂ ਖਾਣਾ ਲੈ ਆਈਏ। ਖਾਣਾ ਖਾ ਕੇ ਲੋਕ ਸ਼ਾਂਤ ਜਿਹੇ ਹੋ ਰਹੇ ਸਨ, ਕੋਈ ਕੋਈ ਸੌਂ ਵੀ ਰਿਹਾ ਸੀ। ਰੌਲਾ ਪਾਉਣ ਵਾਲੇ ਵੀ ਹੁਣ ਸ਼ਾਂਤ ਹੋ ਕੇ ਖਾਣਾ ਖਾ ਰਹੇ ਸਨ।

ਮੋਬਾਇਲ ਫੋਨ ਤਾਂ ਮੇਰੇ ਕੋਲ ਹੈ ਨਹੀਂ ਸੀ, ਜਿਸ ਨਾਲ ਮੈਂ ਏਧਰਲੇ ਓਧਰਲਿਆਂ ਨੂੰ ਫੋਨ ਕਰਕੇ ਦੱਸ ਸਕਦਾ ਕਿ ਮੈਂ ਤਾਂ ਅਜੇ ਅੰਮ੍ਰਿਤਸਰ ਹੀ ਬੈਠਾ ਹਾਂ। ਸਾਥੋਂ ਥੋੜੀ ਦੂਰ ਤਿੰਨ-ਚਾਰ ਜੀਆਂ ਦਾ ਪਰਿਵਾਰ ਬੈਠਾ ਸੀ। ਉਨ੍ਹਾਂ ਦਾ ਇਕ ੭-੮ ਸਾਲ ਦਾ ਨਿਆਣਾ ਇਧਰ-ਉਧਰ ਫੋਨ ਘੁੰਮਾ ਰਿਹਾ ਸੀ। ਮੈਂ ਉਸ ਦੇ ਪਿਓ ਨੂੰ ਰਿਕੁਐਸਟ ਕੀਤੀ-"ਸਰ, ਤੁਹਾਨੂੰ ਪਤਾ ਹੀ ਹੈ ਜਹਾਜ਼ ਲੇਟ ਐ, ਮੈਂ ਆਪਣੇ ਬਰਮਿੰਘਮ ਉਡੀਕ ਰਹੇ ਰਿਸ਼ਤੇਦਾਰਾਂ ਨੂੰ ਤੁਹਾਡੇ ਮੋਬਾਇਲ ਤੋਂ ਸਿਰਫ ਰਿੰਗ ਹੀ ਕਰਨੀ ਹੈ...ਮੁੜਦੇ ਪੈਰੀਂ ਤੁਹਾਡੇ ਫੋਨ ਤੇ ਫੋਨ ਆ ਜਾਣਾ ਹੈ। ਮੈਂ ਤੁਹਾਡਾ ਫੋਨ ਏਨਾ ਹੀ ਕਹਿ ਕੇ ਬੰਦ ਕਰ ਦਿਆਂਗਾ ਕਿ "ਜਹਾਜ ੭ ਘੰਟੇ ਲੇਟ ਹੈ।" ਉਸਨੇ ਨੰਬਰ ਮਿਲਾਇਆ ਤੇ ਘੰਟੀ ਕਰ ਦਿੱਤੀ। ਮਿੰਟ ਵੀ ਨਹੀਂ ਸੀ ਹੋਇਆ ਕਿ ਫੋਨ ਆ ਗਿਆ। ਫੋਨ ਵਾਲੇ ਨੌਜਵਾਨ ਸਰਦਾਰ ਨੇ ਕਿਹਾ, 'ਲਓ ਤੁਹਾਡਾ ਫੋਨ ਆ ਗਿਆ।' ਝੱਟ ਦੇ ਕੇ ਫੋਨ ਫੜਿਆ-ਤੇ ਕਿਹਾ "ਜਹਾਜ਼ ਤਾਂ ਲੇਟ ਆਏਗਾ, ਤੁਸੀਂ ਏਨਾ ਟਾਈਮ ਏਅਰਪੋਰਟ ਤੇ ਹੀ ਉਡੀਕ ਕਰਦੇ ਰਹੋਗੇ!" ਅੱਗੋਂ ਮੇਰੇ ਭਤੀਜੇ ਨੇ ਕਿਹਾ-"ਤਾਇਆ ਜੀ, ਮੈਂ ਇੰਟਰਨੈਟ ਤੇ ਹੀ ਪਤਾ ਕਰ ਲਿਆ ਸੀ ਘਰ ਬੈਠੇ ਨੇ, ਕਿ ਜਹਾਜ਼ ਲੇਟ ਆ ਰਿਹਾ। ਇਸ ਕਰਕੇ ਤੁਸੀਂ ਸਾਡੀ ਚਿੰਤਾ ਨਾ ਕਰੋ। ਠੀਕ ਟਾਈਮ ਨਾਲ ਤੁਹਾਨੂੰ ਲੈਣ ਆ ਜਾਵਾਂਗੇ।" ਫੋਨ ਵਾਪਸ ਕਰਦਿਆਂ ਮੈਂ ਸਰਦਾਰ ਜੀ ਨੂੰ ਕਿਹਾ-ਸ਼ੁਕਰੀਆ...ਸਰ ਜੀ!

ਕਰੀਬਨ ਰਾਤ ਦੇ ਇਕ ਕੁ ਵਜੇ ਰੌਲਾ ਪੈ ਗਿਆ-"ਜਹਾਜ਼ ਆ ਗਿਆ! ਜਹਾਜ਼ ਆ ਗਿਆ!" ਸਭ ਸੁੱਤੇ-ਜਾਗਦੇ ਚੌਕੰਨੇ ਹੋ ਗਏ ਤੇ ਆਪੋ ਆਪਣਾ ਸਮਾਨ ਸਾਂਭ ਕੇ ਜਹਾਜ਼ ਵੱਲ ਜਾਣ ਲਈ ਲਾਈਨਾਂ ਵਿਚ ਲੱਗ ਗਏ। ਮੈਂ ਸਰਦਾਰ ਜੀ (ਜਿਨ੍ਹਾਂ ਨੇ ਕਿ ਵਾਕਫੀ ਪੈਦਾ ਹੋਏ ਆਪਣਾ ਨਾਂਅ ਬਲਵੀਰ ਸਿੰਘ, ਨਵਾਂਸ਼ਹਿਰ ਦਾ ਰਹਿਣ ਵਾਲਾ ਦੱਸਿਆ ਸੀ) ਦਾ ਪਿੱਛਾ ਨਾ ਛੱਡਿਆ ਤੇ ਉਹ ਮੈਨੂੰ ਆਪਣੇ ਨਾਲ-ਨਾਲ ਜਹਾਜ਼ ਵੱਲ ਲਈ ਜਾ ਰਹੇ ਸਨ। ਪੌੜੀਆਂ ਚੜ੍ਹ ਕੇ ਜਿਸ ਵੇਲੇ ਜਹਾਜ਼ ਦੇ ਦਰਵਾਜ਼ੇ ਰਾਹੀਂ ਅੰਦਰ ਦਾਖਲ ਹੋਏ ਏਅਰ-ਹੋਸਟਿਜ ਖੜ੍ਹੀਆਂ wish you Happy Journy ਹੱਥ ਖੜ੍ਹੇ ਕਰਕੇ ਕਹਿ



Namdhari Elibrary NamdhariElibrary@gmail.com

ਰਹੀਆਂ ਸਨ। ਮੈਂ ਵੀ ਹੱਥ ਹਿਲਾਇਆ। ਜਹਾਜ਼ ਵਿਚ ਅੰਦਰ ੨੧ ਨੰ. A-B-C ਸੀਟ ਭਾਲ ਕੇ ਬੈਠ ਗਏ। ਕਿੰਨੀ ਮਜ਼ੇ ਵਾਲੀ ਗੱਲ ਹੈ ਮੇਰੀ ਸੀਟ ਜਹਾਜ਼ ਦੀ ਸ਼ੀਸ਼ੇ ਵਾਲੀ ਬਾਰੀ ਵੱਲ ਸੀ, ਜਿਹੜੀ ਜਹਾਜ਼ ਦੇ 'ਪਰ' (ਖੰਭ) ਉਤੇ ਸੀ। ਸ਼ੀਸ਼ੇ ਵਿਚੀਂ ਜਹਾਜ਼ ਦੇ 'ਪਰ' ਦਿਸ ਰਹੇ ਸਨ। ਮੈਂ ਸੋਚਿਆ ਜੇ ਪਰ ਹਿਲ ਰਹੇ ਹਨ... ਹੇਠਾਂ ਵਸਦੀ ਦੁਨੀਆ ਵੀ ਤਾਂ ਦੇਖ ਹੀ ਹੋਣੀ ਹੈ।

ਖੈਰ, ਜਹਾਜ਼ ਡੇਢ ਵਜੇ ਸਟਾਰਟ ਹੋਇਆ ਤੇ ਹੌਲੀ ਹੌਲੀ ਹਵਾਈ ਪਟੜੀ ਉਤੇ ਚਲਦਾ-ਚਲਦਾ ਤੇਜ਼ ਹੋ ਗਿਆ ਤੇ ਇਕ ਹੁੱਝਕੇ ਜਿਹੇ ਨਾਲ ਧਰਤੀ ਨੂੰ ਛੱਡ ਕੇ ਉਪਰ ਆ ਗਿਆ। ਥੋੜ੍ਹੀ ਦੇਰ ਬਾਅਦ ਉਸਨੇ ਦੋ-ਤਿੰਨ ਝਟਕੇ ਜਿਹੇ ਮਾਰੇ ਤੇ ਬੱਦਲਾਂ ਤੋਂ ਉਪਰ ਉਠਕੇ ਖਿਲਾਅ ਵਿਚ ਪਹੁੰਚ ਗਿਆ ਤੇ ਆਪਣੀ ਮੰਜ਼ਿਲ ਵੱਲ ਵਧਣ ਲੱਗਾ।

ਮੈਂ ਬਾਰੀ ਨਾਲ ਅੱਖਾਂ ਲਾ ਕੇ ਦੇਖੀਆਂ, ਰਾਤ ਹੋਣ ਕਰਕੇ ਮੈਨੂੰ ਕੁਝ ਵੀ ਨਜ਼ਰ ਨਾ ਆਇਆ। ਜਹਾਜ਼ ਜਦ ਬੱਦਲਾਂ ਦੇ ਉਪਰ ਹੋਕੇ ਖਿਲਾਅ ਵਿਚ ਚਲਾ ਜਾਂਦਾ ਹੈ, ਤਾਂ ਹੇਠਾਂ ਸਿਰਫ ਬੱਦਲ ਹੀ ਨਜ਼ਰ ਆਉਂਦੇ ਹਨ ਜਾਂ ਲਾਗੇ ਦਿਸਦੇ ਜਹਾਜ਼ ਦੇ ਪਰ। ਦੁਨੀਆ ਉਦੋਂ ਨਜ਼ਰ ਆਉਂਦੀ ਹੈ, ਜਦ ਜਹਾਜ਼ ਫਿਰ ਬੱਦਲਾਂ ਤੋਂ ਹੇਠਾਂ ਧਰਤੀ ਵਲ ਨੂੰ ਉਤਰ ਰਿਹਾ ਹੋਵੇ ਤੇ ਧਰਤੀ ਤੋਂ ਥੋੜ੍ਹਾ ਉੱਚਾ ਹੋਵੇ।

ਮੈਨੂੰ ਨੀਂਦ ਕਿੱਥੇ ਆਉਣੀ ਸੀ! ਮੇਰੇ ਨਾਲ ਸਰਦਾਰ ਜੀ ਵੀ ਅੱਧ-ਸੁੱਤੇ ਜਿਹੇ ਨਜ਼ਰ ਆ ਰਹੇ ਸਨ। ਜਿਉਂ-ਜਿਉਂ ਜਹਾਜ਼ ਤੁਰੀ ਜਾ ਰਿਹਾ ਸੀ, ਤਿਉਂ-ਤਿਉਂ ਸਾਹਮਣੇ ਟੀ.ਵੀ. ਦੀ ਸਕਰੀਨ ਤੇ ਦਿਸ ਰਿਹਾ ਸੀ। ਅਗਲੇ ਦਿਨ ਤੜਕੇ ਚਾਰ ਵਜੇ ਅਸੀਂ ਆਸ਼ਕਾਬਾਦ (ਜਿਥੇ ਜਹਾਜ਼ ਨੇ ਸਿਰਫ ਇਕ ਘੰਟਾ ਠਹਿਰਨਾ ਸੀ) ਪਹੁੰਚ ਗਏ। ਇਥੇ ਜਹਾਜ਼ ਦੀ ਸਫਾਈ ਹੋਣੀ ਸੀ।

ਸਾਡੇ ਨਾਲ ਸਫਰ ਕਰ ਰਹੇ ਦੋ ਭਗਵੇਂ ਕੱਪੜਿਆਂ ਵਾਲੇ ਸਾਧ-ਸੰਤ ਵੀ ਸਨ। ਉਨ੍ਹਾਂ ਨਾਲ ਉਨ੍ਹਾਂ ਨੂੰ ਦੱਸਣ ਵਾਲੇ 'ਗਾਈਡ' ਵੀ ਸਨ। ਜਹਾਜ਼ ਖੜ੍ਹਾ ਹੋਣ ਤੇ ਸਭ ਤੋਂ ਪਹਿਲਾਂ ਉਹ ਉਤਰੇ, ਉਨ੍ਹਾਂ ਦੇ ਨਾਲ ਹੀ ਸਭ ਮੁਸਾਫਿਰ ਉਤਰ ਕੇ ਉਨ੍ਹਾਂ ਦੇ ਮਗਰ-ਮਗਰ ਤੁਰ ਪਏ। ਉਨ੍ਹਾਂ ਦੇ ਨਾਲ ਤੁਰੇ ਜਾਂਦਿਆਂ ਮੈਨੂੰ ਇਵੇਂ ਲੱਗਾ ਜਿਵੇਂ ਅਸੀਂ ਸਭ ਉਨ੍ਹਾਂ ਦੇ ਸ਼ਰਧਾਲੂ ਹੋਈਏ। ਪਰ ਐਸਾ ਨਹੀਂ ਸੀ।

ਇਕ ਘੰਟਾ ਵੇਟਿੰਗ ਹਾਲ ਵਿਚ ਬੈਠ ਕੇ ਅਸੀਂ ਸਭ ਸੁਆਰੀਆਂ ਵਾਪਸ ਜਹਾਜ਼ ਵੱਲ ਨੂੰ ਤੁਰ ਪਈਆਂ। ਆਪੋ-ਆਪਣੀਆਂ ਸੀਟਾਂ ਤੇ ਬੈਠ ਗਏ। ਜਹਾਜ਼ ਉੱਡ ਕੇ ਅਗਾਂਹ ਆਪਣੀ ਮੰਜ਼ਲ ਵਲ ਤੁਰ ਪਿਆ। ਫਿਰ ਸੋਢਾ-ਜੂਸ-ਸ਼ਰਾਬ ਲੈ ਕੇ ਉਹ ਸੇਵਾਦਾਰ ਕੁੜੀਆਂ ਆ ਗਈਆਂ। ਅਸੀਂ ਤਾਂ ਜੂਸ ਹੀ ਪੀਤਾ, ਪਰ ਸਾਡੇ ਨਾਲ ਬੈਠੇ ਤੀਜੇ ਮੁਸਾਫਰ ਨੇ ਝੱਟ ਦੇ ਕੇ ਕਿਹਾ-"ਵਾਈਨ... ਵਨ ਪੈਗ ਐਂਡ ਜੂਸ!" ਕੁੜੀਆਂ ਨੇ ਵੱਡਾ ਪੈੱਗ ਬਣਾ ਕੇ ਦਿੱਤਾ। ਜਨਾਬ ਹੋਰੀਂ ਦੋਨੋਂ ਚੀਜ਼ਾਂ ਮਿਕਸ ਕੀਤੀਆਂ ਤੇ ਗਟਾਗਟ ਕਰਕੇ ਦੋ ਸਾਹੀਂ ਪੀ ਗਏ। ਮੁੱਛਾਂ ਤੇ ਹੱਥ ਫੇਰ ਕੇ ਕਹਿਣ ਲੱਗੇ, "ਲੈ ਹੁਣ ਮਜ਼ਾ ਆਊ ਸਫ਼ਰ ਕਰਨ ਦਾ!" ਜਿਸ ਵੇਲੇ ਸ੍. ਬਲਵੀਰ ਸਿੰਘ ਨੇ ਇਹ ਦੇਖਿਆ, ਤਾਂ ਉਨ੍ਹਾਂ ਮੈਨੂੰ ਹੌਲੀ ਜਿਹੇ ਕਿਹਾ-ਤੁਸੀਂ ਇਧਰ ਆ ਜਾਓ। ਸੀਟਾਂ ਬਦਲ ਲਈਆਂ। ਪੌਣੇ ਕੁ ਘੰਟੇ ਬਾਅਦ ਖਾਣਾ ਆ ਗਿਆ। ਏਅਰ ਹੋਸਟਿਸ ਪੁੱਛ ਰਹੀਆਂ ਸਨ-ਵੈਜੀਟੇਰੀਅਨ ਔਰ ਨੌਨ-ਵੈਜੀਟੇਰੀਅਨ। ਉਸਨੇ ਕਿਹਾ-ਨੌਨ-ਵੈਜੀਟੇਰੀਅਨ। ਉਨ੍ਹਾਂ ਨੇ ਉਸ ਨੂੰ ਉਹੀ ਖਾਣਾ ਦੇ ਦਿੱਤਾ। ਮੇਰਾ ਤਾਂ ਰੂਹ ਨਹੀਂ ਸੀ ਕਰਦਾ ਕੁਝ ਵੀ ਖਾਣ ਨੂੰ, ਪਰ ਸਰਦਾਰ ਬਲਵੀਰ ਸਿੰਘ ਹੋਰੀਂ ਕਹਿਣ ਲੱਗੇ-ਅੱਗੇ ਫਿਰ ਕੁਝ ਨਹੀਂ ਮਿਲਣਾ...ਕੁਝ ਜ਼ਰੂਰ ਖਾ ਲਓ। ਮੈਂ ਉਨ੍ਹਾਂ ਨੂੰ ਪੁਛਿਆ ਤੁਸੀਂ ਕੁਝ ਲਓਗੇ, ਕਹਿਣ ਲੱਗੇ ਮੈਂ ਕੁਝ ਨਹੀਂ ਖਾਣਾ। ਚਲੋ ਜੱਕੋਤੱਕੀ ਵੈਜੀਟੇਰੀਅਨ ਕਹਿਕੇ ਇਕ ਬੰਦ ਕੀਤੀ ਹੋਈ ਖਾਣੇ ਵਾਲੀ ਪਲੇਟ ਫੜ ਲਈ। ਦੇਖਿਆ, ਵਿਚ ਮਿੱਠੀਆਂ ਚੀਜ਼ਾਂ ਵੀ ਸਨ। ਮੈਂ ਸਰਦਾਰ ਜੀ ਨੂੰ ਕਿਹਾ, ਤੁਸੀਂ ਇਸ ਤਰ੍ਹਾਂ ਕਰੋ ਔਹ ਮਿੱਠੀਆਂ ਚੀਜ਼ਾਂ ਤਾਂ ਲੈ ਹੀ ਲਓਗੇ ਇਹ ਤੁਸੀਂ ਲਓ... ਬਾਕੀ ਮੈਂ ਖਾ ਲਵਾਂਗਾ। ਮੇਰੇ ਕਹਿਣ ਤੇ ਉਨ੍ਹਾਂ ਸਿਰਫ ਇਕੋ ਆਈਟਮ ਹੀ ਲਈ ਤੇ ਕਹਿਣ ਲੱਗੇ-ਹੁਣ ਤੁਸੀਂ ਛਕੋ।

ਜਹਾਜ਼ ੭੮੦ ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਤੇ ਉੱਡ ਰਿਹਾ ਸੀ ਤੇ ਪੰਧ ਦੇ ਫਸਤੇ ਵੱਢ ਰਿਹਾ ਸੀ। ਟੈਲੀ ਤੇ ਇਹ ਸਭ ਗੱਲਾਂ ਵਾਰੀ-ਵਾਰੀ ਦਿਖਾਈਆਂ ਜਾ ਰਹੀਆਂ ਸਨ। ਖਾਣੇ ਦੀ ਖੁਮਾਰੀ ਵਿਚ ਸਭ ਦੀਆਂ ਅੱਖਾਂ ਮੀਟੀਆਂ ਗਈਆਂ ਸਨ। ਮੈਨੂੰ ਵੀ ਝਪਕੀ ਜਿਹੀ ਆ ਰਹੀ ਸੀ। ਵਿਰਲੇ-ਵਿਰਲੇ ਆਪੋ-ਵਿਚ ਗੱਲਾਂ ਕਰ ਰਹੇ ਸਨ। ਮੈਂ ਵੀ ਸਰਦਾਰ ਜੀ ਨਾਲ ਗੱਲ ਤੋਰਦੇ ਪੁਛਿਆ-ਕਿਹੜਾ ਅਖਬਾਰ ਪੜ੍ਹਦੇ ਹੋ! ਕਹਿਣ ਲੱਗੇ-'ਸਤਿਜੁਗ' ਲੁਆਇਆ ਹੋਇਆ। ਮੈਂ ਪੁੱਛਿਆ 'ਵਰਿਆਮ' ਨਹੀਂ ਲੁਆਇਆ? ਨਹੀਂ, ਉਹ ਸਾਡੇ ਦੁਆਂਢ ਆਉਂਦਾ, ਓਥੋਂ ਹੀ ਪੜ੍ਹ ਲਈਦਾ। ਮੈਂ ਕਿਹਾ, "ਤੁਸੀਂ ਵਰਿਆਮ ਵੀ ਆਪਣੇ ਘਰ ਜ਼ਰੂਰ ਲੁਆਓ, ਬੜੇ ਵਧੀਆ, ਹਰ ਤਰ੍ਹਾਂ ਦੇ ਮੈਟਰ ਹੁੰਦੇ ਨੇ।" "ਅੱਛਾ ਘਰ ਜਾ ਕੇ ਬੱਚਿਆਂ ਨਾਲ ਸਲਾਹ ਕਰਾਂਗਾ।"

ਇਸ ਤਰ੍ਹਾਂ ਸੌਂਦੇ-ਜਾਗਦੇ-ਗੱਲਾਂ ਕਰਦਿਆਂ ਬਰਤਾਨੀਆ ਦੀਆਂ ਹੱਦਾਂ ਤੇ ਪਹੁੰਚ ਗਏ। ਬਲਵੀਰ ਸਿੰਘ ਨੇ ਸਕਰੀਨ ਵਲ



Namdhari Elibrary NamdhariElibrary@gmail.com

ਵੇਖ ਕੇ ਕਿਹਾ-"ਲਓ ਜੀ ਹੁਣ ਆਪਾਂ ਘੰਟੇ ਕੁ ਤਕ ਪਹੁੰਚਣ ਵਾਲੇ ਹਾਂ।" ਇਕ ਵਾਰ ਫੇਰ ਜੂਸ ਪੀਤਾ। ਜਦ ਤਕ ਬਰਤਾਨੀਆ ਦੇ ਨਕਸ਼ੇ ਤੇ ਬਰਮਿੰਘਮ ਤੇ ਇੰਡੀਕੇਸ਼ਨ ਹੋਣ ਲੱਗਾ ਪਈ। ਮੈਂ ਸਮਝ ਗਿਆ ਅਸਾਂ ਇਥੇ ਉਤਰਨਾ ਹੈ। ਕੁਝ ਹੀ ਮਿੰਟਾਂ ਵਿਚ ਗੇਅਰ ਜਿਹੇ ਬਦਲੇ, ਜਹਾਜ਼ ਬੱਦਲਾਂ ਤੋਂ ਥੱਲੇ ਆ ਗਿਆ। ਸ਼ੀਸ਼ਿਆਂ ਵਿਚ ਦੀ ਹੇਠਾਂ ਦੁਨੀਆ ਦਿਸੀ। ਝੱਟ ਹੀ ਜਹਾਜ਼ ਲੈਂਡ ਹੋ ਗਿਆ ਯਾਨੀ ਧਰਤੀ ਤੇ ਉਤਰ ਕੇ ਹੌਲੀ ਹੌਲੀ ਲੀਹ ਤੁਰਦਾ ਇਕ ਜਗ੍ਹਾ ਰੁਕ ਗਿਆ।

ਦੁਨੀਆ ਕਾਹਲੀ ਬੜੀ ਕਰਦੀ ਐ, ਇਕ ਦੂਜੇ ਤੋਂ ਮੂਹਰੇ ਹੋ ਹੋ ਜਹਾਜ਼ ਵਿਚੋਂ ਨਿਕਲਣ। ਸਰਦਾਰ ਜੀ ਕਹਿਣ ਲੱਗੇ-ਜਾ ਲੈਣ ਦੇ ਸਭ ਨੂੰ ਫਿਰ ਨਿਕਲਦੇ ਹਾਂ। ਉਤਰਦਿਆਂ ਉਨ੍ਹਾਂ ਸਮਝਾਇਆ-"ਮੇਰੇ ਲਾਈਨ ਵੱਖਰੀ ਹੋਣੀ ਹੈ; ਕਿਉਂਕਿ ਮੇਰੇ ਕੋਲ ਬ੍ਰਿਟਿਸ਼ ਪਾਸਪੋਰਟ ਹੈ...ਤੁਹਾਡੀ ਇੰਡੀਅਨ ਪਾਸਪੋਰਟ ਵਾਲਿਆਂ ਦੀ ਵੱਖਰੀ।"। ਬ੍ਰਿਟਿਸ਼ ਤਾਂ ਚਾਰ ਪੰਜ ਹੀ ਸਨ, ਪਰ ਇੰਡੀਅਨ ਪਾਸਪੋਰਟ ਵਾਲਿਆ ਦੀ ਤਾਂ ਭੀੜ ਲੱਗੀ ਪਈ ਸੀ। ਸਰਦਾਰ ਜੀ ਫਟਾਫਟ ਬਾਹਰ ਚਲੇ ਗਏ, ਪਰ ਮੈਂ ਪੂਰੇ ਚਾਲੀ-ਪੰਜਾਹ ਮਿੰਟ ਬਾਅਦ ਚੈਕ-ਪੋਸਟ ਤੋਂ ਬਾਹਰ ਨਿਕਲਿਆ। ਦੇਖਿਆ ਸਰਦਾਰ ਜੀ ਕਨਵੇਅਰ ਦੇ ਕੋਲ ਖੜ੍ਹੇ ਹਨ। ਮੈਨੂੰ ਦੇਖਕੇ ਕਹਿਣ ਲੱਗੇ-ਆਪਣਾ ਅਟੈਚੀ ਦੇਖੋ। ਦੂਰੋਂ ਪਛਾਣ ਕੇ ਆਉਂਦੇ ਅਟੈਚੀ ਨੂੰ ਹੱਥ ਪਾ ਲਿਆ ਤੇ ਲਾਹ ਕੇ ਟਰਾਲੀ ਤੇ ਰੱਖ ਕੇ ਉਨ੍ਹਾਂ ਦੇ ਨਾਲ ਤੁਰ ਪਿਆ। ਚਲਦੇ-ਚਲਦੇ ਮੈਂ ਉਨ੍ਹਾਂ ਦਾ ਫੋਨ ਨੰਬਰ ਵੀ ਲੈ ਕੇ ਲਿਖ ਲਿਆ।

ਬਾਹਰ ਨਿਕਲੇ ਤਾਂ ਦੇਖਿਆ ਹਲਕੀ ਬਾਰਸ਼ ਹੋ ਰਹੀ ਹੈ। ਦੂਰੋਂ ਦੇਖਿਆ ਸਰਦਾਰ ਜੀ ਦਾ ਪਰਿਵਾਰ ਉਨ੍ਹਾਂ ਦੀ ਉਡੀਕ ਕਰ ਰਿਹਾ ਸੀ। ਮੇਰੇ ਦੋਵੇਂ ਭਤੀਜੇ ਤੇ ਮੇਰਾ ਲੜਕਾ ਮੇਰੀ ਬੜੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਜਿਉਂ ਹੀ ਮੈਂ ਉਨ੍ਹਾਂ ਦੇ ਲਾਗੇ ਗਿਆ, ਟਰਾਲੀ ਛੱਡ ਕੇ ਘੁੱਟ ਕੇ ਤਿੰਨਾਂ ਨੂੰ ਜੱਫੀ ਪਾ ਲਈ। ਉਧਰ ਸਰਦਾਰ ਜੀ ਦੇ ਬੱਚੇ ਵੀ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਕਹਿ ਕੇ ਘੁੱਟ ਕੇ ਮਿਲੇ। ਮੈਂ ਵੀ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਆਪਣੇ ਬੱਚਿਆਂ ਨਾਲ ਜਾਣ-ਪਛਾਣ ਕਰਾਈ। ਆਪੋ-ਆਪਣਾ ਸਾਮਾਨ ਕਾਰਾਂ ਵਿਚ ਰੱਖ ਕੇ ਸਰਦਾਰ ਜੀ ਨਾਲ ਹੱਥ ਮਿਲਾਇਆ ਤੇ ਕਾਰ ਵਿਚ ਬੈਠਣ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਕਿਹਾ-"ਅੱਛਾ ਸਰਦਾਰ ਜੀ ਆਪ ਜੀ ਦਾ ਬਹੁਤ ਬਹੁਤ ਸ਼ੁਕਰੀਆ...ਤੁਸੀਂ ਮੇਰੀ ਬੜੀ ਮਦਦ ਕੀਤੀ, ਏਸ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ!... ਫੋਨ ਜ਼ਰੂਰ ਕਰਾਂਗਾ।"

ਉਨ੍ਹਾਂ ਦੀ ਕਾਰ ਵੀ ਤੇ ਸਾਡੀ ਕਾਰ ਵੀ ਆਪੋ-ਆਪਣੇ ਘਰਾਂ ਨੂੰ ਰਵਾਨਾ ਹੋ ਗਈਆਂ।

*ਲੀਡਜ਼- ੧੭ (ਯੂ.ਕੇ.)*

# ਕੁੱਖ 'ਚ ਪਈ ਧੀ ਦਾ ਤਰਲਾ

*—ਪਵਨ ਧੌਲਾ*

"ਸੁਣ ਸੁਣ-ਸੁਣ ਮੇਰੀ ਤੂੰ ਪੁਕਾਰ ਅੰਮੀਏ
ਡਰ ਗਈ ਮੈਂ ਕੱਲ੍ਹ!
ਜਦੋਂ ਬਾਪੂ ਕੀਤੀ ਤੇਰੇ ਨਾਲ ਗੱਲ
ਛੱਡ ਦੇ ਸਿਆਪਾ ਇਹਨੂੰ ਨਾ ਹੀ ਜੰਮੀਏ
ਸੁਣ ਸੁਣ-ਮੇਰੀ ਤੂੰ ਪੁਕਾਰ ਅੰਮੀਏ

ਨਿੱਕੀ ਹੁੰਦੀ ਜਦੋਂ ਤੇਰੇ ਨਾਲ ਸੌਂਵਾਂਗੀ
ਸੁੱਕੇ ਪੈਂਜੀ ਤੂੰ ਗਿਲੇ ਮੈਂ ਸੌਲਾਂਗੀ
ਚਿੱਟੀ ਚਾਦਰ ਨਾ ਹੋਣ ਦਿਉਂ ਦਾਗਦਾਰ ਅੰਮੀਏ
ਸੁਣ ਸੁਣ ਸੁਣ ਮੇਰੀ ਤੂੰ ਪੁਕਾਰ ਅੰਮੀਏ!

ਬਚਪਨ ਦੀ ਉਮਰੇ ਨਾ ਗੁੱਡੀਆਂ ਪਟੋਲੇ ਮੰਗਾਂਗੀ
ਪੜ੍ਹਨ ਸਕੂਲੇ ਜੇ ਨਾ ਤੋਰੀ ਤਾਂ ਜ਼ਰੂਰ ਸੰਗਾਂਗੀ
ਢੇਰ ਸਾਰੀਆਂ ਜਮਾਤਾਂ ਪੜ੍ਹ ਕਰਾਉਂ ਸਤਿਕਾਰ ਅੰਮੀਏ
ਸੁਣ.........................................................

ਮਿੱਟੀ ਵਿਚ ਰੋਲੂੰ ਨਾ ਮੈਂ ਬਾਬਲੇ ਦੀ ਪੱਗ ਨੂੰ
ਅੰਬਰਾਂ ਨੂੰ ਛੂਹ ਕੇ ਮੈਂ ਵਿਖਾਉਂ ਸਾਰੇ ਜੱਗ ਨੂੰ
ਕਲਪਨਾ ਦੇ ਵਾਂਗ ਦੁਨੀਆਂ ਬਣਾਲੂੰ ਪਰਿਵਾਰ ਅੰਮੀਏ
ਸੁਣ.........................................................

ਵੀਰ ਮੇਰਾ ਹੋਊਂ ਤਾਂ ਕਰੂੰ ਧੰਨਵਾਦ ਬਾਪ ਦਾ
ਭਰਮ ਮਿਟਾਦੂੰ ਕਿ ਧੀ ਜੰਮਣੀ ਹੈ ਕਸੂਰ ਆਪਦਾ
ਹਰਗੋਬਿੰਦ ਖੁਰਾਨ ਵਾਲੇ ਕਦਮਾਂ ਦੀ ਬਣੂ ਰਾਹਗੀਰ ਅੰਮੀਏ
ਸੁਣ ਸੁਣ ਮੇਰੀ ਤੂੰ ਪੁਕਾਰ ਅੰਮੀਏ
ਡਰ ਗਈ ਮੈਂ ਕੱਲ੍ਹ!
ਜਦੋਂ ਬਾਪੂ ਕੀਤੀ ਤੇਰੇ ਨਾਲ ਗੱਲ
ਛੱਡ ਦੇ ਸਿਆਪਾ ਇਹਨੂੰ ਨਾ ਹੀ ਜੰਮੀਏ
ਸੁਣ .........................................................

*ਏਲਨਾਬਾਦ*

*੦੯੪੧੬੨-੮੪੬੩੯*



Namdhari Elibrary NamdhariElibrary@gmail.com

# ਨਾਮਧਾਰੀ ਅਮਰੀਕ ਸਿੰਘ











ਇੰਡੀਅਨ ਅਕੈਡਮੀ ਅਫ਼ ਫਾਈਨ ਆਰਟਸ ਅਮ੍ਰਿਤਸਰ ਵਲੋਂ ੨੦੦੭ ਵਿਚ ੭੩ਵੀ ਕਲਾ ਪ੍ਰਦਰਸ਼ਨੀ ਸਮੇਂ ਅਮਰੀਕ ਸਿੰਘ ਨੂੰ ਦਸ ਹਜ਼ਾਰ ਦਾ ਪੁਰਸਕਾਰ ਮਿਲਿਆ ਹੈ। ਇਹ ਪੁਰਸਕਾਰ ਪੱਥਰ ਤਰਾਸ਼ ਕੇ ਖ਼ੂਬਸੂਰਤ ਕਲਾ ਕ੍ਰਿਤੀਆਂ ਵਿਸ਼ੇਸ਼ ਕਰ ਕੇ ਓਮ ਅਤੇ ੧ਓ ਦੇ ਸਿਰਜਨ ਕਰ ਕੇ ਮਿਲਿਆ ਹੈ।

ਨਾਮਧਾਰੀ ਅਮਰੀਕ ਸਿੰਘ ਬਹੁਤ ਮਿਹਨਤੀ ਇਨਸਾਨ ਹੈ ਜ਼ਿੰਦਗੀ ਵਿਚ ਬਹੁਤ ਕੰਮ ਕੀਤਾ ਹੈ। ਵਡੇ ਪਰਿਵਾਰ ਨੂੰ ਪਾਲਣ, ਉੜਾਂ ਥੁੜਾਂ ਨਾਲ ਜੂਝਦਿਆਂ ਉਸ ਦੀ ਪਾਲਣਾ ਪੋਸਣਾ ਅਤੇ ਸਥਾਪਤ ਕਰਨ ਵਿਚ ਉਸ ਲਗਾਤਾਰ ਮਿਹਨਤ ਕੀਤੀ ਹੈ। ਏਨਾ ਕੁਝ ਕਰਨ ਦੇ ਨਾਲ ਸੰਗੀਤ ਅਤੇ ਬੁੱਤ ਕਲਾ



Namdhari Elibrary NamdhariElibrary@gmail.com

(Sculplture) ਵਿਚ ਵੀ ਉਸਨੇ ਬੜਾ ਨਾਮ ਕਮਾਇਆ ਹੈ। ਉਹ ਆਪ ਸ਼ਾਸਤਰੀ ਗਾਇਨ ਦਾ ਵਿਦਿਆਰਥੀ ਹੈ। ਘਰ ਵਿਚ ਤਾਨ ਪੂਰੇ ਅਤੇ ਸਿਤਾਰਾਂ ਦੀਆਂ ਧੁਨੀਆਂ ਗੂੰਜਦੀਆਂ ਹੀ ਰਹਿੰਦੀਆਂ ਹਨ। ਅਗੋਂ ਇਹ ਗੁਣ ਆਪਣੇ ਪਰਿਵਾਰ ਖਾਸ ਕਰ ਕੇ ਲੜਕੀਆਂ ਨੂੰ ਵੀ ਦਿੱਤਾ ਹੈ। ਉਸ ਦੀ ਵੱਡੀ ਲੜਕੀ ਤਾਂ ਸੰਗੀਤ ਦਾ ਇਕ ਸਕੂਲ ਵੀ ਚਲਾ ਰਹੀ ਹੈ ਅਤੇ ਦੋਹਤੇ ਅਗੋਂ ਕਲਾਕਾਰ ਹਨ। ਸੰਗੀਤ ਤੋਂ ਬਾਦ ਉਸ ਨੇ ਪੱਥਰ ਲਕੜ ਤਰਾਸ਼ ਕੇ ਕਲਾ ਕ੍ਰਿਤੀਆਂ ਬਣਾਉਣੀਆਂ ਸ਼ੁਰੂ ਕੀਤੀਆਂ ਅਤੇ ਜਿਵੇਂ ਉਪਰ ਦਸਿਆ ਹੈ ਵਿਸ਼ੇਸ਼ ਕਰਕੇ ਧਾਰਮਕ ਚਿੰਨਾਂ ਓਮ ਅਤੇ ੧ਓਂ ਨੂੰ ਪਥਰਾਂ ਚੋਂ ਸੁੰਦਰ ਸਰੂਪ ਬਖਸ਼ੇ ਹਨ।

ਨਾਮਧਾਰੀ ਅਮਰੀਕ ਸਿੰਘ ਦਾ ਜਨਮ : ੧੯੩੨ ਵਿਚ ਅਮ੍ਰਿਤਸਰ ਵਿਚ ਹੋਇਆ। ਜੰਮੂ ਵਿਚ ਗਨ ਫੈਕਟਰੀਆਂ ਵਿਚ ਖਰਾਦ ਅਤੇ ਫਿਟਿੰਗ ਦਾ ਕੰਮ ਕੀਤਾ ਅਤੇ ਬਾਦ ਵਿਚ ਆਪਣੀ ਵਰਕਸ਼ਾਪ ਵੀ ਲਾਈ। ਜੰਮੂ ਵਿਚ ਹੀ ਜੇ ਐਂਡ ਕੇ ਅਕੈਡਮੀ ਆਫ ਆਰਟ ਕਲਚਰ ਐਂਡ ਲੈਂਗੂਏਜਿਜ਼ ਵਿਚੋਂ ਸ਼ੁਰੂ ਵਿਚ ਕਲਾਸੀਕਲ ਗਾਣਾ ਸਿਖਿਆ ਅਤੇ ਵਿਕਸਤ ਕੀਤਾ। ਇਸ ਉਪਰੰਤ ਇਸੇ ਅਕੈਡਮੀ ਦੇ ਪ੍ਰੋਫੈਸਰ, ਗਾਂਧੀ ਨਗਰ ਜੰਮੂ ਵਿਚ ਮਸ਼ਹੂਰ ਬੁਤ-ਤਰਾਸ਼ ਮੂਰਤੀਕਾਰ ਸ੍ਰੀ ਵੀ.ਆਰ ਖਜੂਰੀਆ ਦੇ ਸਟੂਡੀਓ ਵਿਚ ਲਕੜ ਅਤੇ ਪੱਥਰ ਵਿਚ ਮੂਰਤੀ ਕਲਾ ਦੀ ਸਿਖਿਆ ਲਈ। ਉਸ ਦੀਆਂ ਬਣੀਆਂ ਸੁੰਦਰ ਕਲਾ ਕ੍ਰਿਤੀਆਂ ਨੇ ਅਮਰੀਕ ਸਿੰਘ ਪਛਾਣ ਦੂਰ ਦੂਰ ਤਕ ਬਣਾਈ ਹੈ।

**ਵਰਕਸ਼ਾਪਾਂ ਅਤੇ ਕੈਂਪਾਂ ਵਿਚ ਭਾਗ ਲਿਆ—**

੧੯੮੯- ਆਲ ਇੰਡੀਆ ਸਕੱਲਪਚਰ ਕੈਂਪ ਜੇ ਐਂਡ ਕੇ ਕਲਚਰਲ ਅ[illegible]ੀ ਜੰਮੂ ਦੁਆਰਾ ਆਯੋਜਤ।

੧੯੯੨-ਸਾਊਥ ਜ਼ੋਨ ਕਲਚਰਲ ਸੈਂਟਰ ਨਾਗਪੁਰ ਵਲੋਂ ਵਾਰੰਗਲ ਆਂਧਰਾ ਪ੍ਰਦੇਸ਼।

੧੯੯੪- ਉਪਰੋਕਤ ਸੰਸਥਾ ਵਲੋਂ ਮਹਾਂਰਾਸ਼ਟਰ ਦੇ ਖਾਮ ਗਾਓਂ-ਵਿਚ ਕੈਂਪ।

੧੯੯੫-ਕਲਾਗਰਾਮ ਚੰਡੀਗੜ੍ਹ ਵਿਚ ਨਾਰਥ ਜ਼ੋਨ ਕਲਚਰਲ ਸੈਂਟਰ ਵਲੋਂ ਆਯੋਜਿਤ ਪੱਥਰ ਤਰਾਸ਼ਣ ਦਾ ਕੈਂਪ।

੧੯੯੬- ਪੱਥਰ ਤਰਾਸ਼ੀ ਕੈਂਪ, ਨਾਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਵਲੋਂ ਸ਼ੀਸ਼ ਮਹੱਲ ਪਟਿਆਲਾ ਵਿਖੇ।

**ਸਨਮਾਨ Awards**

-ਇੰਡੀਅਨ ਅਕੈਡਮੀ ਆਫ ਫਾਈਨ ਆਰਟਸ ਅਮ੍ਰਿਤਸਰ ਵਲੋਂ ਆਯੋਜਿਤ ਕਲਾ ਪ੍ਰਦਰਸ਼ਨੀ, ੧੯੮੦, ੮੩, ੮੪, ੮੬, ੮੮ and ੮੯.

-ਜੰਮੂ ਕਸ਼ਮੀਰ ਅਕੈਡਮੀ ਵਲੋਂ ਆਯੋਜਿਤ ਸਾਲਾਨਾ ਪ੍ਰਦਰਸ਼ਨੀਆਂ ੧੯੮੧-੧੯੮੯

-ਮਹਾਂ ਕਲਾ ਕੌਸ਼ਲ ਪਰੀਸ਼ਦ ਰਾਏਪੁਰ ਮੱਧ ਪ੍ਰਦੇਸ਼ ਵਲੋਂ ਕੀਤੀਆਂ ਪ੍ਰਦਰਸ਼ਨੀਆਂ- ੧੯੮੬ ਅਤੇ ੧੯੮੭

-ਸਾਊਥ ਜ਼ੋਨ ਕਲਚਰਲ ਸੈਂਟਰ ਨਾਗਪੁਰ ਵਲੋਂ ਆਲ ਇੰਡੀਆ ਕਲਾ ਪ੍ਰਦਰਸ਼ਨੀ-੧੯੯੨

**ਆਪਣੀਆਂ ਇਕਲੇ ਦੀ ਨੁਮਾਇਸ਼ਾਂ**

**Solo exhibtions**

-ਅਮ੍ਰਿਤਸਰ ਦੀ ਅਕੈਡਮੀ ਆਫ਼ ਫਾਈਨ ਆਰਟਸ-੧੯੮੦ ਮਰਮਰੀ ਪੱਥਰ ਅਤੇ ਲਕੜ ਦੀਆਂ ਕਲਾ ਕ੍ਰਿਤੀਆ ਦੀ ਨੁਮਾਇਸ਼

-ਮੁੰਬਈ ਦੀ ਮਸ਼ਹੂਰ ਜਹਾਂਗੀਰ ਆਰਟ ਗੈਲਰੀ ਵਿਚ ਕਾਲੇ ਪੱਥਰ ਦੀਆਂ ਕਲਾ ਕ੍ਰਿਤੀਆਂ ਦੀ ਨੁਮਾਇਸ਼

-ਸ਼ੀਸ਼ ਮਹੱਲ ਪਟਿਆਲਾ ਵਿਚ ਉਤਰੀ ਖੇਤਰ ਸਭਿਆਚਾਰਕ ਕੇਂਦਰ ਵਲੋਂ ਕਸ਼ਮੀਰੀ ਪੱਥਰਾਂ ਦੀਆਂ ਕਲਾ ਕ੍ਰਿਤੀਆਂ-੧੯੮੮

-ਸ੍ਰੀ.ਵੀ.ਆਰ ਖਜੂਰੀਆ ਦੀ ਮਿਠੀ ਯਾਦ ਵਿਚ ਅਭਿਨਾਵ ਥੀਏਟਰ ਜੰਮੂ ਵਿਚ ਸਕਲਪਚਰ ਸ਼ੋਅ-੧੯੯੬

-ਵੀਰਾਜ ਆਰਟ ਗੈਲਰੀ ਵਿਚ ਪੱਥਰ ਦੀਆਂ ਕਲਾ ਕ੍ਰਿਤੀਆਂ ਦੀ ਨਮਾਇਸ਼

ਦੇਸ ਦੇ ਪ੍ਰਮੁਖ ਕਲਾ ਕੇਂਦਰਾਂ, ਨਵੀਂ ਦਿਲੀ, ਅਮ੍ਰਿਤਸਰ, ਰਾਏਪੁਰ ਮੱਧ ਪ੍ਰਦੇਸ਼, ਜੰਮੂ, ਨਾਗਪੁਰ ਦੀਆਂ ਪਰਮੁਖ ਪ੍ਰਦਰਸ਼ਨੀਆਂ ਅਤੇ ਕੈਂਪਾਂ ਵਿਚ ਹਿਸਾ ਲਿਆ ਅਤੇ ਪਾਰਸੰਸਾ ਪ੍ਰਾਪਤ ਕੀਤੀ।

ਦੇਸ਼ ਦੇ ਪ੍ਰਮੁਖ ਥਾਵਾਂ ਤੇ ਨਾਮਧਾਰੀ ਅਮਰੀਕ ਸਿੰਘ ਦੀਆ ਕਲਾ ਕ੍ਰਿਤੀਆਂ ਖਰੀਦ ਕੇ ਸਦਾ ਲਈ ਪ੍ਰਦਰਸ਼ਤ ਹਨ। ਭਾਰਤ ਵਿਚ ਅਤੇ ਬਾਹਰ ਕਈ ਨਿਜੀ ਥਾਵਾਂ ਤੇ ਵੀ ਇਹ ਕਲਾ ਕ੍ਰਿਤੀਆਂ ਸਸ਼ੋਭਤ ਹਨ।

ਅਮਰੀਕ ਸਿੰਘ ਇਕ ਮੁਹੱਬਤੀ ਇਨਸਾਨ ਹੈ। ਬਹੁਤ ਸਾਦਾ ਅਤੇ ਸਾਧਾਰਨ ਦਿੱਖ ਵਾਲਾ ਖ਼ਰੀਰ ਦੂੰ ਵਾਂ ਵਾਲਾ ਮਿਲਣਸਾਰ ਅਤੇ ਆਮ ਲੋਕਾਂ ਚ ਰਹਿਣ ਵਾਲਾ। ਨਾਨਕ ਨਗਰ ਜੰਮੂ ਵਿਚਲਾ ਓਹਦਾ ਘਰ ਵੀ ਇਕ ਕਲਾ ਦਾ ਘਰ ਹੈ। ਇਹ ਸਭ ਕੁਝ ਉਸ ਦੇ ਸਿਦਕ ਭਰੋਸੇ ਅਤੇ ਕਰੜੀ ਮਿਹਨਤ ਦਾ ਫਲ ਹੈ।



Namdhari Elibrary NamdhariElibrary@gmail.com

# ਸੰਤ ਹਰੀ ਸਿੰਘ ਭੋਗਲ

ਇੰਗਲੈਂਡ ਦੇ ਲੀਡਜ਼ ਸ਼ਹਿਰ ਦੇ ਵਸਨੀਕ ਸੰਤ ਹਰੀ ਸਿੰਘ ਭੋਗਲ ਜੀ ਨੂੰ ਅੱਜ ੮੭ ਸਾਲ ਦੀ ਉਮਰ ਵਿਚ ਵੀ ਨੌਜਆਨਾ ਵਾਂਗ ਸ਼ਹਿਰ ਵਿਚ ਪੈਦਲ ਸਫਰ ਕਰਦੇ ਵੇਖਿਆ ਜਾ ਸਕਦਾ ਹੈ। ਸ਼ਾਇਦ ਇਹ ਹੀ ਇਨ੍ਹਾਂ ਦੀ ਚੰਗੀ ਸਿਹਤ ਦਾ ਰਾਜ਼ ਹੈ। ਅੱਜ ਹਰ ਤਰ੍ਹਾਂ ਦੀ ਸੁਵਿਧਾ ਦੇ ਹੁੰਦਿਆਂ ਵੀ ਇਹ ਤੁਰਨ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ। ਨਜ਼ਰ ਵੀ ਬਹੁਤ ਅੱਛੀ ਹੈ।



ਸੰਤ ਜੀ ਦਾ ਪਰਵਾਰ ਤੇ ਇਨ੍ਹਾਂ ਦਾ ਨਾਨਕਾ ਪਰਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਵਰਸਾਏ ਆਦਿ ਨਾਮਧਾਰੀ ਹਨ। ਪਿਤਾ ਸੰਤ ਸ਼ੇਰ ਸਿੰਘ ਤੇ ਮਾਤਾ ਕਰਮ ਕੌਰ ਘਰ ੧੯੨੦ ਈ. ਵਿਚ ਇਨ੍ਹਾਂ ਦਾ ਜਨਮ ਹੋਇਆ ਇਹਨਾਂ ਦਾ ਪਿੰਡ ਸਾਹਲੋਂ ਨਵਾਂ ਸ਼ਹਿਰ ਨੇੜੇ ਹੈ ਤੇ ਰਿਹਾਇਸ਼ ਬੰਗਾ ਹੀ ਰਹੀ।

ਨਾਨਕਾ ਪਿੰਡ ਧੁਲੇਤਾ ਹੈ ਜਿਥੋਂ ਦਾ ਰਾਗੀ ਦਿੱਤੂ 'ਗੁਰਦਿਤ ਸਿੰਘ' ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਭ ਤੋਂ ਪਹਿਲਾ ਕੋਰੜਨੀਆ ਹੋਇਆ ਹੈ।

ਨਾਨਾ ਸੰਤ ਗੰਡਾ ਸਿੰਘ ਤੇ ਨਾਨੀ ਪ੍ਰੇਮ ਕੌਰ ਜੀ ਸਨ। ਇਨ੍ਹਾਂ ਦੇ ਮਾਮਾ ਸੰਤ ਸਿੰਘ ਜੀ 'ਵਿਰਦੀ' ਦਿੱਲੀ ਦੇ ਪੁਰਾਣੇ ਨਾਮਧਾਰੀ ਵਸਨੀਕ ਸਨ ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਾਣ ਦਿੰਦੇ ਫੁਰਮਾਂਦੇ ਹੁੰਦੇ ਸਨ ਕਿ ਦਿੱਲੀ ਤਾਂ ਸਾਨੂੰ ਸੰਤ ਸਿੰਘ ਨੇ ਹੀ ਵਿਖਾਈ ਹੈ।

ਇਨ੍ਹਾਂ ਦੇ ਦਾਦਾ ਜੀ ਨੇ ਲੁਧਿਆਣੇ ਗੱਡਿਆਂ ਦੀਆਂ ਪਿੰਜਨੀਆਂ ਬਨਾਉਣ ਦਾ ਕਾਰੋਬਾਰ ਸ਼ੁਰੂ ਕੀਤਾ। ਇਨ੍ਹਾਂ ਦੇ ਪਿਤਾ ਜੀ ਤੇ ਵੱਡੇ ਭਰਾ ਨਾਨਕ ਸਿੰਘ ਜੀ ਉਸ ਕੰਮ ਵਿਚ ਸਹਿਯੋਗੀ ਸਨ। ਉਹ ਉਦੋਂ ਪੜ੍ਹਾਈ ਕਰ ਰਹੇ ਸਨ। ਅੱਠਵੀਂ ਤਕ ਵਿਦਿਆ ਗ੍ਰਹਿਣ ਕਰਨ ਤੋਂ ਬਾਦ ਆਪਣੇ ਪਿਤਾ ਜੀ ਨਾਲ ਲਾਹੌਰ ਕੁਝ ਸਮਾਂ ਲੱਕੜੀ ਦਾ ਕੰਮ ਕਰਦੇ ਰਹੇ ਤੇ ਫਿਰ ਅਪਣੇ ਮਾਮਾ ਜੀ ਕੋਲ ਦਿੱਲੀ ਚਲੇ ਗਏ। ਉਥੇ ਕੁਝ ਵਕਤ ਕਾਰੋਬਾਰ ਕਰਨ ਤੋਂ ਬਾਅਦ ੧੯੩੮ ਵਿਚ ਨੈਰੋਬੀ (ਕੀਨੀਆ) ਚਲੇ ਗਏ ਉਥੇ ਇਨ੍ਹਾਂ ਦੇ ਵੱਡੇ ਵੀਰ ਨਾਨਕ ਸਿੰਘ ਜੀ ਪਹਿਲਾਂ ਹੀ ਜਾ ਚੁਕੇ ਸਨ।

ਨੈਰੋਬੀ ਕੁਝ ਸਮਾਂ ਬਿਤਾਉਣ ਤੋਂ ਬਾਅਦ ਕਾਕਾ ਮੇਘਾ ਨਾਮ ਦੇ ਸਥਾਨ ਤੇ ਸੋਨੇ ਦੀਆਂ ਖਾਨਾਂ ਵਿਚ ਸੁਪਰਵਾਈਜ਼ਰ ਰਹੇ। ਇਸ ਤੋਂ ਬਾਅਦ ੨੦ ਸਾਲ ਯੁਗੰਡਾ ਦੇ ਸ਼ਹਿਰ ਮਬਾਲੀ ਵਿਚ ਸ. ਚੰਨਣ ਸਿੰਘ ਪ੍ਰੀਤਮ ਸਿੰਘ ਬਿਲਡਿੰਗ ਕੰਨਟਰੈਕਟਰ ਕੋਲ ਕੰਮ ਕੀਤਾ। ਸਾਰਾ ਕਾਰੋਬਾਰ ਇਨਾ ਦੀ ਦੇਖ ਰੇਖ ਵਿਚ ਸੀ। ਇਨਾਂ ਦੇ ਮਿਠੇ ਸੁਭਾਅ ਮਰਿਆਦਾ ਤੇ ਨੇਕ ਨੀਅਤੀ ਤੋਂ ਪਰਭਾਵਿਤ ਹੋ ਕੇ ਕੰਪਨੀ ਮਾਲਿਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਫਰੀਕਾ ਦੌਰੇ ਸਮੇਂ ਨਾਮਧਾਰੀ ਸਜ ਗਏ ਤੇ ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਚੋਂ ਇਕ ਸੂਬਾ ਥਾਪੇ ਜੋ ਸੂਬਾ ਪ੍ਰੀਤਮ ਸਿੰਘ ਮਬਾਲੀ ਦੇ ਨਾਮ ਤੋਂ ਜਾਣੇ ਗਏ।

ਸੰਤਾਂ ਦੇ ਦੋ ਅਨੰਦ ਕਾਰਜ ਹੋਏ। ਪਹਿਲਾ ਅਨੰਦ ਕਾਰਜ ਬੀਬੀ ਰਤਨ ਕੌਰ ਨਾਲ ਹੋਇਆ ਜਿਸਦੇ ਬੇਵਕਤ ਚੜ੍ਹਾਈ ਕਰ ਜਾਣ ਬਾਅਦ ਦੂਸਰਾ ਅਨੰਦ ਕਾਰਜ ਬੀਬੀ ਰਾਮ ਪਿਆਰੀ ਨਾਲ ਹੋਇਆ ਉਸ ਵਿਚੋਂ ਪੰਜ ਬੇਟੇ ਤੇ ਤਿੰਨ ਬੇਟੀਆਂ ਹੋਈਆਂ ਪਰ ਉਹ ਵੀ ਬੱਚਿਆਂ ਨੂੰ ਛੋਟੇ-ਛੋਟੇ ਛੱਡ ਕੇ ਸਵਰਗ ਸਿਧਾਰ ਗਏ। ਉਸਤੋਂ ਬਾਅਦ ਸੰਤ ਜੀ ਨੇ ਬੱਚਿਆਂ ਦਾ ਬੜੇ ਪਿਆਰ ਨਾਲ ਪਾਲਣ ਪੋਸ਼ਣ ਕੀਤਾ ਤੇ ਸਭ ਨੂੰ ਉਚ ਵਿਦਿਆ ਦਿਵਾਈ।

੧੯੬੫ ਵਿਚ ਆਪ ਇੰਗਲੈਂਡ ਆ ਗਏ ਲੀਡਜ਼ ਵਿਚ ਹੀ ੧੫ ਸਾਲ ਨੌਕਰੀ ਕਰਨ ਤੋਂ ਬਾਦ ਰਿਟਾਇਰ ਹੋਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਇੰਗਲੈਂਡ ਦੇ ਦੌਰਿਆਂ ਸਮੇਂ ਲੀਡਜ਼ ਵਿਚ ਜ਼ਿਆਦਾ ਇਨ੍ਹਾਂ ਦੇ ਘਰ ਹੀ ਨਿਵਾਸ ਰੱਖਦੇ। ਸਤਿਗੁਰੂ ਜੀ ਨੇ ਇਨ੍ਹਾਂ ਨੂੰ ਨਾਮਧਾਰੀ ਸੰਗਤ ਲੀਡਜ਼ ਦਾ ਪਹਿਲਾ ਪ੍ਰਧਾਨ ਥਾਪਨ ਦੀ ਕ੍ਰਿਪਾ ਕੀਤੀ ਤੇ ਇਨ੍ਹਾਂ ਨੇ ਉਸ ਸੇਵਾ ਨੂੰ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਨਿਭਾਇਆ।

ਇਨ੍ਹਾਂ ਦੇ ਵੱਡੇ ਸਪੁੱਤਰ ਸ. ਸੁਰਜੀਤ ਸਿੰਘ ਭੋਗਲ ਵੀ ਪ੍ਰਧਾਨ ਰਹੇ ਹਨ ਜੋ ੨੦੦੫ ਵਿਚ ਗੁਰਪੁਰੀ ਸਿਧਾਰ ਗਏ ਹਨ ਇਨ੍ਹਾਂ ਦੀ ਸਭ ਤੋਂ ਛੋਟੀ ਬੇਟੀ ਬਲਜੀਤ ਕੌਰ ਦਾ ਤਾਂ ਬੀਬਾ ਜੀ (ਸਪੁਤਰੀ ਸ੍ਰੀ ਸਤਿਗੁਰੂ ਜੀ) ਨਾਲ ਧਰਮ ਭੈਣਾਂ ਵਾਲਾ ਪਿਆਰ ਸੀ। ਬਹੁਤ ਹੀ ਖ਼ੁਸ਼ ਮਿਜਾਜ਼ ਇਹ ਪੁਤਰੀ ਭਰ ਜੁਆਨੀ ਵਿਚ ਆਪਣੇ ਪਿਛੇ ਪਤੀ ਸ. ਤ੍ਰਿਲੋਚਨ ਸਿੰਘ ਘਟੌੜੇ ਇਕ ਬੇਟਾ ਤੇ ਦੋ ਬੇਟੀਆਂ ਛੱਡ ਕੇ 'ਵਿਛੋੜਾ' ਦੇ ਗਈ। ਸੰਤ ਜੀ ਨੇ ਇਸ ਨੂੰ ਗੁਰਮੁੱਖਾਂ ਵਾਂਗੂ ਪ੍ਰਭੂ ਭਾਣਾ ਮੰਨਿਆ।

ਵੱਡੀ ਪੁਤਰੀ ਬੀਬੀ ਰਾਜਿੰਦਰ ਕੌਰ ਸ. ਕੁਲਵੰਤ ਸਿੰਘ ਊਭੀ ਦੀ ਸੁਪਤਨੀ ਹਨ ਇਸ ਸਾਰੇ ਪਰਵਾਰ ਤੇ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਹੈ। ਸਾਰਿਆਂ ਅੰਦਰ ਸੇਵਾ ਭਾਵ ਅਤੇ ਗੁਰੂ ਘਰ ਲਈ ਬਹੁਤ ਸਰਧਾ ਹੈ। ਇਨ੍ਹਾਂ ਦੇ ਛੋਟੇ ਸਪੁੱਤਰ ਕੁਲਦੀਪ ਸਿੰਘ ਊਭੀ ਨੂੰ ਸਤਿਗੁਰੂ ਜੀ ਨੇ ਨਾਮਧਾਰੀ ਸੰਗਤ ਦਾ ਜਨਰਲ ਸੈਕਟਰੀ ਥਾਪਿਆ ਹੈ। ਵਿਚਕਾਰਲੀ ਬੇਟੀ ਬੀਬੀ ਤ੍ਰਿਲੋਚਨ ਕੌਰ ਸੁਪਤਨੀ ਸ. ਅਮਰਜੀਤ ਸਿੰਘ ਚੌਗਰ ਵੀ ਬੜੇ ਗੁਰਮੁੱਖ ਅਤੇ ਮਿਠੇ ਸੁਭਾਅ ਵਾਲੀ ਹੈ।

ਸੰਤ ਹਰੀ ਸਿੰਘ ਭੋਗਲ ਵਰਿਆਮ ਦੇ ਸ਼ੁਰੂ ਤੋਂ ਲੈਕੇ ਅੱਜ ਤਕ ਪਾਠਕ, ਪਰਸੰਸਕ ਸਹਿਯੋਗੀ ਅਤੇ ਸਹਾਇਕ ਰਹੇ ਹਨ।

(ਵਰਿਆਮ ਬਿਓਰੋ)



Namdhari Elibrary NamdhariElibrary@gmail.com

# ਖ਼ਬਰਨਾਮਾ

## *ਵੇਈਂ ਦੀ ਕਾਰ ਸੇਵਾ ਦੀ ਸੱਤਵੀਂ ਵਰ੍ਹੇਗੰਢ ਸਬੰਧੀ ਸਮਾਗਮ*

ਸੁਲਤਾਨਪੁਰ ਲੋਧੀ, ੨੨ ਜੁਲਾਈ (ਨਰਿੰਦਰ ਸਿੰਘ ਸਨੇਆ, ਨਰੇਸ਼ ਹੈਪੀ)-ਕਾਲੀ ਵੇਈਂ ਨਾਮ ਨਾਲ 'ਪਵਿੱਤਰ' ਸ਼ਬਦ ਉਦੋਂ ਜੁੜ ਗਿਆ ਜਦੋਂ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਨਦੀ ਵਿਚ ਟੁੱਬੀ ਲਗਾ ਕੇ ਪਰਗਟ ਹੋ ਕੇ ਮੂਲ ਮੰਤਰ ਦੀ ਰਚਨਾ ਕਰ ਦਿੱਤੀ ਅਤੇ ਸਿੱਖ ਸੰਗਤਾਂ ਉਸ ਦਿਨ ਤੋਂ ਹੀ ਇਸ ਪਵਿੱਤਰ ਵੇਈਂ ਨੂੰ ਨਤਮਸਤਕ ਹੋ ਕੇ ਆਪਣਾ ਜਨਮ ਸਫਲਾ ਕਰਨ ਲਈ ਇਸ ਵਿਚ ਇਸ਼ਨਾਨ ਕਰਦੀਆਂ ਰਹੀਆਂ ਹਨ। ਇਹ ਸ਼ਬਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਇਥੇ ਪਵਿੱਤਰ ਵੇਈਂ ਦੀ ਕਾਰਸੇਵਾ ਦੀ ੭ਵੀਂ ਵਰ੍ਹੇਗੰਢ ਦੇ ਮੌਕੇ 'ਤੇ ਵੇਈਂ ਨੇੜੇ ਨਿਰਮਲ ਕੁਟੀਆ ਵਿਖੇ ਸੰਤ ਬਲਬੀਰ ਸਿੰਘ ਕਾਰਸੇਵਾ ਵਾਲਿਆਂ ਦੀ ਅਗਵਾਈ ਵਿਚ ਕਰਵਾਏ ਗਏ ੭ ਰੋਜ਼ਾ ਸਮਾਗਮਾਂ ਦੇ ਸਮਾਪਤੀ ਸਮਾਰੋਹ ਦੇ ਮੌਕੇ ਕੌਮ ਦੇ ਨਾਮ ਸੰਦੇਸ਼ ਜਾਰੀ ਕਰਦਿਆਂ ਕਹੇ। ਉਨਾਂ ਕਿਹਾ ਕਿ ਸੰਗਤਾਂ ਪਵਿੱਤਰ ਵੇਈਂ 'ਤੇ ਰੁੱਖ ਲਗਾਕੇ ਆਪਣਾ ਫਰਜ਼ ਅਦਾ ਕਰਨ। ਪੰਜਾਬ ਦੇ ਮਾਲ ਮੰਤਰੀ ਜਥੇਦਾਰ ਅਜੀਤ ਸਿੰਘ ਕੋਹਾੜ ਨੇ ਕਿਹਾ ਕਿ ਪ੍ਰਮਾਤਮਾ ਦੀ ਰਹਿਮਤ ਨਾਲ ਹੀ ਅਜਿਹੀ ਸੇਵਾ ਦਾ ਕਾਰਜ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਇਸ ਤੋਂ ਪਹਿਲਾ ਧਰਤਿ ਸੁਹਾਵੀ ਸੰਸਥਾ ਵਲੋਂ ਸਰਦਾਰਨੀ ਡਾ. ਇੰਦਰਜੀਤ ਕੌਰ ਮੁਖੀ ਪਿੰਗਲਵਾੜਾ ਸ੍ਰੀ ਅੰਮ੍ਰਿਤਸਰ ਅਤੇ ਕੁਦਰਤੀ ਖੇਤੀ ਦੇ ਪ੍ਰਚਾਰਕ ਸ੍ਰੀ ਉਮਿੰਦਰ ਦੱਤ ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸ੍ਰੀ ਸਤਨਾਮ ਸਿੰਘ ਮਾਣਕ ਸਹਾਇਕ ਸੰਪਾਦਕ ਰੋਜ਼ਾਨਾ 'ਅਜੀਤ' ਜਲੰਧਰ ਨੇ ਪਾਣੀਆਂ ਦੀ ਸੰਭਾਲ ਪ੍ਰਤੀ ਹਰੇਕ ਨਾਗਰਿਕ ਨੂੰ ਸੁਚੇਤ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਪਵਿੱਤਰ ਵੇਈਂ ਅੰਮ੍ਰਿਤ ਦੀ ਧਾਰਾ ਵਾਂਗ ਹੈ, ਜਿਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਇਸ਼ਨਾਨ ਕਰਦੇ ਰਹੇ। ਸਿੰਘ ਸਾਹਿਬ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਨਿਰਮਲ ਕੁਟੀਆ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਮਹੀਨਾਵਾਰ ਪਰਚੇ 'ਨਿਰਮਲ ਨੂਰ' ਦਾ ਤਾਜ਼ਾ ਅੰਕ ਰਿਲੀਜ਼ ਕੀਤਾ। ਉਨ੍ਹਾਂ ਨੇ ਕਾਰਸੇਵਾ ਵਿਚ ਭਾਗ ਲੈਣ ਵਾਲੀਆਂ ਉੱਘੀਆਂ ਸ਼ਖ਼ਸੀਅਤਾਂ ਪਟਿਆਲਾ ਤੋਂ ਰੇਡੀਓ ਦੇ ਰਿਪੋਰਟਰ ਪਰਮਿੰਦਰ ਸਿੰਘ ਟਿਵਾਣਾ, 'ਨਵਾਂ ਜ਼ਮਾਨਾ' ਦੇ ਸਹਾਇਕ ਸੰਪਾਦਕ ਸ. ਜਤਿੰਦਰ ਸਿੰਘ ਪੰਨੂੰ, 'ਟਾਈਮਜ਼ ਆਫ ਇੰਡੀਆ' ਦੇ ਜਲੰਧਰ ਤੋਂ ਪੱਤਰਕਾਰ ਆਈ.ਪੀ.ਸਿੰਘ, ਆਦਿ ਦਾ ਵੀ ਸਨਮਾਨ ਕੀਤਾ। ਇਸ ਮੌਕੇ ਸ੍ਰੀ ਪੀ. ਰਾਮ ਪ੍ਰਿੰਸੀਪਲ ਸਕੱਤਰ, ਸ੍ਰੀ ਜੇ. ਐਮ. ਬਾਲਾਮੁਰੁਗਨ ਡਿਪਟੀ ਕਮਿਸ਼ਨਰ ਕਪੂਰਥਲਾ, ਸ਼੍ਰੋਮਣੀ ਅਕਾਲੀ ਦਲ ਦੀ ਜਨਰਲ ਕੌਂਸਲ ਦੇ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ ਵੀ ਹਾਜ਼ਰ ਸਨ। ਸਮਾਗਮ ਨੂੰ ਬੀਬੀ ਭਜਨ ਕੌਰ ਡੋਗਰਾਂਵਾਲਾ ਮੈਂਬਰ ਐਸ. ਜੀ.ਪੀ.ਸੀ., ਸੰਤ ਗੁਰਬਚਨ ਸਿੰਘ ਕਾਰਸੇਵਾ ਦਮਦਮਾ ਸਾਹਿਬ ਠੱਟਾ, ਪੰਡਿਤ ਪ੍ਰਦੀਪ ਹਰੀ ਹਰਿਦੁਆਰ, ਸੰਤ ਅਜੈਬ ਸਿੰਘ ਲੋਪੋ, ਸ. ਜਗਦੀਸ਼ ਸਿੰਘ ਵਰਿਆਮ, ਪ੍ਰੋ. ਪਿਆਰਾ ਸਿੰਘ ਭੋਗਲ, ਬਲਬੀਰ ਸਿੰਘ ਬੇਪਾਰਾਏ, ਡਾ. ਬਲਬੀਰ ਸਿੰਘ ਭੋਰਾ ਪ੍ਰਧਾਨ, ਡਾ. ਨਿਰਮਲ ਸਿੰਘ ਪੰਜਾਬੀ ਸੱਥ ਲਾਂਬੜਾ, ਬਹਾਦਰ ਸਿੰਘ ਸੰਧੂ, ਜਥੇਦਾਰ ਜੈਮਲ ਸਿੰਘ ਪ੍ਰਧਾਨ ਨਗਰ ਕੌਂਸਲ, ਪ੍ਰੋ. ਨਿਰੰਜਨ ਸਿੰਘ ਢੇਸੀ, ਜਤਿੰਦਰ ਪੰਨੂੰ ਅਤੇ ਪਰਮਿੰਦਰ ਸਿੰਘ ਟਿਵਾਣਾ ਨੇ ਵੀ ਸੰਬੋਧਨ ਕੀਤਾ।


ਮਾਸਿਕ ਸੀਰਤ (ਕੈਨੇਡਾ) ਇੰਟ੍ਰਨੈੱਟ ਤੇ

ਸੀਰਤ
www.seerat.ca
Seerat Entertainment Inc.

ਮੁੱਖ ਸੰਪਾਦਕ
ਅਤੇ ਪ੍ਰਕਾਸ਼ਕ
ਹਰਚਰਨ ਸਿੰਘ ਗਿੱਲ
(ਰਾਮੂਵਾਲੀਆ)
416-388-1523
seerat_ent@yahoo.ca





ਸੰਪਾਦਕ:
ਸੁਪਨ ਸੰਧੂ:
647-833-7319
email:supansandhu@yahoo.ca

ਨਿਗਰਾਨ ਸੰਪਾਦਕ
ਵਰਿਆਮ ਸਿੰਘ ਸੰਧੂ
e-mail: waryamsandhu@hotmail.com

ਸਹਾਇਕ ਸੰਪਾਦਕ (ਭਾਰਤ)
ਬਲਵਿੰਦਰ ਸਿੰਘ ਗਰੇਵਾਲ ਫੋਨ 98552 82284





Namdhari Elibrary NamdhariElibrary@gmail.com

# ਪ੍ਰਤੀਕਿਰਿਆ

**ਖਿੱਲਰੇ ਪੱਤਰੇ**

ਖਿਲਰੇ ਪੱਤਰੇ ਪੁਸਤਕ ਦੀ ਕਈਆਂ ਤੋਂ ਤਾਰੀਫ਼ ਸੁਣੀ ਸੀ ਤਾਂ ਸੋਚਿਆ ਵਿਹਲ ਕਢ ਕੇ ਪੜ੍ਹਾਂਗਾ। ਹੁਣ ਸਵੇਰੇ ਮੁਕਾਈ ਹੈ ਅਤੇ ਤਦ ਤੋਂ ਹੀ ਕਿਸੇ ਹੋਰ ਦੁਨੀਆ ਵਿਚ ਹਾਂ।

ਪੁਸਤਕ ਇਤਨੀ ਸਹਿਜ, ਸਰਲ ਅਤੇ ਸੱਚੀ ਸੁੱਚੀ ਭਾਵਨਾ ਨਾਲ ਲਬਰੇਜ਼ ਹੈ ਕਿ ਇਕ ਇਕ ਬਿਰਤਾਂਤ, ਧੁਰ ਅੰਦਰ ਲਹਿੰਦਾ ਚਲਾ ਜਾਂਦਾ ਹੈ। ਅਜਿਹੀ ਪੁਸਤਕ ਕੋਈ ਗੁਰੂ ਘਰ ਤੋਂ ਵਰੋਸਾਇਆ ਦਾਨਸ਼ਵਰ ਹੀ ਲਿਖ ਸਕਦਾ ਸੀ। ਸਤਿਗੁਰੂ ਜੀ ਦੀ ਮਿਹਰਬਾਨ ਰਹਿਮਤ ਤੋਂ ਬਿਨਾਂ ਇਸ ਕਿਸਮ ਦੀ ਨਿਰਛਲਤਾ ਅਤੇ ਸਹਿਜਤਾ ਸੰਭਵ ਹੀ ਨਹੀਂ ਹੈ। ਪੁਸਤਕ ਵਿਚ ਕਿਤੇ ਕੋਈ ਉਚੇਚ ਨਹੀਂ, ਨਾ ਹੀ ਘਟਨਾਵਾਂ ਨੂੰ ਸਨਸਨੀਖੇਜ਼ ਬਣਾਉਣ ਦਾ ਰਲਾ ਹੈ। ਸਭ ਕੁਝ ਨਿਰਮਲ ਅਤੇ ਸਵੱਛ ਹੈ। ਮੇਰਾ ਬਚਪਨ ਪਟਿਆਲੇ ਜਿਸ ਰਾਘੋਮਾਜਰੇ ਮੁਹੱਲੇ ਵਿਚ ਬੀਤਿਆ, ਉਥੇ ਸੰਤ ਸੋਹਣ ਸਿੰਘ ਕੂਕੇ ਦਾ ਗੁਰਦੁਆਰਾ ਸੀ। ਰਾਮਗੜ੍ਹੀਆਂ ਦੇ ਵੀਹ ਕੁ ਘਰ ਸਨ। ਹਰ ਵੀਰਵਾਰ ਰਾਤ ਨੂੰ ਦੀਵਾਨ ਲੱਗਣਾ। ਦੋ ਵਾਰ ਵੱਡੇ ਮਹਾਰਾਜ ਜੀ ਨੇ ਭੈਣੀ ਸਾਹਿਬ ਤੋਂ ਉਚੇਚਾ ਸੰਤ ਖਜ਼ਾਨ ਸਿੰਘ ਨੂੰ ਘੱਲਿਆ। ਅਸੀਂ ਪਹਿਲਾਂ ਹੀ ਢੋਲਕੀ ਛੈਣਿਆਂ ਨਾਲ ਧਾਰਨਾ ਦੇ ਸ਼ਬਦ ਪੜ੍ਹਦੇ ਸੀ। ਸੰਤ ਸੋਹਣ ਸਿੰਘ ਨੇ ਜਿਉਂ ਹੀ ਹਰ ਜੁਗ ਜੁਗ ਭਗਤ ਉਪਾਇਆ ਦੀ ਧਾਰਨਾ ਕਿ 'ਕੀੜੀ ਨਾ ਬਣਦੋਂ ਰਾਮਾ ਪ੍ਰਹਿਲਾਦ ਡੋਲ ਜਾਂਦਾ' ਪੜ੍ਹਣੀ...ਦੀਵਾਨ ਵਿਚ ਭੁਚਾਲ ਆ ਜਾਂਦਾ। ਤੇ ਜੇ ਕਿਤੇ ਉਹਨਾਂ ਇਹ ਧਾਰਨਾ ਛੋਹਣੀ ਕਿ, 'ਪਾ ਲੈ ਤੱਤਿਆਂ ਥੰਮਾਂ ਨੂੰ ਜੱਫੀਆਂ ਆਪ ਤੇਨੂੰ ਰਾਮ ਰਖ ਲਊ' ਤਾਂ ਚੁੰਗੀਆਂ ਭਰਦਿਆਂ ਉਹਨਾਂ ਤੂਤ ਦੀਆਂ ਪਰਾਂਬਲਾਂ ਨਾਲ ਲਮਕ ਜਾਣਾ। ਤੁਸੀਂ ਸਭ ਕੁਝ ਚੇਤੇ ਕਰਵਾ ਦਿੱਤਾ। ਪੁਸਤਕ ਦਾ ਵਜਦ ਇਸ ਕਦਰ ਮਨ ਤੇ ਤਾਰੀ ਹੈ ਕਿ ਕਈ ਦਿਨ ਹੋਰ ਕੁਝ ਵੀ ਪੜ੍ਹਿਆ ਨਹੀਂ ਜਾਣਾ।

*—ਕਿਰਪਾਲ ਕਜ਼ਾਕ*
*੨੬੮੭-ਫੇਜ਼-੨ ਅਰਬਨ ਅਸਟੇਟ*
*ਪਟਿਆਲਾ।*

ਜੁਲਾਈ ੨੦੦੭ ਦੇ ਵਰਿਆਮ ਦੇ ਪਤਰਿਆਂ ੪੪ ਤੇ ੪੫ ਉੱਤੇ ਮਲਿਕ ਮੁਹੰਮਦ ਨਈਮ ਅਵਾਨ ਦੀ ਇਕ ਬੜੀ ਵਧੀਆ ਚਿੱਠੀ ਛਾਪੀ ਹੈ। ਜਿਸ ਵਿਚ ਲੇਖਕ ਨੇ ਵਰਿਆਮ ਦੇ ਇਕ ਲੇਖਕ ਵੱਲੋਂ ਦਿੱਤੀ ਸੂਚਨਾ ਦੀ ਸੁਧਾਈ ਕੀਤੀ ਹੋਈ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਜਿਹੜੀ ਆਯਤ *ਕੁਰਆਨ ਸ਼ਰੀਫ* ਵਿੱਚੋਂ ਲਈ ਦੱਸੀ ਗਈ ਹੈ, ਉਹ *ਕੁਰਆਨ ਸ਼ਰੀਫ* ਵਿਚ ਹੈ ਹੀ ਨਹੀਂ। ਉਨ੍ਹਾਂ ਨੇ ਲੇਖਕ ਦੀ ਸੁਧਾਈ ਕਰਕੇ ਬੜਾ ਚੰਗਾ ਕੰਮ ਕੀਤਾ ਹੈ। ਮੈਂ ਆਪਣੇ ਪਾਕਿਸਤਾਨੀ ਦੋਸਤ ਜਨਾਬ ਮਲਿਕ ਮੁਹੰਮਦ ਨਈਮ ਅਵਾਨ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ ਉਨ੍ਹਾਂ ਨੇ ਆਪਣੇ ਪੱਤਰ ਦੇ ਸਿਰ ਉੱਤੇ ਜਿਹੜੀ ਤੁੱਕ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚੋਂ ਲਈ ਦੱਸੀ ਹੈ (ਬਰਕਤ ਤਿਨ ਕੋ ਅਗਲੀ ਪੜ੍ਹਦੇ ਰਹਿਣ ਦਰੂਦ), ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਹੀ ਨਹੀਂ। ਆਸ ਹੈ ਉਹ ਆਪਣੇ ਛਪਾਏ ਹੋਏ ਖ਼ਾਲੀ ਪੱਤਰਾਂ ਵਿੱਚੋਂ ਇਹ ਤੁਕ ਕੱਟ ਦੇਣਗੇ।

*—ਪ੍ਰੀਤਮ ਸਿੰਘ, ਪ੍ਰੋ.*
*ਪਟਿਆਲਾ*

*ਉਪ੍ਰੋਕਤ ਤੁੱਕ ਹੱਥ ਨਾਲ ਹੀ ਲਿਖੀ ਹੋਈ ਸੀ। ਜਨਾਬ ਮਲਿਕ ਮੁਹੰਮਦ ਨਈਮ ਆਵਾਨ ਹੋਰਾਂ ਦੀ ਸੁੰਦਰ ਹੱਥ ਲਿਖਤ ਵੀ ਛਪੀ ਹੋਈ ਵਰਗੀ ਲਗਦੀ ਹੈ। (ਸੰਪਾਦਕ)*

ਜੁਲਾਈ ਅੰਕ ਵਿਚ ਛਪਿਆ 'ਕਰਤਾਰ ਸਿੰਘ ਨੀਲਧਾਰੀ' ਦੁਆਰਾ ਰਚਿਤ ਆਨੰਦ-ਕਾਰਜ ਕ੍ਰਾਂਤੀ ਲੇਖ ਕਾਫ਼ੀ ਸ਼ਲਾਘਾਮਈ ਹੈ। ਇਹ ਲੇਖ ਗਿਆਨ ਭਰਪੂਰ ਰਚਨਾ ਹੈ। ਮੇਰੀ ਇਹ ਹੀ ਖ਼ੁਆਇਸ਼ ਹੈ ਕਿ ਤੁਸੀਂ ਇਸ ਪੱਤ੍ਰਿਕਾ ਵਿਚ ਚੰਗੀਆਂ ਤੋਂ ਚੰਗੀਆਂ ਰਚਨਾਵਾਂ ਸੰਕਲਿਤ ਕਰਕੇ ਸਾਡੇ ਗਿਆਨ ਨੂੰ ਹੋਰ ਵਧਾਉਣ ਵਿਚ ਸਹਿਯੋਗ ਦੇਵੋਗੇ।

*—ਡਾ. ਸਨੋਬਰ ਚਿਬ (ਜੰਮੂ)*

ਜੁਲਾਈ ਦਾ ਅੰਕ ਸਾਂਭਣ ਯੋਗ ਇਸ ਕਾਰਨ ਹੈ ਕਿ ਉਸ ਵਿਚ ਸਤਿਗੁਰੂ ਨਾਲ ਕੀਤੇ ਕਰਾਰਾਂ ਨੂੰ ਸੰਪੂਰਨਤਾ ਪ੍ਰਦਾਨ ਕਰਨ ਵਾਲੇ ਕੂਕਾ ਲਹਿਰ ਦੇ ਅਮਰ ਨਾਇਕ, ਬਿਸ਼ਨ ਸਿੰਘ ਦੇ ਵਿਲੱਖਣ ਵਲਵਲਿਆਂ ਦਾ ਜ਼ਿਕਰ ਹੈ। ਕੂਕਾ ਲਹਿਰ ਨੇ ਯੋਜਨਾਬੱਧ ਤਰੀਕੇ ਨਾਲ ਸਮਾਜ ਨੂੰ ਹਲੂਣਾ ਦੇਣ ਦਾ ਜੋ ਅਦਭੁਤ ਕੰਮ ਕੀਤਾ ਸੀ ਉਸ ਨੂੰ ਅੱਜ ਦੇ ਪਾਠਕਾਂ ਤੀਕਣ ਪਹੁੰਚਾਉਣ ਦਾ ਬਹੁਤ ਸ਼ਲਾਘਾਯੋਗ ਕੰਮ ਕਰ ਰਹੇ ਹੋ। ਇਤਿਹਾਸਕ ਵੇਰਵੇ ਵੀ ਢੁਕਵੇਂ ਢੰਗ ਨਾਲ ਦਿੱਤੇ ਗਏ ਹਨ। ਤਸਵੀਰਾਂ ਰਾਹੀਂ ਸਤਿਗੁਰੂ ਜੀ ਦੇ ਦਰਸ਼ਨ ਵੀ ਪਾਠਕਾਂ ਨੂੰ ਕਰਵਾਉਂਦੇ ਰਹਿੰਦੇ ਹੋ।

ਇਕ ਅੱਧ ਸਰਕਾਰੀ ਜਾਂ ਅਰਧ ਸਰਕਾਰੀ ਸੰਸਥਾਵਾਂ ਦਾ ਇਸ਼ਤਿਹਾਰ ਵੀ ਲੈ ਲਿਆ ਕਰੋ।

*—ਸਿਰੀ ਰਾਮ ਅਰਸ਼*
*੨੦੪ ਸੈਕਟਰ ੬੫-ਮੋਹਾਲੀ*



Namdhari Elibrary NamdhariElibrary@gmail.com

ਕਿਹੜੇ ਲਫ਼ਜ਼ਾਂ ਰਾਹੀਂ ਤੁਹਾਡਾ ਧੰਨਵਦਾ ਕਰਾਂ। ਤੁਸੀਂ ਕਦੇ ਵੀ ਮੌਕਾ ਮਿਲੇ ਮੈਨੂੰ ਸਾਰੀ ਨਾਮਧਾਰੀ ਸੰਗਤ ਨਾਲ ਜੋੜ ਦੇਂਦੇ ਹੋ। ਸਤਿਗੁਰਾਂ ਦੀ ਬਖਸ਼ਸ਼ ਹੋਈ ਜਦ ਮੈਂ ਦਰਸ਼ਨ ਕਰਨ ਗਿਆ ਬੜਾ ਅਨੰਦ ਆਇਆ।-ਕੀਰਤਨ ਸੁਣਿਆ ਫਿਰ ਭੇਟ ਹੋਈ। ਬੈਂਕਾਕ ਤੋਂ ਬੜੇ ਵਾਕਫ਼ ਵੀ ਉਥੇ ਸਨ-ਰਾਜਾ ਜੀ ਸਨ। ਜੋ ਉਥੋਂ ਮਿਲਦਾ ਹੈ ਉਸ ਵਿਚ ਤੁਸੀਂ ਵਾਧਾ ਕਰਕੇ ਦੇਂਦੇ ਹੋ।

ਮੈਗਜ਼ੀਨ ਬੜਾ ਪੜ੍ਹਨਯੋਗ ਹੁੰਦਾ ਹੈ-ਵਾਹਿਗੁਰੂ ਤੁਹਾਨੂੰ ਹੋਰ ਪਰਬਤਾ ਦੇਵੇ।

*—ਤਰਲੋਚਨ ਸਿੰਘ*
*ਮੈਂਬਰ ਪਾਰਲੀਮੈਂਟ*

'ਵਰਿਆਮ' ਦੇ ਜੁਲਾਈ ੨੦੦੭ ਅੰਕ ਵਿਚ ਕਾਲਿਆਂ ਵਾਲਾ ਖੂਹ ਦੇ ਪੁਨਰ ਸੁਰਜੀਤ ਹੋਣ ਦੀ ਸੰਭਾਵਨਾ ਬਾਰੇ ਪੜ੍ਹਿਆ। ਇਸ ਇਤਿਹਾਸਕ ਯਾਦਗਾਰ ਨੂੰ ਜ਼ਰੂਰ ਸੰਭਾਲਣਾ ਚਾਹੀਦਾ ਹੈ। ਮਈ ੨੦੦੭ ਦੇ 'ਵਰਿਆਮ' ਵਿਚ ਇਸ ਖੂਹ ਬਾਰੇ ਗਿਆਨੀ ਹੀਰਾ ਸਿੰਘ ਦਰਦ ਦਾ ਲੇਖ ਰੌਂਗਟੇ ਖੜ੍ਹੇ ਕਰਨ ਵਾਲਾ ਹੈ। ਲੇਖ ਪੜ੍ਹਦਿਆਂ ਮਨ ਭਰਦਾ ਰਿਹਾ। ਅੱਖਾਂ ਸਿੱਲੀਆਂ ਹੋ ਗਈਆਂ। ਅੰਗਰੇਜ਼ਾਂ ਨੇ ਹਮੇਸ਼ਾਂ ਹੀ ਭਰਾਵਾਂ ਵਿਚ ਵੰਡੀਆਂ ਪਾ ਕੇ, ਫੁੱਟ ਦੇ ਆਸਰੇ ਆਪਣੇ ਰਾਜ ਦੀਆਂ ਨੀਹਾਂ ਨੂੰ ਪੱਕਾ ਕੀਤਾ ਸੀ। ਅਜੋਕੇ ਸਿਆਸਤਦਾਨ ਵੀ ਅਜਿਹੇ ਹੀ ਹੱਥਕੰਡੇ ਵਰਤ ਰਹੇ ਹਨ। ਜਨਤਾ ਹੁਣ ਸੁਚੇਤ ਹੋ ਰਹੀ ਹੈ।

ਮੀਡੀਆ ਵਿਚ ਸਨਸਨੀ ਖੇਜ਼ ਖ਼ਬਰਾਂ ਪੇਸ਼ ਕਰਨ ਦੀ ਇਕ ਦੌੜ ਲੱਗੀ ਹੋਈ ਹੈ। ਤੁਸੀਂ ਜੁਲਾਈ ਅੰਕ ਵਿਚ ਇਸ ਬਾਰੇ ਬਹੁਤ ਹੀ ਭਾਵਪੂਰਤ ਟਿੱਪਣੀਆਂ ਕੀਤੀਆਂ ਹਨ। ਇਸ ਅੰਕ ਦੀਆਂ ਤਸਵੀਰਾਂ, ਲੇਖਾਂ ਅਤੇ ਖ਼ਬਰਾਂ ਰਾਹੀਂ ਬਹੁਤ ਕੁਝ ਨਵਾਂ-ਨਰੋਇਆ ਦੇਖਣ-ਪੜ੍ਹਨ ਨੂੰ ਮਿਲਿਆ।

*—ਸੁਰਿੰਦਰ ਰਾਮਪੁਰੀ*
*ਰਾਮਪੁਰ ੧੪੧੪੧੮ (ਲੁਧਿਆਣਾ)*

ਵਰਿਆਮ ਨਿੱਤ ਦਿਨ ਨਵੀਂ ਪੌੜੀ ਚੜ ਰਿਹਾ ਹੈ। ਇਹ ਸਭ ਆਪ ਜੀ ਅਣਥਕ ਮਿਹਨਤ ਦਾ ਹੀ ਫਲ ਹੈ। ਮੇਰੀ ਪ੍ਰਮਾਤਮਾ ਅੱਗੇ ਦੁਆ ਹੈ ਕਿ ਉਹ ਆਪ ਜੀ ਨੂੰ ਚੰਗੀ ਸੇਹਤ ਅਤੇ ਲੰਮੀ ਉਮਰ ਬਖਸ਼ੇ। ਵਰਿਆਮ ਵਿਚ ਲਿਖਿਆ 'ਸੰਪਾਦਕ ਵਲੋਂ ਲੇਖ' ਬਹੁਤ ਹੀ ਪ੍ਰਭਾਵਸ਼ਾਲੀ ਹੁੰਦਾ ਹੈ ਜੋ ਕਿ ਵਾਰ ਵਾਰ ਪੜਨ ਨੂੰ ਮਨ ਕਰਦਾ ਹੈ, ਜਿਸ ਤੋਂ ਇਹ ਗੱਲ ਸਾਬਤ ਹੋ ਜਾਂਦੀ ਹੈ ਕਿ ਘਰ ਦੇ ਭਾਗ ਡਿਉੜੀ ਤੋਂ ਹੀ ਪਤਾ ਚਲ ਜਾਂਦੇ ਹਨ। ਆਪ ਇਸ ਲਈ ਸੱਚ ਮੁਚ ਵਧਾਈ ਦੇ ਪਾਤਰ ਹੋ।

*ਨੀਲਮ ਸੰਜੀਵ*
*੧੯-ਸੁਗਰ ਮਿਲ*
*ਫਗਵਾੜਾ।*

ਸੰਗਰਾਂਦ, ਹਾੜ ਤਪੰਦਾ ਤਿਸੁ ਲੱਗੇ ......

ਸਤਿਕਾਰਯੋਗ ਜਗਦੀਸ਼ ਜੀ, ਵੇਖੋ ਇਤਫ਼ਾਕ ਦੀ ਗੱਲ ਹੈ, ਸੰਜੋਗ ਦੀ ਬਣਤ ਹੈ, ਮੱਸਿਆ ਤੇ ਸੰਗਰਾਂਦ ਇਕੱਠੀਆਂ ਹੋ ਕੇ ਆ ਗਈਆਂ ਨੇ। ਜਿਵੇਂ ਇਕ ਮਿਆਨ ਵਿਚ ਦੋ ਤਲਵਾਰਾਂ ਸਮਾ ਗਈਆਂ ਹੋਣ। ਡੇਰੇ ਦੀ ਚਰਚਾ ਤੋਂ ਮੈਂ ਲੋਕ ਗੀਤਾਂ ਦੀ ਜੂਹ ਵਿਚ ਜਾ ਨਿਕਲਿਆ ਤਾਂ ਓਥੇ ਇਕ ਕੁੜੀ ਗਾਉਂਦੀ ਪਈ ਸੀ, 'ਨਾ ਮੇਲਣੇ ਮੈਂ ਪੜੀ ਗੁਰਮੁਖੀ, ਨਾ ਬੈਠੀ ਵਿਚ ਡੇਰੇ। ਨਿੱਤ ਨਵੀਆਂ ਮੈਂ ਜੋੜਾਂ ਬੋਲੀਆਂ, ਬਹਿ ਕੇ ਮੂੰਹ-ਹਨੇਰੇ। ਡੇਰੇ ਦੇ ਬਗ਼ੈਰ ਜਿਵੇਂ ਚਿੱਤ ਵੀ ਹਨੇਰਾ ਹੈ। ਖੈਰ ਆਪਣੇ ਵਰਿਆਮ ਵਿਚ 'ਕਾਲਿਆ ਦਾ ਖੂਹ' ਇਕ ਇਤਿਹਾਸਕ ਦਸਤਾਵੇਜ਼ ਹੈ। ਤੇ ਹਰਨੇਕ ਦੀ ਕਹਾਣੀ, ਖੂਬ। ਵਰਖਾ ਮੁਬਾਰਕ ਹੋਵੇ ਜੀ।

ਡੇਢ ਸ਼ਤਾਬਦੀ' ਨੂੰ ਸਮਰਪਿਤ ਸਾਹਿਤ ਸਾਮਗਰੀ ਦੀ ਸਮੁੱਚੀ ਚੋਣ ਲਈ ਵਰਿਆਮ ਦਾ ਕੋਈ ਸਾਨੀ ਨਹੀਂ ਹੈ।

*—ਸੰਤ ਸੰਧੂ*
*01821-241064*

## ਸਹਾਇਤਾ

o ਠੇਕੇਦਾਰ ਸੁਖਵਿੰਦਰ ਸਿੰਘ ਜਸਵਾਲ ਮੁਹੱਲ ਜੋੜਾਪੁਲ ਜਲੰਧਰ ਦੇ ਮਾਤਾ ਸਰਦਾਰਨੀ ਸੰਪੂਰਨ ਕੌਰ ਸੁਪਤਨੀ ਸਵਰਗੀ ਠੇਕੇਦਾਰ ਆਸਾ ਸਿੰਘ ਟਪਿਆਲੇ ਵਾਲੇ ਦੀ ਯਾਦ ਵਿਚ ਮਿਤੀ ੨੨ ਜੁਲਾਈ ੨੦੦੭ ਐਤਵਾਰ ਨੂੰ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ, ਲਾਡੋਵਾਲੀ ਰੋਡ, ਜਲੰਧਰ ਵਿਖੇ ਕਰਵਾਏ ਪਾਠ ਦਾ ਭੋਗ ਪਾਇਆ ਗਿਆ। ਸੰਤ ਬਲਬੀਰ ਸਿੰਘ-ਸੰਤ ਸੁਖਦੇਵ ਸਿੰਘ-ਗੁਰਮੀਤ ਸਿੰਘ-ਸੁਰਿੰਦਰ ਸਿੰਘ-ਬਲਵਿੰਦਰ ਸਿੰਘ ਆਦਿਕ ਜੱਥੇ ਨੇ ਰਸਭਿੰਨਾ ਆਸਾ ਦੀ ਵਾਰ ਦਾ ਕੀਰਤਨ ਕੀਤਾ। ਅਰਦਾਸ ਉਪਰੰਤ ਗੁਰੂ ਕੇ ਲੰਗਰ ਦੁਆਰਾ ਸੰਗਤ ਦੀ ਸੇਵਾ ਕੀਤੀ ਗਈ। ਇਸ ਅਵਸਰ ਤੇ ਵਰਿਆਮ ਨੂੰ ੨੫੦/- ਰੁਪਏ ਅਰਪਿਤ ਕੀਤੇ ਗਏ।

o ਕੈਨੇਡਾ ਤੋਂ ਛੱਪਦੇ ਪ੍ਰਸਿਧ ਮਾਸਕ ਪੱਤਰ ਸੀਰਤ ਦੇ ਸੰਪਾਦਕ ਸੁਪਨਦੀਪ ਸੰਧੂ, ਸਪੁੱਤਰ ਡਾ. ਵਰਿਆਮ ਸਿੰਘ ਸੰਧੂ ਨੇ ਵਰਿਆਮ ਨਾਲ ਮੋਹ ਪਿਆਰ ਵਜੋਂ ਇਕ ਹਜ਼ਾਰ ਰੁਪਏ ਭੇਜੇ ਹਨ।

o ਸ. ਮਨਜੀਤ ਸਿੰਘ ਦੂਆ ਹਰਦਿਆਲ ਨਗਰ ਜਲੰਧਰ ਨੇ ਆਪਣੇ ਬਜ਼ੁਰਗਾਂ ਦੀ ਯਾਦ ਵਿਚ ਕਰਾਏ ਦੀਵਾਨ ਸਮਾਗਮ ਸਮੇਂ ਵਰਿਆਮ ਨੂੰ ੨੦੦/- ਰੁਪਏ ਭੇਜੇ ਹਨ।



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Mobile Phone : *S. Charanjit Singh 9810556398*
*S. Satvinder Singh 9811095210*





Namdhari Elibrary NamdhariElibrary@gmail.com






Namdhari Elibrary NamdhariElibrary@gmail.com

# Oster®

REGD. TRADE MARK No. 491651

SHIRTS

CARDIGANS • PULLOVERS

# TITLIS (U.K.)

LUXURY SHAWLS • BLANKETS

BED SHEETS • BED LINEN

TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com

Namdhari Elibrary NamdhariElibrary@gmail.com

Registered No. PB 0016 (2006-2008) Monthly Wariam Ladowali Road, Jalandhar - 144 001
Regd. RNI No. 26453/75
August 2007

Reliable Performance




Consistence Performers, Suited to all market needs with high yield, quality & disease resistant.

NS

NAMDHARI SEEDS PVT. LTD.
Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel. : 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289

Namdhari Elibrary NamdhariElibrary@gmail.com